# ਵਰਿਆਮ

ਤ੯ਵਾਂ ਸਾਲ

ਜੂਨ ੨੦੧੩



ਤੱਤੀ ਤਵੀ ਤੇ ਸ਼ਾਂਤ ਮਈ ਹੋ ਬਹਿ ਗਏ ਨੇ,
ਧੰਨ ਗੁਰ ਅਰਜਨ ਦੇਵ ਜੀ ਦੁਖੜੇ ਸਹਿ ਗਏ ਨੇ

—ਅਸਪਾਲ

25/-

Namdhari Elibrary NamdhariElibrary@gmail.com

P.O. Regd. No. PB/JL-016/2012-2014 **WARIAM** Ladowali Road, Jalandhar -144001
**June 2013**
Regd. RNI No. 26453/75




ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ: 0181-2222543,
Namdhari Elibrary NamdhariElibrary@gmail.com





ਮਹਾਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਰ ਆਸ਼ੇ ਨੂੰ ਜਿਥੇ ਸਤਿਗੁਰੂ ਉਦੇ ਸਿੰਘ ਜੀ ਨੇ ਸਫਲਤਾ ਨਾਲ ਰੂਪਮਾਨ ਕੀਤਾ, ਉਥੇ ਉਹਨਾਂ ਦੀ ਸੰਗੀਤ ਨਿਧੀ ਚੋਂ ਵੀ ਬਹੁਤ ਕੁਝ ਪ੍ਰਾਪਤ ਕੀਤਾ ਅਤੇ ਵਰਤਾਇਆ ਹੈ। ਵਰਿਆਮ ਦੀ ਇਕ ਪੁਰਾਣੀ ਫਾਈਲ ਚੋਂ ਉਹਨਾਂ ਦੀ ਸਾਜ਼ ਦਿਲਰੁਬਾ ਦੇ ਵਾਦਨ ਕਰਦਿਆਂ ਦੀ ਤਸਵੀਰ ਅਸੀਂ ਮੁੜ ਪ੍ਰਕਾਸ਼ਿਤ ਕਰ ਰਹੇ ਹਾਂ। ਸਤਿਗੁਰੂ ਜੀ ਨਾਲ ਤਬਲੇ ਤੇ ਸਾਥ ਦੇ ਰਹੇ ਹਨ ਸ. ਹਰਭਜਨ ਸਿੰਘ ਸੱਗੂ ਢੋਡੇ ਵਾਲੇ ਦਿੱਲੀ (ਅੱਜ ਕਲ ਬਰਮਿੰਘਮ ਇੰਗਲੈਂਡ)। ਤਸਵੀਰ 'ਚ ਹੋਰ ਸ਼ਖਸੀਅਤਾਂ ਹਨ ਸ. ਸੁਖਦੇਵ ਸਿੰਘ ਨਾਮਧਾਰੀ ਤਬਲਾ ਕਲਾਕਾਰ (ਸ਼ਾਗਿਰਦ ਪੰਡਿਤ ਕਿਸ਼ਨ ਮਹਾਰਾਜ ਬਨਾਰਸ, ਅਤੇ ਸ. ਪ੍ਰੀਤਮ ਸਿੰਘ ਜੰਮੂ (ਪ੍ਰਸਿੱਧ ਵਾਇਲਨ ਵਾਦਕ ਰੇਡੀਓ ਕਸ਼ਮੀਰ)। ਤਸਵੀਰ ਵਿਚ ਪ੍ਰਸਿੱਧ ਰਾਗੀ ਬਲਜੀਤ ਸਿੰਘ ਜੀ ਵੀ ਬਾਲ ਅਵਸਥਾ ਵਿਚ ਦਿਸ ਰਹੇ ਹਨ। ਇਹ ਪੁਰਾਣੀ ਤਸਵੀਰ ਸ੍ਰੀ ਭੈਣੀ ਸਾਹਿਬ ਦੇ ਹਰੀ ਮੰਦਿਰ ਵਿਚ ਹੋਏ ਨਾਮਧਾਰੀ ਵਿਦਿਅਕ ਜੱਥੇ ਦੇ ਸੰਗੀਤ ਸੰਮੇਲਨ ਦੀ ਹੈ।

NamdhariElibrary@gmail.com

# ਵਰਿਆਮ

ਜੂਨ -੨੦੧੩

ਜਿਲਦ-੩੮

ਅੰਕ- ੮

ਸੰਪਾਦਕ

ਜਗਦੀਸ਼ ਸਿੰਘ 'ਵਰਿਆਮ'

ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ



| ਦਫਤਰ ਦਾ ਪਤਾ: | Office Address : |
| --- | --- |
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, Jalandhar-144001 |
| ਫੋਨ-:੦੧੮੧- ੨੨੨੨੫੪੩ | Ph.:0181-2222543 (O) |
| ਘਰ : ੦੧੮੧-੨੪੫੬੨੮੯ | 0181-2456289 (R) |


## ਵਰਿਆਮ ਦੇ ਦਰ

| | |
| --- | --- |
| ਇਹ ਅੰਕ | ੨੫-੦੦ |
| ਸਲਾਨਾ ਚੰਦਾ | ੨੫੦-੦੦ |
| ਪੰਜ ਸਾਲ ਲਈ | ੧੦੦੦-੦੦ |
| ਜੀਵਨ ਮੈਂਬਰ | ੨੫੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸੰਪਾਦਕੀ

ਗੁਰ ਅਰਜਨ ਵਿਟਹੁ ਕੁਰਬਾਣੀ ....................२

ਕ੍ਰਿਕਟ ਦੀ ਦੁਨੀਆ ਪੈਸੇ ਦੀ ਦੁਨੀਆ ....................२

ਸ਼ਹੀਦਾਂ ਦੇ ਸਿਰਤਾਜ ਦੀ ਅਮਰ ਕਹਾਣੀ ਏ

—*ਕਰਨੈਲ ਸਿੰਘ ਅਸਪਾਲ* ....................੩

ਪੰਜਾਬੀ ਭਾਸ਼ਾ ਨੂੰ ਵਾਰਤਕ ਲੇਖਕਾਂ ਦੀ ਲੋੜ ਹੈ

—*ਪਿਆਰਾ ਸਿੰਘ ਭੋਗਲ* ....................੪

ਭਾਈ ਮਸਤਾਨ ਸਿੰਘ ਉਰਫ ਰਾਗਾ ਸਿੰਘ

—*ਸੁਵਰਨ ਸਿੰਘ ਵਿਰਕ* ....................੫

ਬਿਖੜੇ ਰਾਹਾਂ ਦਾ ਪੈਂਡਾ

—*ਵਰਿਆਮ ਸਿੰਘ ਸੰਧੂ* ....................੧੩

ਲੰਗੜਾ ਕਤੂਰਾ

—*ਡਾ: ਹਰਸ਼ਿੰਦਰ ਕੌਰ* ....................੧੯

ਗੁਰੂ ਗ੍ਰੰਥ ਗਿਆਨ ਪ੍ਰਚਾਰ ਪੰਜਾਬੀ ਯੂਨੀਵਰਸਿਟੀ ਦੀ ਅਦੁੱਤੀ ਸਕੀਮ —*ਤਰਲੋਚਨ ਸਿੰਘ* ....................੨੧

ਡਾ. ਕੇਵਲ ਸਿੰਘ 'ਪਰਵਾਨਾ' ਦੀਆਂ ਕੁਝ ਰਚਨਾਵਾਂ .....੨੨

ਕਵਿਤਾਵਾਂ

ਸਿਰੀ ਰਾਮ ਅਰਸ਼, ਹਰਭਜਨ ਸਿੰਘ ਕੋਮਲ, ਬਲਬੀਰ ਸਿੰਘ ਢਿੱਲੋਂ, ਨਿਰਮਲ ਸਿੰਘ ਭੰਡਾਲ ....................੨੪

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰਮਤਿ ਅਤੇ ਸ਼ਾਸ਼ਤਰੀ ਸੰਗੀਤ ਨੂੰ ਦੇਣ —*ਗੁਰਬਖਸ਼ ਸਿੰਘ ਮਠਾੜੂ* ....................੨੫

ਸ਼ਹੀਦ ਅਮਰਜੀਤ ਸਿੰਘ ਸੰਧੂ

—*ਜਗੀਰ ਕੌਰ ਸੰਧੂ* ....................੩੧

"ਪੰਜਾਬੀ ਪਾਠਕ ਅਤੇ ਸੁਨਹਿਰੀ ਕਿੰਗਰਿਆਂ ਦਾ ਫ਼ਿਕਰ"

—*ਭੁਪਿੰਦਰ ਉਸਤਾਦ* ....................੩੬

ਬਿਜੜੇ ਦਾ ਆਹਲਣਾ

—*ਲਖਵਿੰਦਰ ਸਿੰਘ ਬਾਜਵਾ* ....................੩੮

ਖ਼ਬਰਨਾਮਾ ....................੪੨



ਈ-ਮੇਲ ਪਤਾ :

jagdishsinghwariam@gmail.com





Namdhari Elibrary NamdhariElibrary@gmail.com

# ਗੁਰ ਅਰਜਨ ਵਿਟਹੁ ਕੁਰਬਾਣੀ

ਅਬਕੁਲ ਕਲਾਮ ਆਜ਼ਾਦ ਨੇ ਸ਼ਹੀਦ ਸਰਮਦ ਦੀ ਜੀਵਨੀ (ਸਵਾਨਿਹ ਸਰਮਦ) ਖੋਜ ਪੱਤਰ ਵਿਚ ਲਿਖਿਆ ਹੈ ਕਿ ਇਸਲਾਮ ਦੇ ਤੇਰਾਂ ਸੌ ਸਾਲ ਦੇ ਇਤਿਹਾਸ ਵਿਚ ਧਾਰਮਿਕ ਮੁਨਸਫਾਂ (ਕਾਜ਼ੀਆਂ) ਦੀ ਕਲਮ, ਮਿਆਨੋਂ ਬਾਹਰ ਕੱਢੀ ਤੇਗ ਵਾਂਗ ਚਲਦੀ ਰਹੀ ਹੈ ਤੇ ਹਜ਼ਾਰਾਂ ਸੱਚ ਦੇ ਪੁਜਾਰੀਆਂ ਤੇ ਹੱਕ ਪ੍ਰਸਤਾਂ ਦੇ ਖੂਨ ਲਈ ਜ਼ਿੰਮੇਵਾਰ ਰਹੀ ਹੈ। ਜਦੋਂ ਵੀ ਬਾਦਸ਼ਾਹ ਦੇ ਸਿਰ ਕਤਲੋਂ ਖੂਨ ਦਾ ਭੂਤ ਸਵਾਰ ਹੁੰਦਾ ਫਿਕ੍ਹਾ ਦੇ ਮਾਹਰ ਦੀ ਕਲਮ ਤੇ ਸ਼ਾਹੀ ਸੈਨਾਪਤੀ ਦੀ ਤਲਵਾਰ ਇਕ ਸਮਾਨ ਚਲਦੀਆਂ ਸਨ।

(ਸਰਮਦ ਪੰਨਾ-੩੧ ਰਾਧਾ ਸੁਆਮੀ ਸਤਿਸੰਗ ਬਿਆਸ)

ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਪੁਰਬ ਇਸੇ ਮਹੀਨੇ ਵਿਚ ਆ ਰਿਹਾ ਹੈ। ਉਨ੍ਹਾਂ ਦੀ ਸ਼ਹਾਦਤ ਦਾ ਇਤਿਹਾਸ, ਪ੍ਰਸੰਗ, ਕਾਰਨ ਅਤੇ ਸਿੱਟਿਆਂ ਬਾਰੇ ਹਰ ਸਾਲ ਮੌਖਿਕ ਅਤੇ ਲਿਖਤੀ ਚਰਚਾ ਲਗਾਤਾਰ ਹੁੰਦੀ ਆ ਰਹੀ ਹੈ। ਜਿਸ ਸਮੇਂ ਇਹ ਸਤਰਾਂ ਲਿਖੀਆਂ ਜਾ ਰਹੀਆਂ ਹਨ ਉਸ ਵੇਲੇ ਸੂਰਜ ਦੀ ਤਪਸ਼, ਕਹਿਰੀ ਗਰਮੀ, ਵਗਦੀ ਲੂ ਇਨਸਾਨ ਨੂੰ ਘਰੋਂ ਬਾਹਰ ਸਿਰ ਕੱਢਣ ਤੇ ਕਲਮਾਂ ਲਿਖਣ ਤੋਂ ਰੋਕ ਰਹੀਆਂ ਹਨ। ਅਜਿਹੇ ਸਮੇਂ ਗੁਰੂ ਜੀ ਦੀ ਸਿਖਰਲੀ ਗਰਮੀ ਵਿਚ ਸਿਖਰਲੇ ਜ਼ੁਲਮ ਦੇ ਰੂਬਰੂ ਸ਼ਹਾਦਤ ਦੀ ਸਿਖਰ ਦਿਲਾਂ ਦੀ ਧੜਕਣ ਜ਼ਬਰਦਸਤ ਤੇਜ਼ ਕਰ ਰਹੀ ਹੈ। ਗੁਰੂ ਜੀ ਦੀ ਅਦੁੱਤੀ ਸ਼ਹਾਦਤ ਦਾ ਕਾਰਨ ਸ਼ਹਿਣਸ਼ਾਹੇ ਹਿੰਦ ਜਹਾਂਗੀਰ ਦਾ ਜਨੂੰਨ ਤੁਅਸਬ ਸੀ, ਦੀਵਾਨ ਚੰਦੂ ਦੀ ਕਿੜ ਸੀ, ਮੁਸਲਿਮ ਪੀਰਾਂ ਦੀ ਰਕਾਬਤ ਸੀ ਜਾਂ ਸਿਆਸੀ ਕਾਰਨ ਸੀ, ਇਹਨਾਂ ਪਹਿਲੂਆਂ ਤੇ ਚਰਚਾ ਹੁੰਦਾ ਹੀ ਰਿਹਾ ਹੈ।

ਜਿਸ ਗੁਰੂ ਸਾਹਿਬ ਨੇ ਉਹ ਗ੍ਰੰਥ ਰਚਿਆ ਹੋਵੇ ਜਿਸ ਵਿਚ ਸਮੇਤ ਮੁਲਸਮਾਨ ਫਕੀਰਾਂ ਦੇ ਸਭ ਧਰਮਾਂ, ਸ਼੍ਰੇਣੀਆਂ ਭੂ-ਖੰਡਾਂ ਅਤੇ ਜ਼ਾਤਾਂ ਦੇ ਉਚ ਪਾਏ ਦੇ ਸਿਆਣਿਆਂ, ਮੁਨੀਆਂ ਭਗਤਾਂ ਮਹਾਂ ਪੁਰਖਾਂ ਦਾ ਕਲਾਮ (ਬਾਣੀ) ਨੂੰ ਉੱਚਾ ਮਰਤਬਾ ਦਿੱਤਾ ਹੋਵੇ, ਜਿਸ ਗੁਰੂ ਦੀ ਸ਼ਹਾਦਤ ਤੇ ਸਾਈਂ ਮੀਆਂ ਮੀਰ ਜਿਹੇ ਭਾਰੀ ਰਸੂਖ ਵਾਲੇ ਸਾਈਂ ਲੋਕ ਨੇ ਸ਼ਕਤੀਸ਼ਾਲੀ ਹਾਅ ਦਾ ਨਾਅਰਾ ਮਾਰਿਆ ਹੋਵੇ ਅਤੇ ਸਾਈਂ ਜੀ ਦੇ ਨਾਲ ਹੀ ਦੀਵਾਨ ਚੰਦੂ ਦੀ ਨੂੰਹ ਵੀ ਗੁਰੂ ਜੀ ਦੀ ਸੇਵਾ ਵਿਚ ਖੜ੍ਹੀ ਹੋਵੇ ਤਾਂ ਇਸ ਸ਼ਹਾਦਤ ਦੇ ਪ੍ਰਸੰਗ ਨੂੰ ਸੌਖਿਆਂ ਸਮਝਣਾ ਔਖਾ ਹੋ ਜਾਂਦਾ ਹੈ।

ਸਾਡੀ ਸੋਚ ਅਨੁਸਾਰ ਗੁਰੂ ਜੀ ਦੇ ਭਾਈ ਸਾਹਿਬ ਬਾਬਾ ਪ੍ਰਿਥੀ ਚੰਦ ਦੀ ਈਰਖਾ ਸਾੜਾ ਅਤੇ ਸਾਜਸ਼ਾਂ ਦਾ ਸਿਲਸਿਲਾ ਵੀ ਵੱਡਾ ਕਾਰਨ ਸੀ, ਜਿਸਦਾ ਝਗੜਾ ਬਾਪ ਨਾਲ ਵੀ ਸੀ ਅਤੇ ਭਰਾ ਨਾਲ ਵੀ। ਗੁਰੂ ਅਰਜਨ ਦੇਵ ਜੀ ਬਾਰੇ ਭਟਾਂ ਨੇ ਉਚਾਰਿਆ ਹੈ ਕਿ ਜਪਿਉ ਜਿਨ ਅਰਜਨ ਦੇਵ ਗੁਰੂ ਫਿਰ ਸੰਕਟ ਜੋਨਿ ਗਰਭ ਨ ਆਯਉ ਉਸ ਗੁਰੂ ਭਰਾ ਅਰਜਨ ਦੇਵ ਜੀ ਨੂੰ ਸੰਕਟ ਦਰ ਸੰਕਟ ਵਿਚ ਪਾਉਣ ਲਈ ਪ੍ਰਿਥੀ ਚੰਦ ਸੋਢੀ ਸਾਰੀ ਉਮਰ ਤਤਪਰ ਰਹੇ। ਜਿਥੇ ਭਰਾ ਭਰਾਵਾਂ ਦੀ ਤਾਕਤ ਬਾਹਵਾਂ ਲਿਖੇ ਗਏ ਹਨ ਉਥੇ ਵੱਡੇ ਅਵਤਾਰੀ ਪੁਰਸ਼ਾਂ ਦੇ ਸੰਕਟਾਂ ਦਾ ਕਾਰਨ ਵੀ ਰਹੇ ਹਨ।

ਪਰ ਗੁਰੂ ਅਰਜਨ ਦੇਵ ਜੀ ਦੀ ਨਿਰਮਾਨਤਾ, ਅਪਰੰਮਪਾਰ ਗਿਆਨ ਅਤੇ ਗੁਰੂ ਕ੍ਰਿਪਾ ਨੇ ਸਾਰੇ ਸੰਕਟਾਂ ਨੂੰ ਕਟਿਆ ਤੇ ਭਾਰਤ ਦੇ ਇਤਿਹਾਸ ਨੂੰ ਹੀ ਨਹੀਂ ਮਾਨਵਤਾ ਦੇ ਇਤਿਹਾਸ ਨੂੰ ਵੀ ਅਜਿਹਾ ਮੋੜਾ ਦਿੱਤਾ। ਅਤੇ ਅਜ ਭਾਈ ਨੰਦ ਲਾਲ ਦੇ ਕਥਨ ਅਨੁਸਾਰ ਦੋ ਜਹਾਨ ਕੀ? ਲਖਾਂ ਜਹਾਨ ਉਸ ਦੇ ਸੇਵਾਦਾਰ ਹਨ ਅਤੇ ਸਾਰੇ ਹੀ ਉਨ੍ਹਾਂ ਦੀਆਂ ਬਖਸ਼ਿਸ਼ਾਂ ਦਾ ਰਸ ਮਾਣ ਰਹੇ ਹਨ।

ਲੋਕ ਮਨਾਂ ਵਿਚੋਂ ਭਾਈ ਗੁਰਦਾਸ ਦੇ ਸ਼ਬਦਾਂ ਵਿਚ ਨਿਤ ਆਵਾਜ਼ ਆ ਰਹੀ ਹੈ।

"ਗੁਰ ਅਰਜਨ ਵਿਟਹੁ ਕੁਰਬਾਣੀ"

# ਕ੍ਰਿਕਟ ਦੀ ਦੁਨੀਆ ਪੈਸੇ ਦੀ ਦੁਨੀਆ

ਇਕ ਦੁਨੀਆ ਹੈ ਅਕਾਲ ਪੁਰਖ ਦੀ ਸਾਜੀ ਦੁਨੀਆ। ਅਗੋਂ ਮਨੁੱਖ ਦੀਆਂ ਬਣਾਈਆਂ ਦੁਨੀਆ ਅਨੰਤ ਹਨ। ਮੇਰੀ ਦੁਨੀਆ ਤੇਰੀ ਦੁਨੀਆ, ਫਿਲਮੀ ਦੁਨੀਆ, ਟੈਲੀਵੀਯਨ ਅਤੇ ਸਿਨਮੇ ਦੀ ਦੁਨੀਆ। ਇਸੇ ਤਰ੍ਹਾਂ ਹੀ ਬਹੁਤ ਜ਼ੋਰ ਸ਼ੋਰ ਨਾਲ ਉਭਰੀ ਕ੍ਰਿਕਟ ਦੀ ਦੁਨੀਆ ਹੈ। ਮਹੀਨੇ ਤੋਂ ਉਪਰ ਹੋ ਚੁੱਕਾ ਹੈ ਇਸ ਕ੍ਰਿਕਟ ਦੀ ਦੁਨੀਆ ਦਾ ਬਹੁਤ ਰੌਲਾ ਹੈ। ਦਰਅਸਲ ਕ੍ਰਿਕਟ, ਟੈਲੀਵੀਯਨ ਅਤੇ ਸਿਨਮੇ ਦੀ ਦੁਨੀਆ ਨੇ ਸਾਂਝਾ ਫਰੰਟ ਬਣਾ ਰਖਿਆ ਹੈ। ਜਿਸਨੂੰ ਪੈਸੇ ਦੀ ਦੁਨੀਆ ਕਿਹਾ ਜਾਵੇ ਤਾਂ ਨਾਮ ਢੁਕਵਾਂ ਹੀ ਹੈ।

ਕ੍ਰਿਕਟ ਦੀ ਖੇਡ ਵਿਚ ਕੁਝ ਦਿਲਚਸਪ ਖੂਬੀਆਂ ਹਨ। ਜਿਵੇਂ ਹਰ ਗੇਂਦ ਤੇ ਇਕ ਖਿਡਾਰੀ ਆਊਟ ਹੋਣ ਦੀ ਸੰਭਾਵਨਾ ਹੈ ਅਤੇ ਹਰ ਗੇਂਦ ਤੇ ਛੱਕਾ ਲੱਗਣਾ ਵੀ ਸੰਭਵ ਹੈ। ਇਹ ਆਊਟ ਹੋਣ ਤੇ ਚੌਕਾ ਛੱਕਾ ਲਗਣਾ ਹੀ ਲੋਕਾਂ ਵਿਚ ਇਸ ਖੇਡ ਬਾਰੇ ਭਾਰੀ ਦਿਲਚਸਪੀ ਪੈਦਾ ਕਰਦਾ ਹੈ। ਭਾਰਤ ਵਿਚ ਲੋਕਾਂ ਦੀ ਗਿਣਤੀ ਪੱਖੋਂ ਪਰਮਾਤਮਾ ਦੀ ਖਾਸੀ ਕਿਰਪਾ ਹੈ ਤੇ ਜੇ ਲੋਕਾਂ ਵਿਚ ਇਹ ਖੇਡ ਪਿਆਰੀ ਹੋ ਜਾਵੇ ਤਾਂ ਪ੍ਰਬੰਧਕਾਂ ਦੇ ਵਾਰੇ ਨਿਆਰੇ ਹੀ ਹਨ। ਭਾਰਤ ਦੀ ਗਰੀਬ ਜਨਤਾ ਵਿਚੋਂ ਅਮੀਰ ਕਮਾਈ ਕਰਨ ਵਾਸਤੇ ਕ੍ਰਿਕਟ ਦੇ ਪ੍ਰਬੰਧਕ ਲਾਕੜੀਆਂ, ਫਿਲਮਾਂ

Namdhari Elibrary NamdhariElibrary@gmail.com

ਵਾਲਿਆਂ ਦਾ ਟੈਲੀਵਿਯਨ ਚੈਨਲਾਂ ਨੇ ਇਕ ਜੁੱਟ ਹੋ ਕੇ ਲੋਕਾਂ ਦੇ ਮਸਲਿਆਂ ਤੋਂ ਧਿਆਨ ਲਾਂਭੇ ਕਰ ਕੇ ਕ੍ਰਿਕਟ ਦੇ ਚੌਕਿਆਂ ਛੱਕਿਆਂ ਅਤੇ ਵਿਕਟਾਂ ਵਲ ਕੇਂਦਰਤ ਕਰ ਦਿੱਤਾ ਹੈ। ਭਾਰਤ ਵਿਚ ਚਲ ਰਹੇ ਆਈ.ਪੀ.ਐਲ. ਮੈਚਾਂ ਨੇ ਨਵਾਂ ਸੰਸਾਰ ਸਿਰਜ ਦਿੱਤਾ ਹੈ। ਕਰੋੜਾਂ ਦੀ ਬੋਲੀ ਨਾਲ ਵੱਖ-ਵੱਖ ਦੇਸ਼ਾਂ ਦੇ ਖਿਲਾੜੀ ਵੱਖ-ਵੱਖ ਟੀਮਾਂ ਜਾਂ ਲੋਕ ਖਰੀਦਦੇ ਹਨ। ਪੁਰਾਣੇ ਦੋਸਤ ਵੱਖ-ਵੱਖ ਟੀਮਾਂ ਵਿਚ ਵੀ ਹਨ ਅਤੇ ਪੁਰਾਣੇ ਦੁਸ਼ਮਣ ਇਕੋ ਟੀਮ ਵਿਚ ਵੀ ਹਨ। ਟੀਮ ਭਾਵੇਂ ਪੰਜਾਬ ਦੀ ਹੋਵੇ ਮਹਾਂਰਾਸ਼ਟਰ ਦੀ ਜਾਂ ਰਾਜਸਥਾਨ ਦੀ, ਇਸ ਵਿਚ ਅਸਟਰੇਲੀਆ, ਸਾਊਥ ਅਫਰੀਕਾ, ਵੈਸਟ ਇੰਡੀਆ ਆਦਿਕ ਬਦੇਸ਼ਾਂ ਦੇ ਖਿਡਾਰੀ ਵੀ ਖੇਡ ਰਹੇ ਹੁੰਦੇ ਹਨ। ਇਹਨਾਂ ਖਿਡਾਰੀਆਂ ਨੇ ਕਰੋੜਾਂ ਰੁਪਏ ਫੀਸਾਂ ਪਹਿਲਾਂ ਲੈ ਲਈਆਂ ਹਨ। ਇਹਨਾਂ ਮੈਚਾਂ ਵਿਚ ਹਰ ਚੌਕੇ ਛੱਕੇ ਅਤੇ ਖਾਸ ਗੱਲ ਦੇ ਨਾਲ ਹੀ ਅਧ ਕੱਜੀਆ ਨੌਜੁਆਨ ਕੁੜੀਆਂ, ਦੇਸੀ ਅਤੇ ਵਿਦੇਸ਼ੀ ਨਾਚ ਕਰਦੀਆਂ ਹਨ ਅਤੇ ਕਾਮੁਕ ਇਸ਼ਾਰੇ ਕਰਦੀਆਂ ਹਨ।

ਚੁਸਤ ਚਲਾਕ ਫਿਰਕੇਬਾਜ਼ ਟਿਪਣੀਕਾਰਾਂ ਦੀ ਚਾਂਦੀ ਹੈ—

ਹੁਣ ਇਸ ਆਈ.ਪੀ.ਐਲ. ਨਾਲ ਇਕ ਹੋਰ ਮੁੱਦਾ ਜੁੜ ਗਿਆ ਹੈ। ਮੈਚ ਫਿਕਸਿੰਗ ਅਤੇ ਸਪਾਟ ਫਿਕਸਿੰਗ ਦਾ। ਭਾਵ ਇਹਨਾਂ ਮੈਚਾਂ ਵਿਚ ਕਰੋੜਾਂ ਅਰਬਾਂ ਰੁਪਿਆਂ ਦਾ ਸੱਟਾ (ਸ਼ਰਤਾਂ) ਲਾਉਣ ਵਾਲਿਆਂ ਪ੍ਰਬੰਧਕਾਂ ਦੇ ਇਸ਼ਾਰਿਆਂ ਉਤੇ ਉਹਨਾਂ ਦੀ ਮਰਜ਼ੀ ਅਨੁਸਾਰ ਖੇਡ ਕੇ ਉਹਨਾਂ ਦਾ ਮਨ ਚਾਹਿਆ ਸਿੱਟਾ ਕੱਢਣਾ।

ਪੁਲੀਸ ਪਿਛੇ ਲੱਗੀ ਹੋਈ ਹੈ। ਗ੍ਰਿਫਤਾਰੀਆਂ ਵੀ ਹੋ ਰਹੀਆਂ ਹਨ ਅਤੇ ਗਰਮਾਂ ਗਰਮ ਖ਼ਬਰਾਂ ਵੀ ਛੱਪ ਰਹੀਆਂ ਹਨ।

ਇਹ ਸਾਰਾ ਤਮਾਸ਼ਾ ਬੰਦ ਕਰਨ ਦੀਆਂ ਕੋਰਟ ਨੂੰ ਬੇਨਤੀਆਂ ਵੀ ਚਲ ਰਹੀਆਂ ਹਨ।

ਜਦੋਂ ਸਾਰਾ ਖੇਲ ਤਮਾਸ਼ਾ ਹੀ ਰੁਪਈਏ ਵਾਸਤੇ ਹੈ ਤਾਂ ਰੁਪਈਏ ਦੇ ਜਾਇਜ਼ ਨਜਾਇਜ਼ ਦੀ ਲੀਕ ਤਾਂ ਮਿਟ ਜਾਂਦੀ ਹੈ, ਕੌਣ ਦੇਸ਼ ਲਈ ਜਾਂ ਈਮਾਨ ਲਈ ਖੇਡ ਰਿਹਾ ਹੈ। ਸਭ ਐਸ਼ ਹੀ ਐਸ਼, ਪੈਸਾ, ਸ਼ੁਹਰਤ, ਸ਼ਰਾਬ ਦੀਆਂ ਦੇਰ ਰਾਤ ਦੀਆਂ ਪਾਰਟੀਆਂ, ਚੀਅਰ ਗਰਲਜ਼ ਤੇ ਹੋਰ ਬਹੁਤ ਕੁਸ਼ ਤੇ ਜਦੋਂ ਇਸ ਦੁਨੀਆਂ ਵਿਚ ਏਨੇ ਸੰਸਾਰ ਸ਼ਾਮਲ ਹੋਣ ਤਾਂ ਪੁਲੀਸ ਦੀ ਦੁਨੀਆ ਦਾ ਵੀ ਆ ਹਾਜ਼ਰ ਹੋਣਾ ਕੋਈ ਅਚੰਭਾ ਨਹੀਂ। ਉਂਜ ਬਾਬੇ ਦੇ ਸ਼ਬਦਾਂ ਵਿਚ ਜੋ ਭਾਂਡੇ ਵਿਚ ਚੀਜ਼ ਪਾਈ ਜਾਵੇ ਉਹ ਹੀ ਤਾਂ ਨਿਕਲਣੀ ਹੈ।

ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ<br>
ਕਿਆ ਕੋਈ ਕਰੇ ਵੇਚਾਰਾ..

—ਜਗਦੀਸ਼ ਸਿੰਘ ਵਰਿਆਮ

---

# ਸ਼ਹੀਦਾਂ ਦੇ ਸਿਰਤਾਜ ਦੀ ਅਮਰ ਕਹਾਣੀ ਏ

## ਰੁਬਾਈ

ਸੜਦੀ, ਬਲਦੀ ਬੁਜਦੀ ਰੇਤਾ ਕਿਉਂ ਮੁਖੜੇ ਤੇ ਪੈਂਦੀ?<br>
ਤੱਤੀ ਵਾਅ ਤੇ ਧੁੱਪ ਵੀ ਤੱਤੀ ਗੁਰਾਂ ਦੇ ਤਨ ਨੂੰ ਖੈਂਹਦੀ,<br>
ਕਿਸੇ ਚੁਆਤੀ ਲਾਈ ਤਾਂ ਹੀ ਐਨਾ ਭਾਂਬੜ ਬਲਿਆ,<br>
ਪੰਜਵੇਂ ਗੁਰਾਂ ਸ਼ਹਾਦਤ ਦਿੱਤੀ, ਕਲਮ ਇਹ ਰੋ ਰੋ ਕਹਿੰਦੀ,

## ਗੀਤ

ਤੱਤੀ ਤਵੀ ਤੇ ਸ਼ਾਂਤ ਮਈ ਹੋ ਬਹਿ ਗਏ ਨੇ,<br>
ਧੰਨ ਗੁਰ ਅਰਜਨ ਦੇਵ ਜੀ ਦੁਖੜੇ ਸਹਿ ਗਏ ਨੇ,

ਉਸਦਾ ਕੀਆ ਮੀਠਾ ਕਰਕੇ ਮਨਦੇ ਨੇ,<br>
ਹਰਿਨਾਮ ਪਦਾਰਥ ਮਾਲਿਕ ਕੋਲੋ ਮੰਗਦੇ ਨੇ,<br>
ਭਾਣਾ ਮਨਣੇ ਦਾ ਉਪਦੇਸ਼ ਉਹ ਕਹਿ ਗਏ ਨੇ,<br>
-ਧੰਨ ਗੁਰੂ ਅਰਜਨ...........<br>
ਘੱਟ ਨ ਕਰਦਾ ਜਾਬਰ ਜ਼ੁਲਮ ਕਮਾਉਂਦਾ ਏ,<br>
ਸੜਦੀ ਰੇਤਾ ਸਤਿਗੁਰਾਂ ਉਤੇ ਪਾਉਂਦਾ ਏ,<br>
ਚੰਦੂਏ ਵਰਗੇ ਫਿਟਕਾਂ ਜਗ ਤੋਂ ਲੈ ਗਏ ਨੇ,<br>
ਧੰਨ ਗੁਰ ਅਰਜਨ...........

ਜਹਾਂਗੀਰ, ਤੇ ਪ੍ਰਿਥੀਏ ਵਰਗੇ ਹਲਕ ਗਏ,<br>
ਗਿਰਗਟ ਵਾਂਗਰ ਆਪਣੇ ਚੇਹਰੇ ਪਲਟ ਗਏ,<br>
ਇਹ ਕਹਿਰ ਵੇਖ ਕੇ ਪਸ਼ੂ ਪੰਛੀ ਵੀ ਤ੍ਰਹਿ ਗਏ ਨੇ,<br>
ਧੰਨ ਗੁਰ ਅਰਜਨ ...........

ਮੀਆਂ ਮੀਰ ਨੇ ਆਖਿਆ, ਚਣੇ ਚਬਾ ਦਿਆਂ ਮੈ,<br>
ਕਹੋ ਤਾਂ ਦਿੱਲੀ ਲਹੋਰ ਦੀ ਇੱਟ ਖੜਕਾ ਦਿਆਂ ਮੈ,<br>
ਕਰਾਮਾਤ ਹੈ ਕਹਿਰ ਗੁਰੂ ਜੀ ਕਹਿ ਗਏ ਨੇ,<br>
ਧੰਨ ਗੁਰ ਅਰਜਨ............

ਧੰਨ ਗੁਰੂ ਅਰਜਨ ਦੇਵ ਤੇ ਧੰਨ ਕੁਰਬਾਨੀ ਏ,<br>
ਸ਼ਹੀਦਾਂ ਦੇ ਸਿਰਤਾਜ ਦੀ ਅਮਰ ਕਹਾਣੀ ਏ,<br>
ਸਿਖੀ ਦੇ ਸਿਰਮਾਏ ਜੱਗ ਤੇ ਰਹਿ ਗਏ ਨੇ-<br>
ਧੰਨ ਗੁਰ ਅਰਜਨ............



ਕਰਨੈਲ ਸਿੰਘ ਅਸਪਾਲ

# ਪੰਜਾਬੀ ਭਾਸ਼ਾ ਨੂੰ ਵਾਰਤਕ ਲੇਖਕਾਂ ਦੀ ਲੋੜ ਹੈ



ਪਿਆਰਾ ਸਿੰਘ ਭੋਗਲ

ਡਾ. ਆਸਾ ਸਿੰਘ ਘੁੰਮਣ ਦੀਆਂ ਹੁਣੇ ਹੁਣੇ ਦੋ ਪੁਸਤਕਾਂ ਪੜ੍ਹਨ ਦਾ ਮੌਕਾ ਮਿਲਿਆ। ਪੁਸਤਕਾਂ ਦੇ ਨਾਮ ਹਨ- ੧) ਵਿਸ਼ਵ-ਇਤਿਹਾਸ ਦੀਆਂ ੫੦ ਮਹਾਨਤਮ ਸ਼ਖਸੀਅਤਾਂ, ੨) ਪੰਜਾਬ ਦੀਆਂ ਰੁੱਤਾਂ।

ਪਹਿਲੀ ਪੁਸਤਕ ਵਿਚ ਸ਼ਾਮਲ ੫੦ ਵਿਅਕਤੀਆਂ ਵਿਚ ਭਾਰੀ ਬਹੁਗਿਣਤੀ ਪੱਛਮੀ ਦੇਸ਼ਾਂ ਨਾਲ ਸੰਬੰਧਤ ਹੈ। ਭਾਰਤ ਵਿਚੋਂ ਇਕੱਲਾ ਮਹਾਤਮਾ ਬੁੱਧ ਤੇ ਚੀਨ ਵਿਚੋਂ ਕਨਫੀਊਸ਼ੀਅਸ ਸਮੇਤ ਤਿੰਨ ਵਿਅਕਤੀ ਸ਼ਾਮਲ ਕੀਤੇ ਗਏ ਹਨ। ਤਾਂ ਵੀ ਇਹ ਪੁਸਤਕ ਗਿਆਨ ਦਾ ਭੰਡਾਰ ਹੈ। ਇਸਦੀ ਪੜ੍ਹਤ ਨਵਾਂ ਜਾਨਣ ਤੇ ਹੋਰ ਜਾਨਣ ਦੀ ਭੁੱਖ ਜਗਾਉਂਦੀ ਹੈ। ਜਦੋਂ ਅਸੀਂ ਪੁਸਤਕ ਵਿਚ ਪਲੈਟੋ ਤੇ ਅਰੱਸਤੂ ਪੜ੍ਹਦੇ ਹਾਂ ਤਾਂ ਸਾਡਾ ਧਿਆਨ ਢਾਈ ਹਜ਼ਾਰ ਸਾਲ ਤੋਂ ਵੱਧ ਪੁਰਾਣੀ ਯੂਨਾਨੀ ਸਭਿਅਤਾ ਵਲ ਜਾਂਦਾ ਹੈ। ਯੂਨਾਨ ਵਿਚ ਈਸਾ ਤੋਂ ਅੱਠ ਸੌ ਸਾਲ ਪਹਿਲਾਂ ਨੇਤਰ-ਹੀਣ ਕਵੀ ਹੋਮਰ ਨੇ ਦੋ ਮਹਾਂ ਕਾਵਿ ਲਿਖੇ— ੳ) ਇਲੀਅਡ, ਅ) ਓਡਿਸੀ। ਭਾਰਤ ਦੇ "ਮਹਾਂਭਾਰਤ" ਵਾਂਗ ਇਹ ਦੋਵੇਂ ਕਿਤਾਬਾਂ ਪਿਛੋਂ ਲਿਖੇ ਜਾਂਦੇ ਰਹੇ ਪੱਛਮੀ ਸਾਹਿਤ ਦੇ ਸ੍ਰੋਤ-ਗ੍ਰੰਥ ਬਣ ਗਏ। ਯੂਨਾਨੀ ਸਭਿਅਤਾ ਦੀ ਸ਼ਾਨ ਚਮਕਾਈ, ਤਿੰਨ ਫਿਲਾਸਫਰਾਂ-ਸੁਕਰਾਤ, ਪਲੈਟੋ ਤੇ ਅਰੱਸਤੂ ਨੇ, ਜੋ ਹੋਮਰ ਤੋਂ ਬਾਅਦ ਹੋਏ।

ਯੂਨਾਨ ਤਾਂ ਈਸਵੀ ਸੰਨ ਸ਼ੁਰੂ ਹੋਣ ਤੋਂ ਬਾਅਦ, ਅਗਲੇ ਡੇਢ ਹਜ਼ਾਰ ਸਾਲ ਲਈ ਲਗਭਗ ਗੁੰਮਨਾਮ ਹੋ ਗਿਆ। ਪੂਰਾ ਯੂਰਪ ਵੀ ੧੪੫੦ ਈ. ਤੱਕ ਅੰਧੇਰੇ ਵਿਚ ਗੁਆਚਾ ਰਿਹਾ। ਪਰ ਜਦੋਂ ੧੪੫੦ ਤੋਂ ਬਾਅਦ, ਯੂਰਪ ਵਿਚ ਪੁਨਰ-ਜਾਗ੍ਰਤੀ ਸ਼ੁਰੂ ਹੋਈ, ਤਾਂ ਯੂਰਪ, ਏਸ਼ੀਆ ਤੋਂ ਅੱਗੇ ਨਿਕਲ ਗਿਆ। ਇਸ ਜਾਗ੍ਰਤੀ ਦੀ ਬੁਨਿਆਦ ਵੀ ਪਲੈਟੋ ਤੇ ਅਰੱਸਤੂ ਦੇ ਗ੍ਰੰਥ ਬਣੇ, ਜੋ ਸੋਲ੍ਹਵੀਂ-ਸਤਾਰ੍ਹਵੀਂ ਸਦੀਆਂ ਵਿਚ ਪਹਿਲਾਂ ਇਟਲੀ ਦੀ ਭਾਸ਼ਾ ਲੈਟਿਨ ਵਿਚ, ਫੇਰ ਫਰਾਂਸੀਸੀ, ਜਰਮਨ ਤੇ ਅੰਗਰੇਜ਼ੀ ਵਿਚ ਅਨੁਵਾਦ ਹੋਏ।

ਇਸ ਜਾਗ੍ਰਤੀ ਦੇ ਜਲੌਅ ਵਿਚ ਤਿੰਨ ਖੋਜੀ ਉਭਰੇ, ਜਿਨ੍ਹਾਂ ਨੇ ਅਸਮਾਨ ਵਿਚ ਨਜ਼ਰ ਆਉਂਦੇ ਸੂਰਜ, ਚੰਦ ਤੇ ਤਾਰਿਆਂ ਦਾ ਅਧਿਐਨ ਕੀਤਾ। ਹੁਣ ਤੱਕ ਬਾਈਬਲ ਵਿਚ ਲਿਖਿਆ ਕਥਨ ਕਿ ਸੂਰਜ ਧਰਤੀ ਦੇ ਗਿਰਦ ਚੱਕਰ ਕੱਟਦਾ ਹੈ, ਸੱਚ ਮੰਨਿਆ ਜਾਂਦਾ ਸੀ, ਪਰ ਖੋਜੀ ਬਰੂਨੋ ਨੇ ਕਿਹਾ, ਧਰਤੀ ਸੂਰਜ ਦੇ ਦੁਆਲੇ ਚੱਕਰ ਕੱਟਦੀ ਹੈ। ਸੁਣ ਕੇ ਬਾਈਬਲ ਦੇ ਅੰਧ-ਵਿਸ਼ਵਾਸੀ ਸ਼ਰਧਾਲੂ ਭੜਕ ਪਏ। ਬਰੂਨੋ ਨੂੰ ਮੌਤ ਦੀ ਸਜ਼ਾ ਮਿਲੀ। ਪਿਛੋਂ ਕੋਪਰਨੀਕਸ ਅਤੇ ਗਲੀਲੀਓ ਨੇ ਇਹ ਨਵੀਂ ਗੱਲ ਮੰਨਵਾ ਲਈ ਕਿਉਂਕਿ ਦੂਰਬੀਨਾਂ ਬਣ ਗਈਆਂ ਸਨ।

ਜਰਮਨੀ ਦੇ ਪਾਦਰੀ ਮਾਰਟਿਨ ਲੂਥਰ ਨੇ ਈਸਾਈ ਧਰਮ ਦੀ ਅਸਲ ਸਿੱਖਿਆ ਉਤੇ ਜ਼ੋਰ ਦਿੰਦਿਆਂ, ਪਾਦਰੀਆਂ ਦੇ ਪਾਖੰਡਾਂ ਦਾ ਅਜਿਹਾ ਪਾਜ ਉਘੇੜਿਆ ਕਿ ਕੈਥੋਲਿਕ ਈਸਾਈ ਧਰਮ ਦੇ ਟਾਕਰੇ ਉੱਤੇ ਪ੍ਰੋਟੈਸਟੈਂਟ ਈਸਾਈ ਧਰਮ ਪੈਦਾ ਹੋ ਗਿਆ। ਤਾਂ ਵੀ ਕੈਥੋਲਿਕਾਂ ਨੇ ਪ੍ਰੋਟੈਸਟੈਂਟਾਂ ਨੂੰ ਏਨਾ ਤੰਗ ਕੀਤਾ ਕਿ ਉਹ ਇੰਗਲੈਂਡ ਅਤੇ ਯੂਰਪ ਛੱਡ ਕੇ ਨਵੇਂ ਲੱਭੇ ਅਮਰੀਕਾ (ਯੂ.ਐਸ.ਏ.) ਚਲੇ ਗਏ, ਤੇ "ਨਵੀਂ ਦੁਨੀਆ" ਵਸਾ ਲਈ।

ਇਨ੍ਹਾਂ ਪੰਜਾਹ ਸ਼ਖਸੀਅਤਾਂ ਵਿਚ ਖੋਜੀ, ਫਿਲਾਸਫਰ ਤੇ ਮਾਨਵਵਾਦੀ ਚਿੰਤਕ ਪਾਠਕ ਦਾ ਧਿਆਨ ਜ਼ਿਆਦਾ ਖਿਚਦੇ ਹਨ, ਕਿਉਂਕਿ ਉਨ੍ਹਾਂ ਨੇ ਨਵੀਂ ਸੱਭਿਅਤਾ ਦੀ ਬੁਨਿਆਦ ਰੱਖੀ, ਤੇ ਇਨਸਾਨੀ ਜ਼ਿੰਦਗੀ ਪਹਿਲਾਂ ਨਾਲੋਂ ਵੱਧ ਸੁਖਾਲੀ ਬਣਾਈ।

ਨਵੀਆਂ ਕਾਢਾਂ ਵਿਚੋਂ ਪ੍ਰਿੰਟਿੰਗ-ਪ੍ਰੈੱਸ ਦੀ ਕਾਢ ਨਾਲ ਪੁਸਤਕਾਂ ਤੇ ਅਖ਼ਬਾਰ ਛਪਣ ਲੱਗ ਪਏ ਜਿਸ ਨਾਲ ਮਨੁੱਖਤਾ ਤੇਜ਼ੀ ਨਾਲ ਅੱਗੇ ਵਧੀ। ਸਮੁੰਦਰ ਅਤੇ ਅਣਦੇਖੀਆਂ ਧਰਤੀਆਂ ਗਾਹੀਆਂ ਗਈਆਂ। ਪਹਿਲਾਂ ਵਪਾਰ ਵਧਿਆ। ਫੇਰ ਉਦਯੋਗ। ਵਪਾਰੀਆਂ ਤੇ ਉਦਯੋਗਪਤੀਆਂ ਨੇ ਕਿਰਸਾਣੀ-ਜਾਗੀਰਦਾਰੀ ਸਮਾਜ ਦੀ ਥਾਂ ਪੂੰਜੀਵਾਦ ਦੀ ਬੁਨਿਆਦ ਰੱਖੀ। ਪੂੰਜੀਪਤੀਆਂ ਨੇ ਰਾਜਿਆਂ ਦੇ ਅਧਿਕਾਰ ਖੋਹ ਕੇ ਪਾਰਲੀਮੈਂਟਾਂ ਨੂੰ ਦੁਆਏ। ਲੋਕਤੰਤਰ ਸਥਾਪਤ ਹੋਇਆ। ੫ ਜੂਨ ੧੭੨੩ ਈ. ਨੂੰ ਜਨਮੇ ਐਡਮ ਸਮਿੱਥ ਨੇ ਪੂੰਜੀਵਾਦੀ ਅਰਥ-ਵਿਵਸਥਾ ਦੇ ਸਿਧਾਂਤ ਪੇਸ਼ ਕੀਤੇ। ਜਾਨ ਸੁਟਅਰਟ ਮਿਲ (ਜਨਮ ੧੮੦੬) ਅਤੇ ਜਾਨ ਲਾਕ ਨੇ ਨਵੇਂ ਲੋਕਤੰਤਰੀ ਸਮਾਜ ਵਿਚ ਮਨੁੱਖ ਦੇ ਮੂਲ ਅਧਿਕਾਰਾਂ ਦੀ ਵਕਾਲਤ ਕੀਤੀ। ਜੇਮਜ਼ਵਾਟ ਨੇ ਭਾਫ ਵਾਲਾ ਇੰਜਣ ਈਜਾਦ ਕੀਤਾ, ਤੇ ਅਮਰੀਕਨ ਵਿਗਿਆਨੀ ਐਡੀਸਨ ਨੇ ਬਿਜਲੀ ਦੇ ਬਲਬ ਸਮੇਤ ਸੈਂਕੜੇ ਕਾਢਾਂ ਕੱਢੀਆਂ।

ਸੁਭਾਵਕ ਹੀ ਆਸਾ ਸਿੰਘ ਘੁੰਮਣ ਦੀ ਪੁਸਤਕ ਪੰਜਾਹ ਸ਼ਖਸੀਅਤਾਂ ਬਾਰੇ ਸੂਚਨਾ ਦਿੰਦੀ ਆਧੁਨਿਕ ਸੰਸਾਰ ਦੀ ਤਰੱਕੀ ਤੇ ਬਰਕਤਾਂ ਦਾ ਪਰਿਚੈ ਦਿੰਦੀ ਹੈ। ਉਨ੍ਹਾਂ ਦੀ ਦੂਜੀ ਪੁਸਤਕ "ਪੰਜਾਬ ਦੀਆਂ ਰੁੱਤਾਂ" ਵੀ ਗਿਆਨ ਭਰਪੂਰ ਹੈ। ਪਰ ਇਨ੍ਹਾਂ ਦੋਵਾਂ ਪੁਸਤਕਾਂ ਦਾ ਅਧਿਐਨ ਸਾਡੇ ਮਨ ਵਿਚ ਕਈ ਸਵਾਲ ਛੇੜਦਾ ਹੈ।

ਘੁੰਮਣ ਸਾਹਿਬ ਆਪਣੇ ਲਿਖਣ-ਕਾਰਜ ਨੂੰ ਵਧੇਰੇ ਸ਼ੌਕ ਅਤੇ ਗੰਭੀਰਤਾ ਨਾਲ ਕਿਉਂ ਨਹੀਂ ਲੈ ਰਹੇ? ਸਾਰੀ ਉਮਰ ਅੰਗਰੇਜ਼ੀ ਸਾਹਿਤ ਪੜ੍ਹਾਉਂਦਿਆਂ ਉਨ੍ਹਾਂ ਅੰਦਰ ਸਾਹਿਤ-ਸੁਹਜ ਜਾਗਣਾ ਚਾਹੀਦਾ ਸੀ। ਉਹ ਲੇਖਕ ਬਣਨ ਦੇ ਰਾਹ ਕਿਉਂ ਨਹੀਂ ਤੁਰੇ?

ਪੰਜਾਬੀ ਵਿਚ ਗੰਭੀਰ ਤੇ ਸੁਹਜ-ਭਰਪੂਰ ਵਾਰਤਕ ਦੀ ਬਹੁਤ ਘਾਟ ਹੈ। ਵੀਹਵੀਂ ਸਦੀ ਵਿਗਿਆਨ ਦਾ ਯੁੱਗ ਸੀ। ਇਸ ਯੁੱਗ ਨੂੰ ਵਾਰਤਕ ਦਾ ਯੁੱਗ ਵੀ ਕਿਹਾ ਜਾਂਦਾ ਸੀ। ਪੰਜਾਬੀ ਵਿਚ, ਪਿਛਲੀਆਂ ਨੌਂ ਸਦੀਆਂ ਦੇ ਮੁਕਾਬਲੇ ਵਿਚ, ਵੀਹਵੀ ਸਦੀ ਵਿਚ ਵਾਰਤਕ ਲਿਖੀ ਵੀ ਬਹੁਤ ਗਈ। ਪਰ ਗਿਣਤੀ ਵਿਚ ਏਨੇ ਵਾਰਤਕ-ਲੇਖਕ ਨਹੀਂ ਉਭਰੇ, ਜਿੰਨੇ ਕਵੀ ਤੇ ਕਹਾਣੀਕਾਰ ਉਭਰੇ।

ਪਿਛਲੇ ਵੀਹ ਸਾਲਾਂ ਤੋਂ ਪੰਜਾਬੀ ਵਾਰਤਕ ਦਾ ਪਿੜ ਖਾਲੀ ਪਿਆ ਹੈ। ਆਸਾ ਸਿੰਘ ਘੁੰਮਣ ਹੁਣ ਰਿਟਾਇਰ ਹੋ ਚੁੱਕੇ ਹਨ। ਉਨ੍ਹਾਂ ਨੂੰ ਵਾਰਤਕ-ਲੇਖਣ ਨੂੰ ਲਗਨ ਨਾਲ ਅਪਣਾਉਣਾ ਚਾਹੀਦਾ ਹੈ।

ਮੋਬ-੯੮੭੨੦-੪੨੬੧੧

Namdhari Elibrary NamdhariElibrary@gmail.com

# ਗੁਰੂ ਹਰੀ ਸਿੰਘ ਜੀ ਦਾ ਗੜਵਈ ਅਤੇ ਕੀਰਤਨੀਆ —ਭਾਈ ਮਸਤਾਨ ਸਿੰਘ ਉਰਫ ਰਾਗਾ ਸਿੰਘ



ਸੁਵਰਨ ਸਿੰਘ ਵਿਰਕ

ਸਿੱਖ ਧਰਮ ਵਿਚ ਰਾਗ ਨਾਦ ਦੀ ਪੁਰਾਤਨ ਭਾਰਤੀ ਸੰਗੀਤ ਪੱਧਤੀ ਅਨੁਸਾਰ ਗੁਰਮਤਿ ਸੰਗੀਤ ਦਾ, ਮਹੱਤਵਪੂਰਨ ਸਥਾਨ ਹੈ। ਗੁਰੂ ਸਾਹਿਬਾਨ ਅਤੇ ਭਗਤਾਂ ਸੂਫੀਆਂ ਆਦਿ ਦੀ ਬਾਣੀ ਨੂੰ ਸੁਰਬੱਧ ਕਰਨ ਲਈ ਵੱਖ-ਵੱਖ ਰਾਗਾਂ ਵਿਚ ਉਚਾਰਿਆ ਗਿਆ ਹੈ। ਆਦਿ ਗੁਰੂ ਬਾਬਾ ਨਾਨਕ ਤਲਵੰਡੀ ਰਾਇ ਭੋਇ ਤੋਂ, ਜਗਤ ਕਲਿਆਣ ਤੇ ਪੰਧ ਪੈਣ ਸਮੇਂ, ਆਪਣੇ ਸਾਥੀ ਭਾਈ ਮਰਦਾਨੇ ਵਾਸਤੇ ਰਾਗ ਦਾ ਸਾਜ਼ ਰਬਾਬ ਤਿਆਰ ਕਰਵਾਉਂਦੇ ਹਨ। ਮਰਦਾਨੇ ਦੀ ਰਬਾਬ ਦਾ ਜ਼ਿਕਰ ਬਹੁਤ ਸਾਰੀਆਂ ਸਾਖੀਆਂ ਵਿਚ ਮਿਲਦਾ ਹੈ। "ਭਾਈ ਮਰਦਾਨਿਆ ਲਿਆ ਰਬਾਬ ਬਾਣੀ ਆਈ ਏ!"। ਪੰਜਵੇਂ ਸਤਿਗੁਰੂ ਸਾਹਿਬ, ਗੁਰੂ ਅਰਜਨ ਦੇਵ ਜੀ ਨੇ, ਸਾਰੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਵੱਖ-ਵੱਖ ਰਾਗਾਂ ਦੇ ਅਨੁਵਾਨ ਹੇਠ ਸੰਕਲਿਤ ਕੀਤਾ ਹੈ। ਇਕ ਰਵਾਇਤ ਮੁਤਾਬਿਕ ਭਾਈ ਮਨੀ ਸਿੰਘ ਜੀ ਸ਼ਹੀਦ ਦੇ ਸਮੇਂ ਗੁਰਬਾਣੀ ਨੂੰ ਨਵੀਂ ਤਰਤੀਬ ਰਚਨਾਕਾਰਾਂ ਦੀ ਸਾਰੀ ਬਾਣੀ ਇਕੱਠੀ ਕਰਕੇ, ਵੱਖ-ਵੱਖ ਮਹੱਲਿਆਂ ਦੀ ਬਾਣੀ ਨੂੰ, ਵੱਖ-ਵੱਖ ਥਾਂ ਬਜਾਏ ਮਹੱਲੇ ਅਨੁਸਾਰ ਇਕੱਤਰ ਕਰਨ ਦੀ ਯੋਜਨਾ ਦਾ, ਅਠਾਰ੍ਹਵੀਂ ਸਦੀ ਵਿਚ, ਸਿੱਖ ਪੰਥ ਨੇ ਵਿਰੋਧ ਕੀਤਾ ਸੀ। ਗੁਰਮਤਿ ਵਿਚ ਸੰਗੀਤ ਦਾ ਉਚਾ ਮੁਰਾਤਬਾ, ਇਸ ਘਟਨਾ ਦੁਆਰਾ ਦਰਸਾਇਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਖੁਦ ਤੰਤੀ ਸਾਜ਼ਾਂ ਨਾਲ ਕੀਰਤਨ ਕਰਿਆ ਕਰਦੇ ਸਨ। ਕੀਰਤਨ ਦੀ ਪਰੰਪਰਾ ਸਿੱਖ ਜਗਤ ਦਾ ਅਟੁੱਟ ਅੰਗ ਬਣ ਗਈ।

ਸਤਿਗੁਰੂ ਰਾਮ ਸਿੰਘ ਜੀ ਨੇ ਖਾਲਸਾ ਸਾਜਣਾ ਤੋਂ ੧੫੮ ਸਾਲ ਬਾਅਦ, ਜਦੋਂ ਗੁਲਾਮ ਹੋ ਚੁੱਕੇ ਪੰਜਾਬ ਵਿਚ ਮੁੜ ਨਾਮਧਾਰੀ ਸੰਤ ਖਾਲਸਾ ਦੀ ਸਾਜਨਾ ਕਰਕੇ, ਦੇਸ਼ ਅਜ਼ਾਦੀ ਅਤੇ ਸਾਧਾਰਨ ਲੋਕਾਂ ਦੀ ਹਰ ਤਰ੍ਹਾਂ ਦੇ ਦਮਨ ਤੋਂ ਬੰਦ ਖਲਾਸੀ ਲਈ ਕੂਕਾ ਲਹਿਰ ਅਰੰਭ ਕੀਤੀ ਤਾਂ ਇਸ ਦੇ ਪ੍ਰਚਾਰ ਵਿਚ ਥੋਹੜੇ ਸਮੇਂ ਵਿਚ ਹੀ ਅਟਕ ਤੋਂ ਜਮਨਾ ਦਰਿਆਵਾਂ ਦੇ ਵਿਚਲੇ ਖੇਤਰ ਵਿਚ, ਆਪ ਨੂੰ ਜੋ ਭਾਰੀ ਸਫਲਤਾ ਮਿਲੀ, ਉਸ ਵਿਚ ਗੁਰਮਤਿ ਸੰਗੀਤ ਦੇ ਗਾਇਨ ਕਰਦਿਆਂ, ਰਾਗੀਆਂ ਰਬਾਬੀਆਂ ਤੇ ਯੋਧਿਆਂ ਦੀਆਂ ਵਾਰਾਂ ਗਾਉਣ ਵਾਲੇ ਢਾਡੀਆਂ ਦਾ ਵੱਡਾ ਯੋਗਦਾਨ ਸੀ।"ਦੀਵਾਨਾਂ ਵਿਚ ਸ਼ਬਦ ਬਾਣੀ ਪੜ੍ਹਨ ਲਈ ਪਹਿਲੋਂ ਪਹਿਲੋਂ ਤੰਤੀ ਸਾਜ਼ਾਂ ਰਬਾਬ, ਤਾਊਸ ਅਤੇ ਤਬਲਿਆਂ ਵਾਲੀਆਂ ਤਿੰਨ ਚੌਕੀਆਂ ਭੈਣੀ (ਸਾਹਿਬ) ਵਿਖੇ ਤਿਆਰ ਕੀਤੀਆਂ ਗਈਆਂ। ਧੁਲੇਤੇ ਦੇ ਭਾਈ ਦਿਤੂ ਭਾਈ ਫਕੀਰੀਆ ਅਤੇ ਭਾਈ ਵਜ਼ੀਰੇ ਨੂੰ ਦੜਪ ਅਥਵਾ ਸਿਆਲਕੋਟ ਵਾਲੇ ਇਲਾਕੇ ਦੀ ਸੇਵਾ ਦਿੱਤੀ ਗਈ। ਭਾਈ ਪ੍ਰੇਮ ਸਿੰਘ, ਭਾਈ ਕਿਰਪਾਲ ਸਿੰਘ ਭਦੌੜ ਵਾਲੇ ਮਜ਼੍ਹਬੀ ਸਿੰਘ, ਸਮੇਤ ਭਾਈ ਸਾਹਿਬ ਸਿੰਘ ਬੱਸੀਆਂ ਵਾਲੇ ਦੇ ਜੱਥੇ ਨੂੰ, ਮਾਲਵੇ ਦੇ ਇਲਾਕੇ ਵਿਚ ਸੇਵਾ ਕਰਨ ਲਈ ਲਗਾਇਆ ਗਿਆ। ਅਟਾਰੀ ਦੇ ਭਾਈ ਤਾਰਾ ਅਤੇ ਭਾਈ ਪਾਲੀ ਨੂੰ ਮਾਝੇ ਵਿਖੇ ਸੰਗਤਾਂ ਨੂੰ ਕੀਰਤਨ ਸੁਨਾਵਣ ਲਈ ਮੁਕੱਰਰ ਕੀਤਾ। ਮੱਲ੍ਹੀਆਂ ਦੀ ਤਲਵੰਡੀ ਦੇ ਭਾਈ ਪਸ਼ੌਰਾ ਤੇ ਭਾਈ ਸੰਤੂ ਨੂੰ ਢੱਡ ਸਰੰਗੀ ਨਾਲ ਸੰਗਤਾਂ ਨੂੰ ਵਾਰਾਂ ਦੀ ਤਰਜ਼ ਤੇ ਗੁਰਬਾਣੀ ਸੁਨਾਉਣ ਲਾਇਆ ਗਿਆ। ਇਹ ਪੰਜਾਬ ਦੇ ਸਭ ਇਲਾਕਿਆਂ ਵਿਚ ਹੀ ਜਾਂਦੇ ਸਨ। ਪਿੰਡ ਮੋਰੋਂ ਦੇ ਰਾਗੀ ਸੂਬਾ ਸਿੰਘ ਅਤੇ ਉਸ ਦੇ ਸਾਥੀ ਦੁਆਬੇ ਵਿਚ ਪ੍ਰਚਾਰ ਕਰਦੇ ਸਨ। ਭਾਈ ਖਜ਼ਾਨ ਸਿੰਘ, ਰਤਨ ਸਿੰਘ, ਹਰਨਾਮ ਸਿੰਘ, ਸੁਜਾਨ ਸਿੰਘ ਅਤੇ ਅਤਰ ਸਿੰਘ ਪਿੰਡ ਛਾਪਾ ਦੇ ਰਾਗੀ ਸਿੰਘ, ਜਿਨ੍ਹਾਂ ਦੇ ਬਜ਼ੁਰਗ ਨੂੰ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਰੰਦਾ ਬਖਸ਼ ਕੇ ਰਾਗ ਦੀ ਦਾਤ ਬਖਸ਼ੀ ਸੀ। ਭੈਣੀ (ਸਾਹਿਬ) ਰਹਿ ਕੇ, ਇਰਦ ਗਿਰਦ ਦੇ ਇਲਾਕਿਆਂ ਵਿਚ, ਦੀਵਾਨਾਂ ਵਿਚ ਆਸਾ ਜੀ ਦੀ ਵਾਰ ਲਗਾ ਕੇ ਅਤੇ ਸ਼ਬਦ ਚੌਕੀਆਂ ਕਰਕੇ ਸੇਵਾ ਕਰਦੇ। ਰਾਗੀਆਂ ਅਤੇ ਢਾਡੀਆਂ ਲਈ ਇਕ ਰੁਪਈਆ ਸ਼ਬਦ ਚੌਕੀ ਦੀ ਭੇਟ ਮੁਕੱਰਰ ਕੀਤੀ ਗਈ।"[1]

੧੮੭੨ ਈ. ਵਿਚ ਸਤਿਗੁਰੂ ਜੀ ਦੀ ਜਲਾਵਤਨੀ ਬਾਅਦ ਨਾਮਧਾਰੀ ਪੰਥ ਦੀ ਵਾਗਡੋਰ ਆਪ ਦੇ ਛੋਟੇ ਭਰਾਤਾ ਬੁੱਧ ਸਿੰਘ, ਜੋ ਹੁਣ ਗੁਰੂ ਹਰੀ ਸਿੰਘ ਜੀ ਦੇ ਰੂਪ ਵਿਚ ਜਾਣੇ ਜਾਂਦੇ ਹਨ, ਨੂੰ ਸਉਂਪੀ ਗਈ। ਸਮਾਂ ਅਜਿਹਾ ਸੀ ਕਿ ਨਾਮਧਾਰੀ ਸਮੁਦਾਇ ਦੇ ਮੁਖੀ, ਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ ਅਤੇ ਸਮੂਹ ਕੂਕਿਆਂ ਤੇ ਵਿਦੇਸ਼ੀ ਸਰਕਾਰ ਨੇ ਸਖਤੀਆਂ ਦੇ ਝੱਖੜ ਝੁਲਾਏ। ਗੁਰੂ ਹਰੀ ਸਿੰਘ ਜੀ ਨੂੰ ਆਪਣੇ ਘਰ, ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ, ਨਜ਼ਰਬੰਦੀ ਦੀ ਹਾਲਤ ਵਿਚ ਰੱਖਿਆ ਗਿਆ। ਉਹਨਾਂ ਲਈ ਭੈਣੀ ਸਾਹਿਬ ਦੀ ਜੂਹ ਤੋਂ ਬਾਹਰ ਜਾਣਾ ਕਿਆਸਿਆ ਨਹੀਂ ਜਾ

ਸੱਕਦਾ ਸੀ। ਪਹਿਲੇ ਵੀਹ ਵਰ੍ਹਿਆਂ ਵਿਚ ਤਾਂ ਉਹ ਬਹੁਤ ਘੱਟ ਘਰੋਂ ਬਾਹਰ ਕੁਝ ਹੀ ਦਿਨਾਂ ਲਈ ਜਾ ਸੱਕੇ, ਉਹ ਵੀ ਸਰਕਾਰੀ ਆਗਿਆ ਨਾਲ। ਪੰਜਾਬ ਦੇ ਕੂਕਿਆਂ ਨੂੰ ਆਪਣੇ ਮੁਰਸ਼ਿਦ ਅਤੇ ਉਹਨਾਂ ਦੇ ਅਸਥਾਨ ਦੇ ਦਰਸ਼ਨ ਅੱਠਾਂ ਪਹਿਰਾਂ ਵਿਚ ਪਹਿਲਾਂ ਪੰਜਾਂ ਤੇ ਫਿਰ ਦਸਾਂ ਨੂੰ ਨਸੀਬ ਹੁੰਦੇ। ਸੋ ਇਸ ਸਮੇਂ ਦੌਰਾਨ ਜਦੋਂ ਪ੍ਰਚਾਰ ਦੌਰੇ ਨਹੀਂ ਹੋ ਸੱਕਦੇ ਸਨ ਤਾਂ ਗੁਰਮਤਿ ਸੰਗੀਤ ਵਾਲੇ ਰਾਗੀ ਰਬਾਬੀ ਸ੍ਰੀ ਭੈਣੀ ਸਾਹਿਬ ਕਿਵੇਂ ਅੱਪੜਦੇ। ਪ੍ਰੰਤੂ ਆਪਣੀ ਪਰੰਪਰਾ ਨੂੰ ਕਾਇਮ ਰੱਖਦਿਆਂ ਗੁਰੂ ਹਰੀ ਸਿੰਘ ਜੀ ਸਵੇਰੇ ਗੱਦੀ ਸਾਹਿਬ ਵਾਲੇ ਚੁਬਾਰੇ ਵਿਚ ਬਿਲਾ ਨਾਗਾ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਅਤੇ ਸ਼ਾਮ ਨੂੰ ਜਿਹੜੇ ਇਕ ਦੋ ਰਾਗੀ ਸਿੰਘ ਜਾਂ ਕੁਝ ਹੋਰ ਸੰਗਤ ਸਾਥ ਦਿੰਦੇ, ਉਹਨਾਂ ਤੋਂ ਕੀਰਤਨ ਸੁਣਦੇ। ਐਸੇ ਸਿੰਘ ਜਿਹਨਾਂ ਨੇ ਇਸ ਦਮਨ ਚੱਕਰ ਦੇ ਸਮੇਂ, ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਰਹਿ ਕੇ ਕੀਰਤਨ ਪਰੰਪਰਾ ਨੂੰ ਜਾਰੀ ਰੱਖਿਆ, ਉਹ ਵੀ ਸਾਡੇ ਇਤਿਹਾਸ ਦੇ ਅਮਰ ਪਾਤਰ ਬਣ ਚੁੱਕੇ ਹਨ। ਧੰਨਤਾ ਦੇ ਯੋਗ ਹਨ। ਉਹਨਾਂ ਦੀ ਸੇਵਾ, ਸਿਰੜ, ਤਿਆਗ ਅਤੇ ਸਮਰਪਣ ਭਾਵਨਾ ਅੱਗੇ, ਸਾਡਾ ਸਿਰ ਸਤਕਾਰ ਨਾਲ ਝੁਕ ਜਾਂਦਾ ਹੈ।

ਇਹਨਾਂ ਕੀਰਤਨੀ ਸਿੰਘਾਂ, ਸਿੰਘਣੀਆਂ ਵਿਚੋਂ ਜਿਹੜਾ ਨਾ ਉਭਰ ਕੇ ਸਾਹਮਣੇ ਆਉਂਦਾ ਹੈ ਉਹ ਭਾਈ ਰਾਗਾ ਸਿੰਘ ਹੋਰਾਂ ਦਾ ਹੈ। ਮਾਲੂਮ ਹੁੰਦਾ ਹੈ ਕਿ ਉਹਨਾਂ ਦਾ ਘਰੋਗਾ ਨਾਮ ਤਾਂ ਮਸਤਾਨ ਸਿੰਘ ਸੀ ਪਰ ਜਦੋਂ ਗੁਰੂ ਜੀ ਪਾਸ ਡੇਰੇ ਵਿਚ ਆ ਕੇ ਉਹਨਾਂ ਰਾਗ ਕਰਨ ਦੀ ਇਹ ਸੇਵਾ ਆਰੰਭੀ ਤਾਂ ਹੌਲੀ ਹੌਲੀ ਉਹਨਾਂ ਦਾ ਅਸਲੀ ਨਾਂ ਵਿੱਸਰ ਗਿਆ ਅਤੇ ਉਹਨਾਂ ਨੂੰ ਰਾਗਾ ਸਿੰਘ ਕਹਿ ਕੇ ਹੀ ਬੁਲਾਇਆ ਜਾਣ ਲੱਗਾ। ਲੋਕ ਲਹਿਰਾਂ ਵਿਚ ਵੱਡੇ ਨਿਸ਼ਾਨਿਆਂ ਨੂੰ ਢੂੰਡਣ ਲਈ, ਜਿਹੜੇ ਸਿਰਲੱਥ ਕੁੱਦ ਪੈਂਦੇ ਹਨ, ਉਹਨਾਂ ਨੂੰ ਆਪਣੇ ਅਸਲੀ ਨਾਵਾਂ ਨੂੰ ਵੀ ਕੁਰਬਾਨ ਕਰਨਾ ਪੈਂਦਾ ਹੈ। ਇਹ ਕੁਝ ਹੀ ਭਾਈ ਰਾਗਾ ਸਿੰਘ ਨਾਲ ਵਾਪਰਿਆ। ਪੰਜਾਬ ਸਰਕਾਰ ਵਲੋਂ, ੧੮੮੧ ਸਾਲ ਦੇ ਮੁੱਢ ਵਿਚ ਜਾਰੀ, ਖਤਰਨਾਕ ਕੂਕਿਆਂ ਦੀ ਸੂਚੀ ਵਿਚ ਆਪ ਬਾਰੇ ਇਹ ਜਾਣਕਾਰੀ ਮਿਲਦੀ ਹੈ-

"ਮਸਤਾਨ ਸਿੰਘ ਪਿਤਾ ਹੇਮ ਸਿੰਘ, ਧੰਦਾ-ਰਾਗੀ, ਪਿੰਡ ਭੈਣੀ (ਸਾਹਿਬ), ਥਾਣਾ-ਸਾਹਨੇਵਾਲ। ਵੇਰਵਾ:-ਗੰਦਮੀ ਰੰਗ, ਵਿਰਲੀ ਦਾਹੜੀ, ਜੁੱਸਾ ਅਤੇ ਕੱਦ, ਦਰਮਿਆਨਾ, ਉਮਰ ੪੮ ਸਾਲ। ਸੁਭਾਅ ਬਾਰੇ ਦਰਜ ਹੈ-ਉਹ ਬਗਾਵਤੀ ਸੁਭਾਅ ਦਾ ਹੈ। ਉਹ ਸਿਤਾਰ ਵਜਾਉਂਦਾ ਹੈ ਅਤੇ (ਗੁਰਬਾਣੀ) ਗਾਉਂਦਾ ਆਸ ਪਾਸ ਜਾਂਦਾ ਹੈ। ਇਸ ਸਮੇਂ ਉਹ ਬਾਬਾ ਬੁੱਧ ਸਿੰਘ ਦੇ ਡੇਰੇ ਵਿਚ ਇਕ ਸੰਗੀਤਕਾਰ ਦੀ ਸੇਵਾ ਕਰ ਰਿਹਾ ਹੈ।"[੩]

੧੭ ਮਾਰਚ ੧੮੮੧ ਨੂੰ ਲੁਧਿਆਣਾ ਪੁਲੀਸ ਕਪਤਾਨ ਨੂੰ ਸੂਚਨਾ ਮਿਲੀ ਕਿ ੧੫੦ ਕੂਕੇ ਭੈਣੀ ਸਾਹਿਬ ਦੇ ਗੁਆਂਢੀ ਪਿੰਡ ਲਾਟੋਂ ਦੀ ਢੱਕੀ ਵਿਚ, ਗੁਪਤ ਮੀਟਿੰਗ ਕਰ ਰਹੇ ਹਨ। ਉਹ ਜਦੋਂ ਉਥੇ ਪਹੁੰਚਿਆ ਤਾਂ ਉਸਨੂੰ ਜਿਹੜੇ ੩੯ ਕੂਕੇ ਗ੍ਰਿਫਤਾਰ ਕਰਨ ਵਿਚ ਸਫਲਤਾ ਮਿਲੀ, ਉਹਨਾਂ ਵਿਚੋਂ ਇਹ ਭਾਈ ਮਸਤਾਨ ਸਿੰਘ ਵੀ ਸਨ। ਇੱਥੇ ਇਹਨਾਂ ਦੀ ਜ਼ਾਤ ਜੱਟ ਲਿਖੀ ਹੈ ਅਤੇ ਪਿੰਡ ਭੈਣੀ ਸਾਹਿਬ ਹੀ। ਇਹ ਸਾਰੇ ਬੜੇ ਮਹੱਤਵਪੂਰਨ ਕੂਕੇ ਹਨ ਜਿਹਨਾਂ ਵਿਚ ਕਈ ਸੂਬੇ ਹਨ ਅਤੇ ਉਸ ਸਮੇਂ ਵੱਡੀ ਮਹਿਮਾ ਵਾਲੀ ਮਾਈ ਅਤਰੀ, ਮਾਈਸਰਖਾਨੇ ਵਾਲੀ ਵੀ, ਇਹਨਾਂ ਵਿਚ ਸ਼ਾਮਲ ਹੈ। ਇਹਨਾਂ ਨੂੰ ਜ਼ੇਰ ਦਫਾ ੫੦੪, ੫੦੫ ਸੀ. ਆਰ. ਪੀ. ਸੀ. ਦੇ ਤਹਿਤ ਗਰਿਫਤਾਰ ਕਰ ਕੇ, ਮੈਜਿਸਟਰੇਟ ਦੇ ਲੁਧਿਆਣੇ ਪੇਸ਼ ਕੀਤਾ ਜਿਸਨੇ ਜਾਂਚ ਹੋਣ ਤੱਕ ਇਹਨਾਂ ਨੂੰ ਜ਼ਮਾਨਤ ਤੇ ਛੱਡ ਦਿੱਤਾ।[੪] ਇਸ ਸਮੇਂ ਗਰਿਫਤਾਰੀਆਂ ਕਰਨ ਵਾਲੇ ਲੁਧਿਆਣੇ ਦੇ ਐਸ. ਪੀ. ਨੂੰ ਮਾਈ ਅਤਰੀ ਪਾਸੋਂ ਤਲਾਸ਼ੀ ਸਮੇਂ ਗੁਰੂ ਰਾਮ ਸਿੰਘ ਜੀ ਦੇ ਵੱਖ-ਵੱਖ ਸਿੰਘਾਂ ਰਾਹੀਂ ਰੰਗੂਨ ਤੋਂ ਆਏ ਹੁਕਮਨਾਮੇ ਵੀ ਬਰਾਮਦ ਹੁੰਦੇ ਹਨ। ਇਸ ਘਟਨਾ ਤੋਂ ਇਹ ਅਨੁਮਾਨ ਸੌਖਿਆਂ ਹੀ ਲਾਇਆ ਜਾ ਸਕਦਾ ਹੈ ਕਿ ਭਾਈ ਮਸਤਾਨ ਸਿੰਘ ਉਰਫ ਰਾਗਾ ਸਿੰਘ ਨਾ ਸਿਰਫ ਇਕ ਕੀਰਤਨੀਆਂ ਜਾਂ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਸਦਾ ਰਹਿਣ ਵਾਲਾ ਉਹਨਾਂ ਦਾ ਗੜਵਈ ਹੈ, ਸਗੋਂ ਉਹ ਇਸ ਸਮੇਂ ਬਸਤੀਵਾਦੀ ਸਰਕਾਰ ਦੇ ਵਿਰੁੱਧ ਕੂਕਿਆਂ ਦੁਆਰਾ ਗੁੰਦੀਆਂ ਜਾਣ ਵਾਲੀਆਂ ਗੋਂਦਾਂ ਵਿਚ, ਇਕ ਪਰਮੁੱਖ ਕੂਕਾ ਮੁਖੀ ਦੇ ਤੌਰ ਤੇ ਵੀ ਸ਼ਾਮਲ ਵੇਖਿਆ ਜਾ ਸੱਕਦਾ ਹੈ। ਉਪਰੋਕਤ ਮੀਟਿੰਗ ਦੀ ਫਿਤਰਤ ਕਿਹੋ ਜਿਹੀ ਹੋਏਗੀ ਉਹ ਇਸੇ ਗੱਲ ਤੋਂ ਮਾਲੂਮ ਹੁੰਦੀ ਹੈ ਕਿ ਉਸ ਵਿਚ ਸ਼ਾਮਲ ਸਿੰਘ ਸਿੰਘਣੀਆਂ, ਆਪਣੇ ਅਸਲੀ ਨਾ ਥਹੁ ਪੁਲੀਸ ਨੂੰ ਪਹਿਲੀ ਪੁੱਛ ਦੇ ਜੁਆਬ ਵਿਚ ਨਹੀਂ ਲਿਖਵਾਉਂਦੇ, ਸਗੋਂ ਸਰਕਾਰੀ ਸੂਹੀਏ ਅਤੇ ਮੁਖਬਰ ਅਗਲੇ ਦਿਨ ਆ ਕੇ, ਉਹਨਾਂ ਦੀ ਠੀਕ ਪਹਿਚਾਣ ਜ਼ਾਹਰ ਕਰਦੇ ਹਨ। ਮਾਈ ਅਤਰੀ ਦਾ ਗਾਡੀਵਾਨ ਸ. ਗੁਰਦਿੱਤ ਸਿੰਘ ਨਾਈਵਾਲਾ, ਸੂਬਾ ਗਿਆਨੀ ਸਿੰਘ ਨਾਲ, ਲੁਧਿਆਣੇ ਸ਼ਹੀਦ ਹੋਣ ਵਾਲੇ ਨਾਇਬ ਸੂਬਾ ਰਤਨ ਸਿੰਘ ਦਾ ਭਾਈ ਹੈ। ਮਾਈ ਅਤਰੀ ਦੀਆਂ ਉਸ ਸਮੇਂ ਦੀਆਂ ਕੂਕਾ ਲਹਿਰ ਲਈ ਹਦੋਂ ਵੱਧ ਵਧੀਆਂ ਸਰਗਰਮੀਆਂ ਤੋਂ ਬ੍ਰਿਟਿਸ਼ ਸਰਕਾਰ ਅਤੇ ਉਸਦੇ ਆਪਣੇ ਇਲਾਕੇ ਦੀ ਪਟਿਆਲਾ ਸਰਕਾਰ ਵੀ ਪਰੇਸ਼ਾਨ ਰਹਿੰਦੀਆਂ ਸਨ। ਖ਼ੈਰ ਇਉਂ ਮਾਲੂਮ ਹੁੰਦਾ ਹੈ ਕਿ ਭਾਈ ਰਾਗਾ ਸਿੰਘ ਜੇ ੧੮੮੦-੮੧ ਤੱਕ ਇਕ ਮੁਖੀ ਕੂਕਾ ਬਣ ਚੁੱਕਾ ਹੈ ਤਾਂ ਉਹਨੂੰ ਨਾਮਧਾਰੀ ਪੰਥ ਵਿਚ ਪਰਵੇਸ਼, ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਵਿਚ ਹੀ ਮਿਲਿਆ ਸੀ। ਇਸ ਲਹਿਰ ਨਾਲ ਉਸਦਾ

ਲਗਾਊ, ਉਸਨੂੰ ਉਹਦੇ ਪਿੰਡ ਤੋਂ ਪੱਕੇ ਤੌਰ ਤੇ, ਭੈਣੀ ਸਾਹਿਬ ਦਾ ਵਾਸੀ ਬਣਾ ਦਿੰਦਾ ਹੈ। ਇਹੋ ਕਾਰਨ ਹੈ ਕਿ ਉਹ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਜਿਹੜੇ ੧੭੨ ਡੇਰੇ ਵਿਚੋਂ ਪਕੜੇ ਸਿੰਘਾਂ ਸਿੰਘਣੀਆਂ ਵਿਚੋਂ, ੧੨੨ ਤਾਂ ਆਪੋ ਆਪਣੇ ਘਰਾਂ ਨੂੰ ਭੇਜ ਦਿੱਤੇ ਗਏ, ਜਿਹੜੇ ੫੦ ਕਹਿੰਦੇ ਹਨ ਸਾਡਾ ਕੋਈ ਘਰ ਘਾਟ ਨਹੀਂ, ਭੈਣੀ ਸਾਹਿਬ ਬਿਨਾਂ, ਮਸਤਾਨ ਸਿੰਘ ਵੀ ਉਹਨਾਂ ਵਿਚੋਂ ਇਕ ਹੈ। ਇਹਨਾਂ ਦੀਆਂ ਜ਼ਮਾਨਤਾਂ ਮੰਗੀਆਂ ਗਈਆਂ। ਜਿਹੜੇ ਜਮਾਨਤਾਂ ਨਾ ਦੇ ਸੱਕੇ ਉਹ ਦੋ ਦੋ ਸਾਲ ਲਈ ਜਿਹਲ ਭੇਜ ਦਿੱਤੇ ਗਏ। ਭਾਈ ਮਸਤਾਨ ਸਿੰਘ ਜ਼ਮਾਨਤ ਦੇ ਕੇ ਆ ਗਏ ਜਾਂ ਜਿਹਲ ਯਾਤਰਾ ਕਰਨ ਬਾਅਦ ਡੇਰੇ ਭੈਣੀ ਸਾਹਿਬ ਪੁੱਜੇ, ਇਸ ਬਾਰੇ ਸਰਕਾਰੀ ਦਸਤਾਵੇਜ਼ਾਂ ਦੀ ਬਾਰੀਕੀ ਨਾਲ ਘੋਖ ਪੜਤਾਲ ਦੀ ਲੋੜ ਹੈ। ਇਹ ਸਾਬਤ ਹੁੰਦਾ ਹੈ ਕਿ ਉਹ ੧੯ ਜਨਵਰੀ ੧੮੭੨ ਤੋਂ ਕੁਝ ਸਾਲ ਪਹਿਲਾਂ ਤੋਂ ਹੀ ਡੇਰੇ ਭੈਣੀ ਸਾਹਿਬ ਵਿਚ ਆ ਟਿਕੇ ਸਨ।

ਉਪਰੋਕਤ ਤੱਥ ਦੀ ਪੁਸ਼ਟੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਤੋਂ ਆਏ ਹੁਕਮਨਾਮਿਆਂ ਵਿਚੋਂ ਹੁੰਦੀ ਹੈ ਜਿਹਨਾਂ ਵਿਚ ਆਪ ਮਸਤਾਨ ਸਿੰਘ ਜੀ ਨੂੰ ਡੇਰਾ ਸ੍ਰੀ ਭੈਣੀ ਸਾਹਿਬ ਵਿਚ ਰਹਿਣ ਵਾਲੇ ਹੋਰ ਸਿੰਘਾਂ (ਗੁਰੂ) ਭਾਈ ਹਰੀ ਸਿੰਘ ਜੀ, ਬਸੰਤ ਸਿੰਘ, ਸੂਰਤ ਸਿੰਘ, ਹਰਿਨਾਮ ਸਿੰਘ (ਸਤਿਗੁਰੂ ਰਾਮ ਸਿੰਘ ਦੀ ਪੁੱਤਰੀ ਬੀਬੀ ਨੰਦਾ ਦੇ ਤਿੰਨ ਪੁੱਤਰ) ਨਰੈਣ ਸਿੰਘ (ਗੁਰੂ ਹਰੀ ਸਿੰਘ ਜੀ ਦਾ ਦੋਹਿਤਾ), ਦਰਬਾਰਾ ਸਿੰਘ (ਸਤਿਗੁਰੂ ਰਾਮ ਸਿੰਘ ਦੇ ਤਾਏ ਬਾਬੇ ਨੱਥੇ ਦਾ ਪੁੱਤਰ), ਸੋਭਾ ਸਿੰਘ, ਸੰਗਤ (ਦਰਬਾਰਾ ਸਿੰਘ ਦੇ ਪੁੱਤਰ), ਲਹਿਣਾ ਸਿੰਘ (ਪਿੰਡ ਭੈਣੀ ਸਾਹਿਬ ਦੇ ਰੁਲਦੂ ਜੱਟ ਦਾ ਪੁੱਤਰ, (ਸਤਿਗੁਰੂ ਜੀ ਦਾ ਬਾਲ-ਸਖਾ), ਗੁਰਦਿੱਤ ਸਿੰਘ, (ਮਹੰਤ ਪਿੰਡ ਮੋਰੋਂ) ਸ਼ੇਰ ਸਿੰਘ (ਖਰਾਸੀਆ, ਮੁਸੱਦਾ ਸਿੰਘ ਦਾ ਪੁੱਤਰ), ਦੋਵੇਂ ਜਮੀਤ ਸਿੰਘ, ਮਸਤਾਨ ਸਿੰਘ ਰਾਗੀ*, ਰਾਘੋ ਸਿੰਘ (ਬਦਨ ਸਿੰਘ ਦਾ ਪੁੱਤਰ ਪਿੰਡ ਲੱਲਾਂ ਦੇ ਗੁਰਦੁਆਰੇ ਰਹਿਣ ਵਾਲਾ), ਸੌਣ ਸਿੰਘ (ਘੋੜਿਆਂ ਦਾ ਸਾਈਸ ਸੀ, ਹਿੰਮਤ ਸਿੰਘ, ਈਸ਼ਰ ਸਿੰਘ, ਅਤਰ ਸਿੰਘ, ਬੂਟਾ ਸਿੰਘ, ਮੱਲਾ ਸਿੰਘ, ਕਾਨ੍ਹਾ, ਦਿਆਲ ਸਿੰਘ, ਰਾਈਏ, ਕੋਟ, ਲਲੀ, ਕੁਬੀ ਹੋਰ ਸਰਬਤਿ ਸੰਗਤਿ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਜੀ।”

**_*ਸੰਪਾਦਿਤ ਹੁਕਮਨਾਮੇ ਵਿਚ ਮਸਤਾਨ ਸਿੰਘ ਅੱਗੇ ਕੋਮਾ ਹੈ ਤੇ ਫਿਰ ਰਾਗੀ ਰਾਘੋ ਸਿੰਘ ਲਿਖਿਆ ਹੈ। ਕੌਮੇ ਦੀ ਤਰਤੀਬ ਦਰੁਸਤ ਨਹੀਂ ਕਿਉਂ ਜੁ ਰਾਘੋ ਸਿੰਘ ਤਾਂ ਲਾਂਗਰੀ ਸਿੰਘ ਸੀ, ਰਾਗੀ ਨਹੀਂ। ਰਾਗੀ ਭਾਈ ਮਸਤਾਨ ਸਿੰਘ ਨਾਲ ਸਤਿਗੁਰੂ ਜੀ ਲਿਖ ਰਹੇ ਹਨ।_**

ਇਹ ਸਾਰੇ ਸੱਜਣ ਸਤਿਗੁਰੂ ਜੀ ਦੇ ਨਿਕਟ ਸਬੰਧੀ, ਡੇਰਾ ਭੈਣੀ ਸਾਹਿਬ ਜਾਂ ਪਿੰਡ ਵਿਚ ਰਹਿਣ ਵਾਲੇ ਡੇਰੇ ਦੇ ਇਕਾ ਦੁੱਕਾ ਸ਼ੁਭ ਚਿੰਤਕ ਸਨ। ਸਤਿਗੁਰੂ ਜੀ ਜਿਸ ਪਿੰਡ ਜਾਂ ਇਲਾਕੇ ਦੇ ਸਿੰਘ ਨੂੰ ਹੁਕਮਨਾਮਾ ਸਾਦਰ ਕਰਦੇ ਹਨ ਉਥੋਂ ਦੇ ਸਮੂਹ ਮਹੱਤਵਪੂਰਨ ਗੁਰੂ ਪਿਆਰਿਆਂ ਨੂੰ ਮੁੱਢ ਵਿਚ ਜਾਂ ਅਖੀਰ ਵਿਚ ਯਾਦ ਕਰਦਿਆਂ ਗੁਰੂ-ਫਤੇਹ ਭੇਜਦੇ ਹਨ। ਇਸ ਹੁਕਮਨਾਮੇ ਦੇ ਅਖੀਰੀ ਸ਼ਬਦ ਹਨ “ਏਹੁ ਅਰਦਾਸ ਦੇਣੀ ਡੇਰੇ ਹਰੀ ਸਿੰਘ ਨੂੰ।” ਇਕ ਹੋਰ ਹੁਕਮਨਾਮੇ ਵਿਚ ਵੀ ਡੇਰੇ ਵਿਚ ਰਹਿਣ ਵਾਲੇ ਸਿੰਘਾਂ ਨੂੰ ਜਦੋਂ ਯਾਦ ਕਰਦੇ ਹਨ ਤਾਂ ਭਾਈ ਮਸਤਾਨ ਸਿੰਘ ਅਤੇ ਜਮੀਤ ਸਿੰਘ ਨੂੰ “ਵਾਹਿਗੁਰੂ ਜੀ ਦੀ ਫਤੇ” ਭੇਜਦੇ ਹਨ। “ਇਹੁ ਹਰਦਾਸ ਦੇਣੀ ਡੇਰੇ ਹਰੀ ਸਿੰਘ ਕੋ।” ਇਸ ਹੁਕਮਨਾਮੇ ੧੫, ਦੇ ਫੁੱਟ ਨੋਟ ਵਿਚ ਜਮੀਤ ਸਿੰਘ ਮਸਤਾਨ ਸਿੰਘ ਦੋਹਾਂ ਦਾ ਪਿੰਡ ਲੱਲਾਂ ਅਤੇ ਸਪੁੱਤਰ ਸ. ਹੇਮ ਸਿੰਘ ਲਿਖਿਆ ਮਿਲਦਾ ਹੈ। ਜਮੀਤ ਸਿੰਘ ਦਾ ਵੀ ਡੇਰੇ ਵਿਚ ਰਹਿ ਕੇ ਸੇਵਾ ਕਰਦੇ ਹੋਣਾ ਲਿਖਿਆ ਹੈ। “ਮਸਤਾਨ ਸਿੰਘ ਸਿਤਾਰ ਨਾਲ ਰਾਗ ਕਰਿਆ ਕਰਦਾ ਸੀ ਸਤਿਗੁਰੂ ਹਰੀ ਸਿੰਘ ਦੇ ਹਜ਼ੂਰੀ।” ਇਹ ਲੱਲ ਕਲਾਂ ਉਦੋਂ ਇਲਾਕਾ ਦੋਰਾਹਾ ਰਿਆਸਤ ਪਟਿਆਲਾ ਦਾ ਪਿੰਡ ਸੀ। ਅੱਜ ਕੱਲ੍ਹ ਜ਼ਿਲ੍ਹਾ ਲੁਧਿਆਣਾ ਹੈ। ਇਹ ਪਿੰਡ ਸਰਹੰਦ ਨਹਿਰ ਦੇ ਨੀਲੋਂ ਪੁਲ ਦੇ ਨਜ਼ਦੀਕ ਹੀ ਹੈ। ਭੈਣੀ ਸਾਹਿਬ ਤੋਂ ਵੀ ਬਹੁਤੀ ਦੂਰ ਨਹੀਂ ਹੈ। ਪ੍ਰਸਿੱਧ ਨਾਮਧਾਰੀ ਪੰਜਾਬੀ ਸਾਹਿਤਕਾਰ ਸੰਤ ਇੰਦਰ ਸਿੰਘ ‘ਚੱਕਰਵਰਤੀ’ ਜੀ ਦਾ ਵੀ ਇਹੋ ਪਿੰਡ ਸੀ।

ਭਾਈ ਸੰਤੋਖ ਸਿੰਘ ਬਾਹੋਵਾਲ ਦੇ ਪ੍ਰਸਿੱਧ ਗ੍ਰੰਥ, ਸਤਿਗੁਰੂ ਬਿਲਾਸ ਭਾਗ ਦੂਜਾ ਵਿਚ ਰਾਗਾ ਸਿੰਘ ਹੋਰਾਂ ਬਾਰੇ ਕਾਫੀ ਇੰਦਰਾਜ ਮਿਲਦੇ ਹਨ ਜਿਹਨਾਂ ਤੋਂ ਉਹਨਾਂ ਦੀ ਸ਼ਖਸੀਅਤ, ਕਾਰਜ ਕੁਸ਼ਲਤਾ, ਆਪਣੀ ਲਹਿਰ ਪ੍ਰਤੀ ਸਮਰਪਣ ਭਾਵ ਅਤੇ ਗੁਰੂ ਹਰੀ ਸਿੰਘ ਜੀ ਨਾਲ ਉਹਨਾਂ ਦੇ ਕਿਹੋ ਜਿਹੇ ਅੰਤਰੰਗ ਸੰਬੰਧ ਸਨ, ਉਹਨਾਂ ਦੀ ਝਲਕ ਮਿਲਦੀ ਹੈ। ਉਹ ਹਜ਼ੂਰੀ ਵਿਚ ਵੀ ਰਹਿੰਦੇ ਹਨ। ਅੰਤਿਮ ਸਮੇਂ ਤੱਕ ਉਹ ਸਤਿਗੁਰੂ ਜੀ ਦੇ ਗੜਵਈ ਦੀ ਸੇਵਾ ਨਿਭਾਹੁੰਦੇ ਰਹੇ। ਗੁਰੂ ਕੇ ਪ੍ਰਮੁੱਖ ਕੀਰਤਨੀਏ ਵੀ ਸਨ। ਜਿਹਨਾਂ ਨੇ ਗੁਰੂ ਹਰੀ ਸਿੰਘ ਜੀ ਦੇ ਗੁਰਤਾ ਕਾਲ ਦੇ ਪੂਰੇ ਚੌਤੀ ਸਾਲ ਆਪ ਦੀ ਹਜ਼ੂਰੀ ਵਿਚ ਕੀਰਤਨ ਕੀਤਾ ਬੇਸ਼ਕ ਇਸ ਸਮੇਂ, ਕੁਝ ਹੋਰ ਸਿੰਘ ਸਿੰਘਣੀਆਂ ਵੀ ਇਸ ਕੀਰਤਨ ਵਿਚ ਸ਼ਾਮਲ ਹੁੰਦੇ ਸਨ। “ਬਾਬਾ ਝਾਬਾ ਸਿੰਘ ਜੀ ਸੂਰਮਾ ਸ਼ਬਦ ਗਾਇਨ ਕਰਦੇ। ਭਾਈ ਗੁਰਮੁਖ ਸਿੰਘ ਜੀ ਸੂਰਮਾ ਢੋਲਕੀ ਤੇ ਕੈਂਸੀਆਂ ਬਜਾਉਂਦੇ। ਮਹੰਤ ਗੁਰਦਿੱਤ ਸਿੰਘ ਜੀ ਸਿਤਾਰ ਵਜਾਉਂਦੇ। ਸੰਤ ਰਾਗਾ ਸਿੰਘ ਜੀ ਹਜ਼ੂਰੀ ਗੜਵਈ, ਮਾਈ ਹੁਕਮੀ (ਵਰਿਆਹ), ਮਾਈ ਘੁੱਲੀ (ਉਰਫ ਮਾਈ ਉੱਤਮੀ, ਚੱਕ ਦੇਸ ਰਾਜ), ਮਾਈ ਗੁਰਦੇਈ (ਖੰਨੇ

ਵਾਲੀ), ਮਾਈ ਸ਼ਿਵ ਕੌਰ ਅਤੇ ਸੁਹੇਲ ਸਿੰਘ ਜੀ ਬਿਲਗੇ ਵਾਲੇ ਕੀਰਤਨ ਵਿਚ ਸਾਥ ਦਿੰਦੇ।” ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਦਰਜ ਹੈ “(ਗੱਦੀ ਸਾਹਿਬ ਵਾਲੇ) ਚੁਬਾਰੇ 'ਚ ਮਹਾਂ ਸਿੰਘ ਸੀ, ਉਹਦੇ ਹੱਥ ਕੰਬਣ ਲੱਗ ਪਏ ਸੀ। ਉਹ ਢੋਲਕ ਵਜਾਉਂਦੇ ਹੁੰਦੇ, ਬਾਬਾ ਰਾਗਾ ਸਿੰਘ ਹੁਰੀਂ ਤਾਊਸ ਵਜਾਉਂਦੇ। ਨਾਲ ਮਾਈਆਂ ਹੁੰਦੀਆਂ। ਗੁਰੂ ਹਰੀ ਸਿੰਘ ਜੀ ਦੇ ਕੋਲ ਆਸਾ ਦੀ ਵਾਰ ਵਿਚ...”[5]

ਗੁਰੂ ਹਰੀ ਸਿੰਘ ਜੀ ਦੇ ਕੂਕਾ ਲਹਿਰ ਦੀ ਅਗੁਆਈ ਕਰਨ ਦੇ ਪਹਿਲਾਂ ਸਾਲਾਂ ਵਿਚ ਤਾਂ ਹਾਲਾਤ ਬੜੇ ਬਿਖਮ ਸਨ। ਡੇਰੇ ਵਿਚ ਪੰਜ ਸਿੰਘ ਹੀ ਆ ਸੱਕਦੇ ਸਨ। ਅੱਠਾਂ ਪਹਿਰਾਂ ਵਿਚ। ਗੁਰੂ ਹਰੀ ਸਿੰਘ ਜੀ ਬਾਹਰ ਉਜਾੜ ਜੰਗਲ ਟਿੱਬਿਆਂ ਵਿਚ ਕਿਸੇ ਛੱਪੜ ਦੇ ਕਿਨਾਰੇ, ਰੁੱਖ ਹੇਠ ਬੰਦਗੀ ਕਰਨੀ। ਇਸ ਬਹਾਨੇ ਕੁਝ ਸਿੰਘਾਂ ਨੇ ਭੇਸ ਬਦਲ ਕੇ ਮੱਥਾ ਵੀ ਟੇਕ ਜਾਣਾ। ਕੁਝ ਵਿਚਾਰ ਚਰਚਾ ਲਹਿਰ ਨੂੰ ਚੱਲਦੀ ਰੱਖਣ ਲਈ ਹੁੰਦੀ। ਪੰਜਾਬ ਦੇ ਵੱਖ-ਵੱਖ ਖਿੱਤਿਆਂ ਤੋਂ ਆਉਂਦੇ ਕੂਕਿਆਂ ਨਾਲ, ਸੰਪਰਕ ਸਾਧਿਆ ਜਾਂਦਾ। ਉਹਨਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ। ਇਸ ਸਮੇਂ ਵਿਚ ਗੁਰੂ ਹਰੀ ਸਿੰਘ ਜੀ ਜਾਂ ਉਹਨਾਂ ਪਾਸ ਲੰਮੇ ਪੈਂਡੇ ਝਾਗ ਕੇ ਪੁੱਜੇ ਸਿੱਖਾਂ ਸਨੇਹੀਆਂ ਨੂੰ, ਜਲ ਪਾਣੀ ਦੀ ਸੇਵਾ ਦੀ ਕਰੜੀ ਘਾਲ, ਭਾਈ ਰਾਗਾ ਸਿੰਘ ਨੂੰ ਘਾਲਣੀ ਪਈ। ਉਹਨਾਂ ਨੂੰ ਪੁਲੀਸ ਦੀ ਬਾਜ਼ ਅੱਖ ਤੋਂ ਬਚਣ ਲਈ ਕਈ ਖੇਖਣ ਵੀ ਕਰਨੇ ਪੈਂਦੇ। ਬਾਹੋਵਾਲ ਜੀ ਉਹਨਾਂ ਸਮਿਆਂ ਦੇ ਪਰਤੱਖ-ਦਰਸ਼ੀ, ਲਿਖਦੇ ਹਨ-

“ਕਾਣਾ ਹੌਲਦਾਰ ਜੁਤੀ ਪਛਾਣ ਲੈਂਦਾ ਸੀ ਕਿ ਇਹ ਘਰ ਕੇ ਸਿੰਘ ਕੀ ਹੈ ਏਹ ਓਪਰੇ ਸਿੰਘ ਕੀ ਹੈ। ਇਕ ਸਮੇਂ ਰਾਗਾ ਸਿੰਘ ਨਿਕਲਿਆ ਸਰਦਾਈ ਲੈ ਕੇ ਇਕ ਸਿੰਘ ਵਾਸਤੇ, ਮਗਰੇ ਕਾਣਾ ਹੌਲਦਾਰ ਲੱਗਾ। ਅੱਗੇ ਜਾਇਕੇ ਰਾਗਾ ਸਿੰਘ ਨਾਲਾ ਖੋਹਲਕੇ ਧਰਤੀ ਪਰ ਬੈਠਾ ਤਾ ਤੁਰਕ ਮੁੜ ਆਇਆ। ਰਾਗਾ ਸਿੰਘ ਨੇ ਜਾਇਕੇ ਸਿੰਘ ਨੂੰ ਸਰਦਾਈ ਛਕਾਈ।”

“ਇਕ ਦਿਨ ਰਾਗਾ ਸਿੰਘ ਨੇ ਆਸਨ ਵਲੇਟ ਕੇ ਬਗਲ ਵਿਚ ਲੈ ਲਿਆ ਜਾਂ ਦਰਵਾਜਾ ਲੰਘਨ ਲੱਗਾ ਤਾਂ ਸਪਾਹੀ ਨੇ ਰੋਕਿਆ ਕੇ ਤੂੰ ਕੀ ਲਈ ਜਾਂਦਾ ਹੈ? ਰਾਗਾ ਸਿੰਘ ਨੇ ਕਹਾ ਕਿ ਪਰਸਾਦੇ ਹੈਨ। ਹੌਲਦਾਰ ਭੀ ਤੇ ਹੋਰ ਭੀ ਆਇ ਇਕੱਠੇ ਹੋਏ। ਰਾਗਾ ਸਿੰਘ ਨੇ ਆਸਨ ਝਾੜਿਆ ਤਾ ਕੁਝ ਨਾ ਨਿਕਲਿਆ। ਸਰਮਿੰਦੇ ਹੋਏ ਤੁਰਕ ਨੇ, ਚਪੇੜ ਮਾਰੀ ਰਾਗਾ ਸਿੰਘ ਦੇ, ਕੇ ਕਿੱਡਾ ਛਲ ਕੀਤਾ ਹੈ।”

“ਏਕ ਸਮੇਂ ਲਾਟੋਂ ਕੀ ਢੱਕੀ ਮੇਂ ਸਿੰਘ ਸੇ। ਗੁਰੂ ਮਹਾਰਾਜ ਜੀ ਰਾਗਾ ਸਿੰਘ ਨੂੰ ਕਹਿਆ ਕਿ ਸਰਦਾਈ ਲੈ ਜਾਉ, ਸਿੰਘਾਂ ਨੂੰ ਦੇ ਆਉ ਲਾਟੋਂ ਕੀ ਢੱਕੀ ਮੇਂ ਹੈਂ। ਜਾਂ ਲੈ ਕੇ ਸਰਦਾਈ ਗਿਆ ਤਾਂ ਅੱਗੇ ਹੌਲਦਾਰ ਤੁਰਿਆ ਆਉਂਦਾ ਸੀ। ਰਾਗਾ ਸਿੰਘ ਮਦਾਨ ਬੈਠ ਗਿਆ। ਹੌਲਦਾਰ ਕਾਣਾ ਖਲੋਇ ਗਿਆ। ਚਿਰ ਤਾਲਕ ਬੈਠ ਰਿਹਾ ਰਾਗਾ ਸਿੰਘ। ਤੁਰਕ ਖੜਾ ਰਿਹਾ। ਜਾਂ ਰਾਗਾ ਸਿੰਘ ਉਠਿਆ ਤਾਂ ਕੋਲ ਜਾਇਕੇ ਤੁਰਕ ਕੇਹਨ ਲੱਗਾ ਕਿ ਸੱਚ ਕਹੁ ਕਿਸ ਨੂੰ ਦੇਣ ਚੱਲਿਆ ਹੈ ਸਰਦਾਈ। ਰਾਗਾ ਸਿੰਘ ਨੇ ਕਿਹਾ ਮੈਂ ਆਪਣੇ ਛਕਣ ਨੂੰ ਲੇ ਚੱਲਿਆ ਹਾਂ। ਹੌਲਦਾਰ ਨੇ ਕਿਹਾ ਕਿ ਤੂੰ ਤਾਂ ਸਿੰਘ ਕੋਲ ਚੱਲਿਆ ਹੈ। ਮੋੜ ਲੈ ਆਇਆ ਰਾਗਾ ਸਿੰਘ ਕੋ। ਦਰਵਜੇ ਅੱਗੇ ਆਇਕੇ ਕੈਹਣ ਲੱਗਾ ਰਾਗਾ ਸਿੰਘ ਫੜ ਲੈ ਆਂਦਾ ਹੈ ਸਰਦਾਈ ਲਈ ਜਾਂਦਾ ਸੀ ਸਿੰਘਾਂ ਲਈ।”[11]

ਜਿਸ ਘਟਨਾ ਵਿਚ ਮਸਤਾਨ ਸਿੰਘ ਉਰਫ ਰਾਗਾ ਸਿੰਘ ਦਾ ਪਹਿਲਾਂ ਪਕੜੇ ਜਾਣ ਦਾ ਸਰਕਾਰੀ ਰੀਕਾਰਡ ਵਿਚ ਵੇਰਵਾ ਉਪਰ ਆਇਆ ਹੈ ਜੇ. ਪੀ. ਵਾਰਬਰਟਨ (ਪੁਲਿਸ ਕਪਤਾਨ, ਲੁਧਿਆਣਾ) ਦੇ ਹਵਾਲੇ ਨਾਲ, ਉਹੋ ਘਟਨਾ ਭਾਈ ਸੰਤੋਖ ਸਿੰਘ ਹੋਰਾਂ ਵੀ ਲਿਖੀ ਹੈ ਪਰ ਮਾਮੂਲੀ ਫਰਕ ਨਾਲ। ਇਸ ਤੋਂ ਵੀ ਲੱਗਦਾ ਹੈ ਕਿ ਭਾਈ ਰਾਗਾ ਸਿੰਘ ਕਿਤਨਾ ਕੁਸ਼ਾਗਰ ਬੁੱਧੀ ਸੀ ਜੋ ਹਰ ਹਾਲਾਤ ਨਾਲ ਸਿੱਝਣ ਦੇ ਸਮਰੱਥ ਸੀ। ਅੰਗਰੇਜ਼ ਸਰਕਾਰ, ਗੁਰੂ ਸਾਹਿਬ ਦੇ ਦਰਸ਼ਨ ਕਰਨ ਆਉਂਦੇ ਕੂਕਿਆਂ ਤੋਂ ਕਿਤਨੀ ਭੈਭੀਤ ਸੀ 'ਤੇ ਗੁਰੂ ਹਰੀ ਸਿੰਘ ਨੂੰ ਇਕ ਕੇਂਦਰ ਬਿੰਦੂ ਸਮਝ ਕੇ, ਉਹਨਾਂ ਦੇ ਗਿਰਦ ਜੁੜਦੇ ਕੂਕਿਆਂ ਨੂੰ ਵੀ ਆਪਣੇ ਰਾਜ ਦੀ ਸਲਾਮਤੀ ਲਈ ਖ਼ਤਰਾ ਮੰਨਦੀ ਸੀ। ਪੇਸ਼ ਹੈ ਸੰਤੋਖ ਸਿੰਘ ਜੀ ਦਾ ਬਿਰਤਾਂਤ-

“ਅਤਰੀ ਖਾਨੇ ਵਾਲੀ ਭੀ, ਦਰਸਨ ਕੋ ਆਈ ਰੱਥ ਪਰ। ਲਾਟੋਂ ਕੀ ਢੱਕੀ ਮੇਂ ਗੁਰੂ ਜੀ ਭੀ ਗਏ। ਓਧਰ ਸੇ ਮੁਕਬਲਾਂ ਨੇ ਥਾਨੇਦਾਰ ਚਾੜ੍ਹ ਆਂਦਾ। ਥਾਨੇਦਾਰ ਨੇ ਸਪਾਹੀ ਭੇਜਿਆ ਕਿ ਫੜ ਲਿਆਵੋ। ਸਪਾਹੀ ਕੋ ਸਿੰਘਾਂ ਦੋ ਰੁਪਏ ਦੇ ਦੀਏ। ਸਪਾਹੀ ਨੇ ਕਹਾ ਕਿ ਇਸੀ ਕਣਕ ਮੇਂ ਵੜ ਕੇ ਛੁਪ ਜਾਓ। ਸਭ ਛੁਪ ਗਏ। ਸਪਾਹੀ ਨੇ ਰਾਗਾ ਸਿੰਘ ਫੜ ਆਂਦਾ। ਥਾਨੇਦਾਰ ਨੇ ਕਹਾ ਕਿ ਭੈਣੀ ਕੇ ਕਹਾ ਹੈਂ? ਸਪਾਹੀ ਨੇ ਕਹਾ ਕਿ ਏਈ ਥੇ ਹੋਰ ਸਿੰਘ ਚਲੇ ਗਏ। ਗੁਰੂ ਮਹਾਰਾਜ ਜੀ ਡੇਰੇ ਆਏ। ਸਪਾਹੀ ਰਥ ਨਾਲ ਲੈ ਗਏ ਲੁਧਿਆਣੇ। ਖਾਨੇਵਾਲੀ ਕੇ ਪੈਰਾਂ ਮੇਂ ਡਵਟੇ ਪਾਇ ਦੀਏ ਤੇ ਕਹਾ ਸਰਦਾਰ ਕੀ ਰਾਨੀ ਹੈ। ਬਟਨ ਕਹੇ ਕਿ ਖਾਨੇਵਾਲੀ ਅਤਰੀ ਹੈ। ਬੀਸ ਕੁ ਦਿਨ ਰੱਖ ਕੇ ਖਾਨੇ ਨੂੰ ਭੇਜੀ।”

“ਬਟਨ ਨੇ ਗੁਰੂ ਜੀ ਕੋ ਕਹਾ ਕਿ ਤੁਸੀਂ ਸਿੰਘਾਂ ਨੂੰ ਸੱਦ ਕੇ ਇਕੱਠੇ ਕਰਦੇ ਹੋ। ਤੁਮ ਟਲਦੇ ਨਹੀਂ ਹੋ। ਤੁਮਭੀ ਅਪਨੇ ਭਾਈ ਮਾਂਗੂੰ ਕਰਦੇ ਹੋ। ਸਿੰਘਾਂ ਕਾ ਇਕੱਠ ਕਰੋਗੇ ਤਾਂ ਉਨ੍ਹਾਂ ਕੇ ਵਾਂਗੂੰ ਤੁਮਕੋ ਭੀ ਲੈ ਜਾਮਾਂਗੇ। ਬੜਾ ਖਚਰਾ ਫਰੰਗੀ ਸੀ। ਤਕੋਂਦਾ

ਰਹਿੰਦਾ ਸੀ ਕਿ ਕੋਈ ਬਿਘਨ ਪਵੇ ਤਾਂ ਹੱਥ ਪਾਈਏ। ਉਸੀ ਤਰਾਂ ਫੇਰ ਓਵੇਂ ਈ ਸਿੰਘ ਐਣੇ ਜਾਣੇ ਲਗੇ ਹੈ, ਅੱਗੋ ਮਾਂਗੂ ਫੇਰ ਕੋਈ ਭਾਣਾ ਬਰਤੇਂਨਗੇ। ਫਰੰਗੀਆਂ ਕੀ ਏਹ ਮਨਸਾ ਸੀ ਕਿ ਘਟ ਤਾਂ ਜਾਣ ਬਧਨ ਨਾ। ਜਿਨ੍ਹਾਂ ਨੇ ਪੈਦਾ ਹੁੰਦਿਆਂ ਈ ਸਾਡਾ ਹੁਕਮ ਚੁਕਾਇ ਦੀਆ ਹੈ ਜੇ ਬਧ ਗਏ ਤਾਂ ਇਨ੍ਹਾਂ ਕਾ ਈ ਰਾਜ ਹੋ ਜਾਏਗਾ।"

ਭੈਣੀ ਸਾਹਿਬ ਦੇ ਕਿਸੇ ਕੂਕੇ ਦਾ ਗੁਆਂਢੀ ਪਿੰਡ ਦੇ ਖੂਹ ਤੇ ਇਸ਼ਨਾਨ ਕਰਨਾ ਵੀ ਖ਼ਤਰੇ ਤੋਂ ਖਾਲੀ ਨਹੀਂ ਸੀ। "ਰਾਈਆਂ ਕੇ ਖੂਹ ਪਰ ਰਾਗਾ ਸਿੰਘ ਇਸ਼ਨਾਨ ਕਰਦਾ ਸੀ। ਨੰਬਰਦਾਰ ਨੇ ਦੇਖ ਕੇ ਕਿਹਾ ਕਿ ਤੁਸੀਂ ਸਾਡੇ ਪਿੰਡ ਕੀ ਪਟੜੀ ਮੇਂ ਕਿਉਂ ਵੜਦੇ ਹੋ। ਸਾਡੇ ਖੂਹ ਉਤੇ ਇਸ਼ਨਾਨ ਵੀ ਨਾ ਕੀਤਾ ਕਰੋ। ਸਾਡੀਆਂ ਦਾਹੜੀਆਂ ਪੁਟਵਾਉਂਦੇ ਹੋ। ਏਥੇ ਨਾ ਆਇਆ ਕਰੋ।"

ਇਹਨਾਂ ਸਖਤੀਆਂ ਦੇ ਸਮੇਂ ਵਿਚ, ਦਰਸ਼ਨ ਅਭਿਲਾਖੀ ਸੰਗਤ ਨੂੰ, ਜੋ ਭੈਣੀ ਸਾਹਿਬ ਦੇ ਆਸ ਪਾਸ ਖਿੰਡੀ ਰਹਿੰਦੀ ਸੀ, ਬੜੀ ਦਲੇਰੀ ਨਾਲ ਪੁਲੀਸ ਚੌਂਕੀ ਦੀ ਨਜ਼ਰ ਤੋਂ ਬਚਾ ਕੇ, ਪਰਸ਼ਾਦਾ ਛਕਾਉਣਾ ਵੱਡਾ ਜੋਖ਼ਮ ਵਾਲਾ ਕਾਰਜ ਸੀ ਜਿਸਨੂੰ ਕੋਈ ਦਿਲ ਗੁਰਦੇ ਵਾਲਾ ਸਿੰਘ ਹੀ ਸਿਰੇ ਚੜ੍ਹਾਉਂਦਾ ਸੀ। ਭਾਈ ਰਾਗਾ ਸਿੰਘ ਇਹ ਸੇਵਾ ਵੱਡੀ ਸੂਰਮਗਤੀ ਨਾਲ ਨਿਬਾਹਿਆ ਕਰਦਾ ਸੀ। ਬਦਲੇ ਵਿਚ ਸਰਕਾਰੀ ਕਰਿੰਦਿਆਂ ਦੀਆਂ ਬਦਤਮੀਜ਼ੀਆਂ, ਬੱਕੜਵਾਹ ਵੀ ਬਰਦਾਸ਼ਤ ਕਰਦੇ। ਬਾਹੋਵਾਲ ਜੀ ਫਿਰ ਲਿਖਦੇ ਹਨ-

"ਤਬੇਲੇ ਦੇ ਪਾਛੇ ਨਾਂਗੇ ਵਾਲਾ, ਕੋਟ (ਕੋਟ ਗੰਗੂ ਰਾਇ) ਦੇ ਰਸਤੇ ਉਤੇ, ਖੂਹ ਸੀ। ਰੇਤੇ ਨਾਲ ਪੂਰਿਆ ਗਿਆ। ਰਾਗਾ ਸਿੰਘ ਇਕ ਸਿੰਘ ਨੂੰ ਓਧੇ ਵਿਚ ਬਠਾਲ ਆਇਆ ਕੇ ਮੈਂ ਪ੍ਰਸਾਦੇ ਲੈ ਆਂਵਦਾ ਹਾਂ। ਪ੍ਰਸਾਦਾ ਲਜਾਇ ਦੀਆ ਲੁਕਾਇਕੇ। ਸਪਾਹੀ ਨੇ ਦੇਖ ਲੀਆ। ਰਾਗਾ ਸਿੰਘ ਕੋ ਘੂਰਨੇ ਲਗਾ ਕਿ ਤੂੰ ਕਿਉਂ ਪ੍ਰਸਾਦਾ ਲੈ ਜਾਇ ਕੇ ਦੀਆ ਹੈ। ਰਾਗਾ ਸਿੰਘ ਨੇ ਕਹਾ ਕਿ ਭੁੱਖੇ ਨੂੰ ਪ੍ਰਸਾਦਾ ਦਿੱਤਾ ਹੈ, ਜਿਵੇਂ ਤੇਰੀ ਮਰਜ਼ੀ ਹੈ ਤਿਵੇਂ ਕਰ।"

"ਜੇ ਦਿਨ ਹੋਵੇ ਪ੍ਰਸਾਦਾ ਬਾਹਰ ਲਜਾਣਾ ਹੋਵੇ ਤਾਂ ਹੇਠਾਂ ਪ੍ਰਸਾਦੇ ਉਤੇ ਬਸਤਰ ਉਤੇ ਕੱਖ ਧਰ ਕੇ ਟੋਕਰਾ ਸਿਰ ਤੇ ਧਰ ਕੇ ਲੈ ਜਾਣਾ। ਜਿੱਥਿ ਸਿੰਘ ਹੋਵੇ ਓਥੇ ਈ ਪ੍ਰਸਾਦਾ ਸਿੰਘ ਨੂੰ ਦੇ ਆਉਣਾ। ਗਾਰਦ ਨੇ ਸਮਝਨਾ ਜੋ ਕੂੜਾ ਹੈ। ਨਿਕਲਦੇ ਬੜਦੇ ਸਿੰਘ ਵੰਨੀ ਨਿਗਾਹ ਰੱਖਦੇ ਹੈ। ਨਿੰਦਕਾਂ ਨੂੰ ਅਪਦਾ ਪਈ ਰਹਿੰਦੀ ਹੈ ਸੀ।"

ਸਤਿਗੁਰੂ ਰਾਮ ਸਿੰਘ ਜੀ ਦੇ ਸਮਾਜ ਸੁਧਾਰਕ ਕਾਰਜਾਂ ਵਿਚ ਜੰਮਦੀਆਂ ਲੜਕੀਆਂ ਦਾ ਮਾਰਨਾ ਰੋਕਣਾ ਅਤੇ ਲੜਕੀ ਦਾ ਵੱਟਾ ਕਰਕੇ ਅਜੋੜ ਵਿਆਹ ਕਰਨ ਬੁੱਢੇ ਜਾਂ ਕੋਝੇ ਨਾਲ ਪਰਣਾਈ ਜਾਣ ਤੇ ਵੀ ਰੋਕ ਲਾਈ ਅਤੇ ਲੜਕੀਆਂ ਦੇ ਵੇਚਣ ਤੇ ਵੀ ਰੋਕ ਲਾਈ। ਅੰਮ੍ਰਿਤਸਰ ਦਾ ਸਿਰਹਾਲੀ ਦਾ ਗਿਰਦਾ, ਲੜਕੀਆਂ ਜੰਮਦੀਆਂ ਮਾਰਨ ਵਜੋਂ ਬਦਨਾਮ ਹੋਇਆ ਮਾਝੇ ਦਾ ਖਿੱਤਾ ਸੀ। ਸ੍ਰੀ ਭੈਣੀ ਸਾਹਿਬ ਜਿਸ ਖਿਤੇ ਵਿਚ ਆਉਂਦਾ ਹੈ ਉਹ ਪੁਆਧ ਕਹਾਉਂਦਾ ਹੈ। ਇਹ ਲੜਕੀਆਂ ਵੇਚਣ ਲਈ ਬਦਨਾਮੀ ਖੱਟ ਚੁੱਕਾ ਸੀ। ਮਾਝੇ ਦੇ ਵਰਿਆਹ ਪਿੰਡ ਦੀ ਸੂਬਾ ਮਾਈ ਹੁਕਮੀ ਅਤੇ ਪੁਆਧ ਦੇ ਲੱਲ ਕਲਾਂ ਦਾ ਭਾਈ ਰਾਗਾ ਸਿੰਘ, ਦੋਵੇਂ ਡੇਰੇ ਭੈਣੀ ਸਾਹਿਬ ਇਕੱਠੇ ਰਹਿੰਦੇ ਸਨ। ਇਕ ਦਿਨ ਦੋਹਾਂ ਦੀ ਆਪੋ ਵਿਚ ਕੁਝ ਤਕਰਾਰ ਹੋ ਗਈ। ਫੈਸਲਾ ਗੁਰੂ ਹਰੀ ਸਿੰਘ ਜੀ ਨੇ ਰਾਗਾ ਸਿੰਘ ਹੋਰਾਂ ਦੇ ਹੱਕ ਵਿਚ ਕੀਤਾ-

"ਰਾਗਾ ਸਿੰਘ ਨੇ ਅਰਜ਼ ਕੀਤੀ ਗੁਰੂ ਜੀ ਕੇ ਹਜ਼ੂਰ, ਜੀ ਹੁਕਮੀ ਤਾਂ ਕੁੜੀਆਂ ਮਾਰ ਦੇਣ ਵਾਲੇ ਮੁਲਖ ਕੀ ਹੈ ਤੇ ਮੈਂ ਹਾਂ ਬੇਚ ਦੇਣ ਵਾਲੇ ਮੁਲਖ ਕਾ। ਗੁਰੂ ਜੀ ਬਚਨ ਕੀਤਾ-ਮਾਰ ਦੇਣ ਨਾਲੋਂ ਬੇਚ ਦੇਣ ਵਾਲਾ ਚੰਗਾ ਹੈ। ਹੁਕਮੀ ਨੇ ਕਹਾ ਤਦੇ ਹੀ ਅੱਛੀ ਨਗਰੀ ਦੇਖ ਕੇ ਅਵਤਾਰ ਧਾਰਿਆ ਹੈ। ਬਚਨ ਹੋਇਆ-ਏਥੇ ਤਾਂ ਪੁੱਤਾਂ ਵਾਂਗੂੰ ਪਾਲਦੇ ਹਨ ਕੁੜੀਆਂ ਨੂੰ।"

ਜਦੋਂ ਕਦੇ ਗੁਰੂ ਹਰੀ ਸਿੰਘ ਜੀ ਨੂੰ ਕੋਈ ਸਰੀਰਕ ਤਕਲੀਫ ਘੇਰ ਲੈਂਦੀ ਤਾਂ ਭਾਈ ਰਾਗਾ ਸਿੰਘ ਡੇਰਾ ਪਰਬੰਧਕ ਦਾਨ ਸਿੰਘ ਸਣੇ ਤਨਦੇਹੀ ਨਾਲ ਸੇਵਾ ਨਿਬਾਹੁੰਦੇ ਸਨ। "ਸਾਰੀ ਰਾਤ ਬੇਅਰਾਮ ਕੀ ਕੱਟੀ। ਰਾਗਾ ਸਿੰਘ ਤੇ ਦਾਨ ਸਿੰਘ ਸਾਰੀ ਰਾਤ ਜਾਗਦੇ ਰਹੇ।"

ਭਾਈ ਰਾਗਾ ਸਿੰਘ ਦਾ ਹਿਰਦਾ ਕਿਸੇ ਦੇ ਵੀ ਦੁਖ ਵਿਚ ਦਰਵਿਤ ਹੋ ਜਾਂਦਾ ਸੀ। ਜਦੋਂ ਵੀ ਕੋਈ ਸਿੰਘ ਮਨਮੱਤ ਕਰਦਾ ਤਾਂ ਉਹ ਮੂੰਹ ਰੱਖਵੀਂ ਕਰਨ ਦੀ ਥਾਂ ਉਸਨੂੰ ਸੁਧਾਰਨ ਲਈ, ਗੁਰੂ ਸਾਹਿਬ ਨੂੰ ਬੇਨਤੀ ਕਰਦਾ। ਇਸ ਵਿਚ ਗ਼ਲਤੀ ਕਰਨ ਵਾਲੇ ਦਾ ਵੀ ਭਲਾ ਹੁੰਦਾ ਹੈ ਅਤੇ ਭਾਈਚਾਰੇ ਦੀ ਸ਼ਾਨ ਵੀ ਬਣੀ ਰਹਿੰਦੀ ਹੈ। "ਰਾਗਾ ਸਿੰਘ ਨੇ ਅਰਜ਼ ਕੀਤੀ ਜੀ ਏਸ ਸਿੰਘ ਨੇ ਜਲ ਨਹੀਂ ਦੀਆਂ ਮੰਗਿਆਂ ਤੇ ਬਚਨ ਹੋਇਆ ਬੜੀ ਮਾੜੀ ਗੱਲ ਹੈ ਖੂਹ ਤੇ ਖੜੇ ਜਲ ਨਾ ਦੇਣਾ। ਏਹ ਤਾਂ ਸਿੰਘ ਸੀ ਜੇਕਰ ਚੂਰਾਸੀ* ਦਾ ਭੀ ਕੋਈ ਜਲ ਮੰਗੇ ਤਾਂ ਉਸਕੋ ਭੀ ਦਿਤਾ ਚਾਹੀਏ।"

ਇਕ ਡਿਪਟੀ ਪਿੰਡ ਦੀ ਸ਼ਾਮਲਾਟ ਜ਼ਮੀਨ ਦੀ ਮਿਣਤੀ ਕਰਕੇ ਨਿਸ਼ਾਨ ਲਾਉਂਦਾ ਸੀ। ਗੁਰਦੇਈ ਖੰਨੇ ਵਾਲੀ ਨੂੰ ਡੇਰੇ ਦੇ ਅੰਦਰ ਜਾਣ ਲਈ, ਦੋ ਰੁਪੈ ਰਿਸ਼ਵਤ ਪੁਲਸ ਚੌਕੀ ਦਾ ਸਿਪਾਹੀ ਮੰਗਦਾ ਸੀ, ਕਿਉਂਕਿ ਗੁਰਦੇਈ ਦੇ ਪੁੱਤਰ ਰਤਨ ਸਿੰਘ ਨੇ ਉਸ ਸਿਪਾਹੀ ਨੂੰ, ਰਾਮਸਰ, ਲੰਗਰ ਦੀ ਪੈਲੀ ਵਿਚੋਂ, ਬਿਨਾ ਪੁੱਛਿਆ ਗੰਢੇ ਪੁੱਟਣ ਤੋਂ ਰੋਕਿਆ ਸੀ। ਉਸ ਡਿਪਟੀ ਲਈ ਲੰਬੜਦਾਰ

** ਉਹ ਲੋਕ ਜਿਹਨਾਂ ਨਾਮਧਾਰੀ ਸੰਤ ਖਾਲਸੇ ਦੀ ਮਰਿਆਦਾ ਨਹੀਂ ਧਾਰਨ ਕੀਤੀ।*

ਪਿੰਡ ਦੇ ਨੇ, ਡੇਰੇ ਵਾਲਿਆਂ ਤੋਂ ਬਾਲਣ ਮੰਗਿਆ। ਗੁਰੂ ਹਰੀ ਸਿੰਘ ਪਹਿਲਾਂ ਹੀ ਪੁਲੀਸ ਦੇ ਰਵੱਈਏ ਤੋਂ ਪੀੜਿਤ ਸਨ। ਆਪ ਨੇ ਬਾਲਣ ਦੇਣ ਤੋਂ ਇਨਕਾਰ ਕਰ ਦਿੱਤਾ।

"ਰਾਗਾ ਸਿੰਘ ਨੇ ਕਹਿਆ ਜੀ ਏਹ ਡਿਪਟੀ ਠੱਡੇ ਲਾਉਂਦਾ ਹੈ। ਗੁਰੂ ਜੀ ਬਚਨ ਕੀਤਾ-ਤੁਸੀਂ ਠੱਡੇ ਲਾਮਦੇ ਫਿਰਦੇ ਹੋ। ਦੇਖੋ ਤਾਂ ਸਹੀ ਕੀ ਰੰਗ ਖੁੱਲ੍ਹਦਾ ਹੈ। ਪਈਆਂ ਹੀ ਰਹਿ ਜਾਣੀਆਂ ਹੈ (ਜ਼ਮੀਨਾਂ)। ਤੁਸੀਂ ਤਾਂ ਏਥੇ ਰਹਿਣ ਦੀਆਂ ਬਾਤਾਂ ਕਰਦੇ ਹੋ।" ਇਹ ਭਾਈ ਰਾਗਾ ਸਿੰਘ ਦਾ ਹਜ਼ੂਰੀ ਸੇਵਕ ਹੀ ਸੀ ਜਿਸ ਨਾਲ ਗੁਰੂ ਹਰੀ ਸਿੰਘ ਅਕਸਰ ਪਰਮਾਰਥ ਦੇ ਬਚਨ ਵੀ ਕਰਿਆ ਕਰਦੇ ਸਨ ਕਿਸੇ ਪਰਸੰਗ ਪਰਥਾਇ।

ਗੁਰੂ ਹਰੀ ਸਿੰਘ ਜੀ ਦੇ ਸ੍ਰੀ ਭੈਣੀ ਸਾਹਿਬ ਵਿਖੇ ਨਿੱਤ ਕਰਮ ਦੇ ਬਹਾਨੇ ਰਾਗਾ ਸਿੰਘ ਉਹਨਾਂ ਦੀ ਮਸਤਾਨੀ ਬਿਰਤੀ ਦਾ ਜ਼ਿਕਰ ਵੀ ਆਉਂਦਾ ਹੈ ਅਤੇ ਇਹ ਨਿਰਨਾ ਵੀ ਬਾਹੋਵਾਲ ਜੀ ਅੱਕਟ ਰੂਪ ਵਿਚ ਕਰ ਦਿੰਦੇ ਹਨ ਕਿ ਭਾਈ ਮਸਤਾਨ ਸਿੰਘ ਰਾਗੀ ਹੀ ਰਾਗਾ ਸਿੰਘ ਦਾ ਪਹਿਲਾ ਨਾਂ ਹੈ ਜਿਸ ਨੂੰ ਸਮਾਂ ਪਾ ਕੇ ਸਾਰੇ ਹੀ ਭੁੱਲ ਗਏ ਸਨ।

"ਸਤਿਗੁਰੂ ਹਰੀ ਸਿੰਘ ਜੀ ਜਪੁ ਜਾਪੁ ਕਾ ਪਾਠ ਸੰਚੀ ਉਤੋਂ ਕਰਨਾ। ਆਸਾ ਕੀ ਵਾਰ ਕਾ ਭੀ ਕਰਨਾ। ਸਵੇਰੇ ਦੋ ਵਜੇ ਇਸ਼ਨਾਨ ਕਰਨਾ ਤੇ ਰਾਗੀ ਸਿੰਘ ਆਸਾ ਦੀ ਵਾਰ ਲੌਂਦੇ ਹੈ ਰੋਜ਼ ਨੇਮ ਨਾਲ। ਧਰਮ ਰੀਤੀ ਸਾਰੀ ਪੂਰੀ ਪੂਰੀ ਹੈ। ਅੱਠੋ ਪਹਿਰ ਨਾਮ ਕੀ ਧੁਨ ਲੱਗੀ ਰਹਿੰਦੀ ਹੈ। ਹਰੀ ਜੱਸ ਹੁੰਦਾ ਰਹਿੰਦਾ ਹੈ। ਪਿਛਲੇ ਪਹਿਰ ਭਾਈ ਨਰੈਣ ਸਿੰਘ ਜੀ ਸੂਰਜ ਪ੍ਰਕਾਸ ਕੀ ਕਥਾ ਕਰਦੇ ਹੈਂ। ਰਾਤ ਕੋ ਫਿਰੰ ਦੀਵਾਨ ਲੱਗਦਾ ਹੈ। ਸਿੰਘ ਹੱਲੇ ਕੇ ਸ਼ਬਦ ਪੜ੍ਹਦੇ ਹੈਂ। ਸਵਾ ਪਹਿਰ ਸੇ ਫਿਰ ਮਸਤਾਨ ਸਿੰਘ (ਏਸ ਨੂੰ ਰਾਗਾ ਸਿੰਘ ਵੀ ਕਹਿੰਦੇ ਸੇ) ਮਸਤਾਨਾ ਹੋਇਕੇ ਆਸਾ ਦੀ ਵਾਰ ਲਾਮਦਾ ਹੈ।"

ਗੁਰੂ ਸਾਹਿਬਾਨ ਦੀ ਇਹ ਮਰਿਆਦਾ ਰਹੀ ਹੈ ਕਿ ਉਹ ਅਰਦਾਸ ਵਿਚ ਆਪਣਾ ਨਾਮ ਆਪਣੇ ਹਜ਼ੂਰੀ ਸਿੰਘਾਂ ਨੂੰ ਨਹੀਂ ਲੈਣ ਦਿੰਦੇ। ਉਹਨਾਂ ਦੀ ਨਿਰਮਾਣਤਾ ਇਸੇ ਵਿਚ ਲੁਕੀ ਹੁੰਦੀ ਹੈ। ਪਰ ਭਾਈ ਰਾਗਾ ਸਿੰਘ ਇਸ਼ਾਰਿਆਂ ਤੇ ਸੰਕੇਤਾਂ ਨਾਲ ਹਾਜ਼ਰਾ ਹਜ਼ੂਰ ਜੀ ਦਾ ਨਾਮ, ਅਰਦਾਸ ਵਿਚ ਲੈ ਕੇ ਸੰਤੁਸ਼ਟ ਹੁੰਦਾ ਸੀ। "ਰਾਗਾ ਸਿੰਘ ਰੋਜ਼ ਨਾਉਂ ਲੈਂਦਾ ਹੈ ਪਰ ਦ੍ਰਿਸ਼ਟ ਕੂਟ ਨਾਲ ਕਹਿਣਾ।"

ਗੁਰੂ ਹਰੀ ਸਿੰਘ ਜੀ ਦੇ ਸਮੇਂ ਗੁਰਦੁਆਰਾ ਭੈਣੀ ਸਾਹਿਬ ਵਿਚ ਹੋਰਨਾਂ ਭੇਖਾਂ ਦੇ ਸਿੰਘ ਵੀ ਆਉਂਦੇ ਜਾਂਦੇ ਸਨ, ਦਰਸ਼ਨਾਂ ਵਾਸਤੇ। ਭਾਈ ਰਾਗਾ ਸਿੰਘ ਹੋਰਾਂ ਦੀ ਕੋਸ਼ਿਸ਼ ਹੁੰਦੀ ਸੀ ਕਿ ਉਹਨਾਂ ਨੂੰ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠ ਲਿਆਂਦਾ ਜਾਏ। ਇਸ ਲਈ ਉਹ ਆਉਣ ਵਾਲਿਆਂ ਨੂੰ ਨਾਮ ਦੀ ਦਾਤ ਲੈਣ ਲਈ ਪ੍ਰੇਰਿਆ ਕਰਦਾ ਸੀ। ਕਈ ਉਸਦੀ ਅਰਜ਼ ਮੰਨ ਲੈਂਦੇ। ਕੁਝ ਆਪਣੀ ਮੌਜ ਵਿਚ ਜਾਂ ਕਿਸੇ ਅਭਿਮਾਨ ਵਿਚ ਰਹਿੰਦੇ ਅਤੇ ਨਾਂ ਗੌਲਦੇ। ਇਸ ਤੇ ਗੁਰੂ ਹਰੀ ਸਿੰਘ ਜੀ ਕੋਲੋਂ ਕਹਿ ਦਿੰਦੇ ਕਿ ਰਾਗਾ ਸਿੰਘ ਦਾ ਤਾਂ ਐਸਾ ਸੁਭਾਉ ਹੈ। ਨਾਮ ਲੈਣਾ ਤੁਹਾਡੀ ਖੁਸ਼ੀ ਹੈ। ਤੇ ਗੱਲ ਨੂੰ ਸਹਿਜ ਕਰ ਦਿੰਦੇ। "ਏਕ ਸੂਰਮਾ ਸਿੰਘ ਆਇਆ। ਗ੍ਰੰਥ ਸਾਹਿਬ ਜੀ ਕੇ ਅਰਥ ਲਾਂਵਦਾ ਸੀ। ਰਾਗਾ ਸਿੰਘ ਨੇ ਕਹਿਆ ਭਜਨ ਲੈ ਲੈ। ਸੂਰਮਾ ਸਿੰਘ ਨੇ ਕਹਿਆ ਮੇਰੇ ਮੇਂ ਕੀ ਘਾਟਾ ਹੈ ਜੋ ਭਜਨ ਲਵਾਂ। ਅਰਥ ਕਰਦਿਆਂ ਜਿਥੇ ਨਾਮ ਜਪਣ ਦਾ ਕਹੇ ਉਥੇ ਗੁਰੂ ਜੀ ਭੀ ਬਚਨ ਕਰ ਦੇਣ ਕਿ ਸਾਡੇ ਰਾਗਾ ਸਿੰਘ ਨੂੰ ਸੁਭਾਉ ਪਿਆ ਹੋਇਆ ਹੈ ਭਜਨ ਲੈਣ ਨੂੰ ਕਹਿਣ ਦਾ, ਚਾਹੇ ਕੋਈ ਲਵੇ ਚਾਹੇ ਨਾ ਲਵੇ।" ਇੱਥੇ ਸ਼ਬਦ "ਸਾਡਾ ਰਾਗਾ ਸਿੰਘ" ਉਸ ਆਤਮੀਅਤਾ ਦਾ ਪ੍ਰਤੀਕ ਹੈ ਜੋ ਉਸਦੇ, ਗੁਰੂ ਹਰੀ ਸਿੰਘ ਜੀ ਦੀ ਸਦਾ ਹਾਜ਼ਰੀ ਵਿਚ ਰਹਿਣ ਸਦਕਾ, ਸਿਰਜੀ ਗਈ ਸੀ। "ਏਕ ਦਿਨ ਰਾਗਾ ਸਿੰਘ ਨੇ ਕਹਿਆ ਜੀ ਫਲਾਨਾ ਫਲਾਨਾ ਸਾਧ ਹੈ। ਗੁਰੂ ਜੀ ਬਚਨ ਕੀਤਾ ਏਹ ਭੀ ਜਹਾਜ ਕੇ ਸੰਗਲ ਹੈ।" ਜਹਾਜ ਕਿਤਨਾ ਵੀ ਮਜ਼ਬੂਤ ਹੋਵੇ ਜੇ ਉਸਦੇ ਸੰਗਲ ਨਾ ਹੋਣ ਤਾਂ ਕਿਨਾਰੇ ਤੇ ਖੜ੍ਹਾ ਨਹੀਂ ਕੀਤਾ ਜਾ ਸੱਕਦਾ। ਸੋ ਸਤਿਗੁਰੂ ਜੀ ਗੋਹਜ ਗਿਆਨ ਦੀ ਵਿਚਾਰ ਚਰਚਾ, ਆਪਣੇ ਪਿਆਰੇ ਆਤਮ ਅਭਿਲਾਖੀ ਸਿੱਖ ਨਾਲ, ਕਰਦੇ ਰਹਿੰਦੇ ਹਨ।

ਭਾਈ ਰਾਗਾ ਸਿੰਘ ਨੇ, ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਅਤੇ ਫਿਰ ਗੁਰੂ ਹਰੀ ਸਿੰਘ ਜੀ ਦੇ ਸਮੇਂ ਚਾਲ੍ਹੀ ਵਰ੍ਹੇ ਦਾ ਲੰਮਾਂ ਸਮਾਂ, ਡੇਰਾ ਸ੍ਰੀ ਭੈਣੀ ਸਾਹਿਬ ਵਿਚ ਰਹਿ ਕੇ, ਕੀਰਤਨ ਦੀ ਸੇਵਾ ਵੀ ਕੀਤੀ। ਹਜ਼ੂਰੀ ਸਿੱਖ ਵੀ ਗੁਰੂ ਜੀ ਦਾ ਰਿਹਾ ਅਤੇ ਹੋਰ ਸੰਗਤ ਦੀ ਯਥਾ ਜੋਗ ਸੇਵਾ ਵੀ ਨਿਭਾਹੁੰਦਾ ਰਿਹਾ। ਇਸ ਤਰ੍ਹਾਂ ਉਹਨਾਂ ਦਾ ਮਨ ਬੜਾ ਨਿਰਮਲ ਹੋ ਗਿਆ ਸੀ। ਅਜਿਹੇ ਸੋਧੇ ਹੋਏ ਆਪੇ ਦੇ ਦਰਸ਼ਨ ਬਾਹੋਵਾਲ ਜੀ ਦੀ ਲਿਖਤ ਵਿਚ ਹੁੰਦੇ ਹਨ ਜਿੱਥੇ ਉਹ ਗੁਰੂ ਹਰੀ ਸਿੰਘ ਜੀ ਨੂੰ, ਸਭ ਦੇ ਪੜਦੇ ਢੱਕਣ ਦੀ ਬੇਨਤੀ ਕਰਦੇ ਹਨ-

"ਏਕ ਦਿਨ ਪ੍ਰਸੰਨ ਹੋਇਕੇ ਦੀਨਾ ਨਾਥ ਜੀ ਬਚਨ ਕੀਤਾ-ਰਾਗਾ ਸਿੰਘ ਤੈਨੂੰ ਦਸੀਏ ਸੰਤਾਂ ਦੀਆਂ ਸੰਤ ਗੀਰੀਆਂ। ਰਾਗਾ ਸਿੰਘ ਨੇ ਕਹਿਆ ਜੀ ਤੁਸੀਂ ਸਦਾ ਹੀ ਪੜਦੇ ਕੱਜ ਹੋ, ਅਸੀਂ ਜੀਵ ਸਦਾ ਹੀ ਭੁਲਣਹਾਰੇ ਹੈ। ਸਾਡੀਆਂ ਕਾਹਦੀਆਂ ਸੰਤ ਗੀਰੀਆਂ ਹੈਨ। ਮਨ ਤਾਂ ਸਾਰਿਆਂ ਦੇ ਡੋਲਦੇ ਰਹਿੰਦੇ ਹਨ। ਆਦਿ ਅੰਤ

Namdhari Elibrary NamdhariElibrary@gmail.com

ਪੜਦੇ ਢੱਕਦੇ ਆਏ ਹੋ। ਹੁਣ ਭੀ ਤੁਸਾਂ ਈ ਜੀਆਂ ਦੇ ਪੜਦੇ ਢੱਕਣੇ ਹੈਨ, ਬਖਸ਼ੋ। ਬੁਰੇ ਭਲੇ ਹਮ ਥਾਰੇ। ਬਚਨ ਕੀਤਾ ਗੁਰੂ ਕੇ ਘਰ ਕਾ ਨੁਕਸਾਨ ਕਰਨ ਵਾਲਾ ਬੁਰਾ ਲੱਗਦਾ ਹੈ ਭਾਵੇਂ ਦਮੜੀ ਦਾ ਨੁਕਸਾਨ ਕਰੇ।"

ਗੁਰੂ ਹਰੀ ਸਿੰਘ ਜੀ ਦਾ ਸਾਰਾ ਸਮਾਂ ਸਤਿਗੁਰੂ ਰਾਮ ਸਿੰਘ ਜੀ ਦੀ ਉਡੀਕ ਵਿਚ ਬਤੀਤ ਹੁੰਦਾ ਸੀ। ਸਿੱਖ ਸੰਗਤਾਂ ਵੀ ਅਕਸਰ ਪੁੱਛਦੀਆਂ ਰਹਿੰਦੀਆਂ ਕਿ ਕਦੋਂ ਘਰ ਪਰਤਨਗੇ? "ਗੁਰੂ ਜੀ ਬਚਨ ਕੀਤਾ-ਸਤਿਗੁਰਾਂ ਦੇ ਆਇਆ ਤੇ ਅੱਗੇ ਪੱਲਾ ਪਾਇ ਕੇ ਖੜੇ ਹੋਇ ਜਾਵਾਂਗੇ। ਰਾਗਾਂ ਸਿੰਘ ਨੇ ਕਹਿਆ-ਜੀ ਸੰਗਤ ਧੁਆਡੇ ਪਿਛੇ ਗਲ ਮੈਂ ਪੱਲਾ ਪਾਇ ਕੇ ਖੜੀ ਹੋਇ ਜਾਵੇਗੀ, ਤੁਸੀਂ ਬਖਸ਼ਾਇਓ ਸੰਗਤ ਕੋ। ਹੁਣ ਭੀ ਸੰਗਤ ਤੁਸਾਡੇ ਹੁਕਮ ਵਿਚ ਹੈ।" ਇਸ ਤਰ੍ਹਾਂ ਦੇ ਧੀਰਜ ਧਰਵਾਸੇ ਵਾਲੇ ਬਚਨਾਂ ਨਾਲ, ਪਰਦੇਸੀ ਪ੍ਰੀਤਮ ਦੇ ਬਿਰਹੁੰ ਵਿਛੁੰਨੇ ਕੂਕੇ ਸਿੰਘ, ਆਪਣਾ ਮਨ ਪਰਚਾਵਾ ਕਰਦੇ ਰਹਿੰਦੇ ਸਨ।

ਭੈਣੀ ਸਾਹਿਬ ਦੇ ਆਸੇ ਪਾਸੇ ਜਦੋਂ ਦੂਸਰੀਆਂ ਸਿੱਖ ਸੰਪਰਦਾਵਾਂ ਦਾ ਵੀ ਕੋਈ ਇਕੱਠ ਹੁੰਦਾ ਤਾਂ ਆਮ ਸਿੱਖ, ਸਤਿਗੁਰੂ ਜੀ ਤੋਂ ਆਗਿਆ ਲੈ ਕੇ ਚਲੇ ਜਾਂਦੇ ਸਨ। ਪਰੰਤੂ ਭਾਈ ਰਾਗਾ ਸਿੰਘ ਹੋਰਾਂ ਨੂੰ ਹਮੇਸ਼ਾਂ ਹਜ਼ੂਰੀ ਵਿਚ ਰਹਿਣ ਦੀ ਸੇਵਾ ਨਿਬਾਹੁਣੀ ਪੈਂਦੀ ਸੀ। ਉਹ ਇਹਨਾਂ ਸਮਾਗਮਾਂ ਤੋਂ ਵੀ ਪਰਹੇਜ਼ ਕਰ ਜਾਇਆ ਕਰਦੇ ਸਨ। ਉਹਨਾਂ ਕਦੇ ਵੀ ਆਪਣੇ ਸੇਵਾ ਕਾਲ ਵਿਚ ਗੁਰੂ ਹਰੀ ਸਿੰਘ ਜੀ ਦੇ ਹੁਕਮ ਦੀ ਕੋਈ ਅਵੱਗਿਆ ਕੀਤੀ ਹੋਵੇ ਜਾਂ ਕੋਈ ਮੰਦਾ ਫਿੱਕਾ ਬਚਨ ਮੂੰਹੋਂ ਕੱਢਿਆ ਹੋਵੇ, ਇਸ ਦਾ ਸਬੂਤ ਨਹੀਂ ਮਿਲਦਾ।

ਅਪਾਤਕਾਲ ਦੀ ਮਰਿਆਦਾ, ਆਮ ਸਮੇਂ ਨਾਲੋਂ ਵੱਖਰੀ ਹੁੰਦੀ ਹੈ। ਗੁਰੂ ਹਰੀ ਸਿੰਘ ਜੀ ਦੇ ਸਮੇਂ ਜਦੋਂ ਨਾਮਧਾਰੀ ਸਿੰਘਾਂ ਨੂੰ ਆਪਣੇ ਇਸ਼ਟ ਅਤੇ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਸੰਭਵ ਨਹੀਂ ਸਨ ਰਹੇ ਤਾਂ ਅਜਿਹੀਆਂ ਹਾਲਾਤ ਵਿਚ, ਸ਼ਰਧਾਵਾਨ ਸਿੱਖ ਆਪਣੇ ਲੜਕੇ ਲੜਕੀਆਂ ਦੇ ਅਨੰਦ, ਗੁਰੂ ਦਰਬਾਰ ਵਿਚ ਕਰਨ ਦੀਆਂ ਖੁਸ਼ੀਆਂ ਲੈਣੀ ਚਾਹੁੰਦੇ ਸਨ। ਉਹਨਾਂ ਲਈ ਗੁਰੂ ਹਰੀ ਸਿੰਘ ਜੀ ਨੇ ਮਰਿਆਦਾ ਦੇ ਬੰਧਨ ਨਰਮ ਕਰ ਦਿੱਤੇ ਸਨ। ਅਜੇਹੀ ਹਾਲਤ ਵਿਚ ਜਦੋਂ ਗੁਰਦੁਆਰੇ ਤੋਂ ਬਾਹਰ, ਗੁਰੂ ਹਰੀ ਸਿੰਘ ਜੀ ਇਕੱਲੇ ਉਜਾੜ ਬੀਆਬਾਨ ਵਿਚ ਬੰਦਗੀ ਕਰਦੇ ਹੁੰਦੇ, ਮੱਲ੍ਹੇਆਣਾ ਛੱਪੜ ਤੇ ਤਾਂ ਨਾ ਇੱਥੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਆਂਦੀ ਜਾਂ ਸੱਕਦੀ ਸੀ। ਨਾ ਹਵਨ ਜੋਗੇ, ਸਿੰਘ ਇਕੱਠੇ ਹੁੰਦੇ। ਸੋ ਅਜਿਹੇ ਸਮੇਂ ਗੁਰੂ ਕੇ ਹੁਕਮ ਮੁਤਾਬਿਕ ਭਾਈ ਰਾਗਾ ਸਿੰਘ ਇਹਨਾਂ ਜੋੜਿਆਂ ਦਾ ਅਰਦਾਸਾ ਕਰਕੇ ਹੀ, ਅਨੰਦ ਦੀ ਰਸਮ ਪੂਰੀ ਕਰ ਦਿੰਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਾਵਨ ਉਪਦੇਸ਼ਾਂ ਵਿਚ ਇਹ ਵੇਰਵਾ ਸੰਕਲਿਤ ਹੈ-

"(ਮੱਲੇ ਆਣਾ) ਮਲ੍ਹਿਆਂ ਵਾਲਾ ਛੱਪੜ ਹੈ, ਉਥੇ ਛੇ ਲੜਕੇ, ਛੇ ਲੜਕੀਆਂ ਆਏ। ਨਾ ਕੜਾਹ ਪ੍ਰਸਾਦਿ, ਨਾ ਗ੍ਰੰਥ ਸਾਹਿਬ, ਨਾ ਹਵਨ, ਨਾ ਕੁਛ। ਸਤਿਗੁਰੂ ਹਰੀ ਸਿੰਘ ਜੀ ਗਏ ਚੋਰੀ। ਉਹ ਬਾਹਰੋਂ ਆਏ, ਉਥੇ ਕਰਕੇ ਗੰਢ ਜੋੜੇ ਆਖਿਆ-ਕਰ ਰਾਗਾ ਸਿਹਾਂ ਅਰਦਾਸਾ। ਬਿਪਤਾ ਦੇ ਧਰਮ ਨੂੰ ਮੁੱਖ ਰੱਖ ਕੇ, ਉਹ ਕੰਮ ਕੀਤਾ। ਮਰਯਾਦਾ ਇਹੋ ਹੀ ਹੈ ਜਿਹੜੀ ਹੈ ਤੁਹਾਡੇ ਸਾਹਮਣੇ- ਜਿਸ ਤਰ੍ਹਾਂ ਲਾਵਾਂ ਫੇਰੇ, ਕਿਉਂਕਿ ਹਿੰਦੁਸਤਾਨ ਦੀ ਪੱਧਤੀ ਪਹਿਲੇ ਦਿਨ ਤੋਂ ਇਹ ਚਲੀ ਆਈ ਹੈ।"

ਭਾਈ ਰਾਗਾ ਸਿੰਘ ਦਾ ਭਾਈ ਜਮੀਅਤ ਸਿੰਘ ਸੀ। ਉਸਦੀ ਉਮਰ ਸਰਕਾਰੀ ਰੀਕਾਰਡ ਮੁਤਾਬਿਕ ੫੦ ਸਾਲ ਸੀ (੧੮੮੦ ਈ. ਵਿਚ) ਉਸਦਾ ਪਿਤਾ ਹੇਮ ਸਿੰਘ ਸੀ। ਉਸਨੂੰ ਵਪਾਰੀ ਆਦਮੀ ਲਿਖਿਆ ਹੈ। ਉਸ ਦਾ ਪਿੰਡ ਲੱਲਾਂ, ਥਾਣਾ ਦੋਰਾਹਾ (ਰਿਆਸਤ ਪਟਿਆਲਾ) ਹੈ। ਭੈਣੀ ਸਾਹਿਬ ਵਿਚ ਉਸਨੇ ਇਕ ਦੁਕਾਨ ਵੀ ਖੋਹਲੀ ਹੈ ਅਤੇ ਉਹ ਗੁਰੂ ਹਰੀ ਸਿੰਘ ਦਾ ਹਿਸਾਬ ਕਿਤਾਬ ਵੀ ਰੱਖਦਾ ਹੈ। ਉਹਨੂੰ ਵੀ ਸਰਕਾਰ ਅੰਗਰੇਜ਼ੀ "ਆਪਣੇ ਲਈ" ਭੈੜੇ ਸੁਭਾਅ ਵਾਲਾ ਸਮਝਦੀ ਹੈ। ਬੇਸ਼ਕ ਸਰਕਾਰੀ ਰੀਕਾਰਡ ਵਿਚ ਇਹਨਾਂ ਦੋਹਾਂ ਦੇ ਭਾਈ ਹੋਣ ਦਾ ਜ਼ਿਕਰ ਨਹੀਂ ਪਰ ਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਵਿਚ ਦੋਹਾਂ ਦਾ ਜ਼ਿਕਰ ਨਾਲ ਨਾਲ ਹੋਣਾ, ਰਾਗਾ ਸਿੰਘ ਦਾ ਸਤਿਗੁਰੂ ਬਿਲਾਸ ਦੀ ਅਗਵਾਹੀ ਮੁਤਾਬਿਕ ਭੈਣੀ ਸਾਹਿਬ ਦੇ ਗਿਰਦੇ ਦੇ ਪੁਆਧ ਖਿੱਤੇ ਦਾ ਹੋਣਾ ਲੱਲ ਕਲਾਂ ਉਹਨਾਂ ਦਾ ਪਿੰਡ ਹੋਣ ਨੂੰ ਸਾਬਤ ਜ਼ਰੂਰ ਕਰਦਾ ਹੈ। ਜਦੋਂ ਕਿਸੇ ਲਹਿਰ ਦੇ ਲੋਕ ਉਹਦੇ ਆਵੇਸ਼ ਦੀ ਜਕੜ ਵਿਚ ਹੁੰਦੇ ਹਨ ਉਹ ਆਪਣਾ ਪਿੰਡ ਪੱਤਣ ਜਾਂ ਮੂਲ ਸਥਾਨ ਭੁੱਲ ਜਾਂਦੇ ਹਨ। ਉਹਨਾਂ ਦੇ ਪਿੰਡਾਂ ਨਾਲੋਂ ਭੈਣੀ ਸਾਹਿਬ ਦੀ ਮਹੱਤਤਾ ਕਈ ਗੁਣਾਂ ਵਧ ਗਈ ਸੀ ਜੋ ਪਿੰਡ ਉਹਨਾਂ ਦੇ ਚੇਤਿਆਂ ਵਿਚੋਂ ਖੁਰ ਗਏ ਸਨ। ਸੂਫੀ ਕਵੀ ਦੇ ਸ਼ਬਦਾਂ ਮੁਤਾਬਿਕ-

"ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖਤ ਹਜਾਰੇ।
ਜਿਤ ਵਲ ਯਾਰ ਉੱਤੇ ਵੱਲ ਕਾਅਬਾ, ਭਾਵੇਂ ਵੇਖ ਕਤੇਬਾ ਚਾਰੇ।"

ਗੁਰੂ ਹਰੀ ਸਿੰਘ ਜੀ ਨੇ ਲੰਮਾ ਸਮਾਂ, ਰਾਗਾ ਸਿੰਘ ਹੋਰਾਂ ਦੀ ਸੇਵਾ ਮਾਣੀ ਸੀ। ਜਦੋਂ ਮਈ ੧੯੦੬ ਵਿਚ ਆਪ ਦਾ ਅੰਤ ਸਮਾਂ ਨੇੜੇ ਆਉਂਦਾ ਹੈ ਤਾਂ ਆਪ ਉਸ ਨੂੰ ਹਦਾਇਤ ਕਰਦੇ ਹਨ ਕਿ

Namdhari Elibrary NamdhariElibrary@gmail.com

ਉਹ ਹੁਣ ਪਲ ਭਰ ਵੀ ਉਹਨਾਂ ਤੋਂ ਦੂਰ ਨਾ ਜਾਵੇ-

"(ਚੜ੍ਹਾਈ ਤੋਂ) ਪੰਦਰਾਂ ਦਿਨ ਅਗਾਊਂ ਗੁਰੂ ਜੀ ਰਾਗਾ ਸਿੰਘ ਨੂੰ ਬਚਨ ਕੀਤਾ ਤੂੰ ਸਾਡੇ ਕੋਲ ਹਾਜ਼ਰ ਰਹਿਆ ਕਰ, ਕਿਧਰੇ ਨਾ ਜਾਇਆ ਕਰ।... ਉਸੀ ਦਿਨ ਸੇ ਹਾਜ਼ਰ ਰਹਿਣ ਲੱਗਾ। ਪਰ ਏਊਂ ਪਰਤੀਤ ਨਾ ਸੀ ਕਿ ਜੋਤੀ ਜੋਤਿ ਸਮਾਇ ਜਾਵਣਗੇ।"

ਮਾਲੂਮ ਹੁੰਦਾ ਹੈ ਕਿ ਗੁਰੂ ਹਰੀ ਸਿੰਘ ਜੀ ਦੇ ਪਰਲੋਕ ਗਮਨ ਬਾਅਦ ਭਾਈ ਰਾਗਾ ਸਿੰਘ ਹੋਰਾਂ ਨੇ ਵੀ ਜ਼ਿਆਦਾ ਸਮਾਂ ਨਹੀਂ ਕੱਢਿਆ। ਕਿਉਂਕਿ ਸਤਿਗੁਰ ਪ੍ਰਤਾਪ ਸਿੰਘ ਜੀ ਨੇ ਵੀ ਆਪਣੇ ਗੁਰਤਾ ਕਾਲ ਦੇ ਸਮੇਂ ਨਾਲ ਜੋੜ ਕੇ, ਉਹਨਾਂ ਪਰਥਾਇ ਕੋਈ ਬਚਨ ਨਹੀਂ ਦੱਸਿਆ ਹੈ। ਸਰਕਾਰੀ ਰਿਪੋਰਟ ਵਿਚ ਉਮਰ ਕਈ ਵੇਰ ਤਿੰਨ ਚਾਰ ਸਾਲ ਵੱਧ ਜਾਂ ਘੱਟ ਵੀ ਲਿਖੀ ਹੁੰਦੀ ਹੈ। ਇਸਦੇ ਮੁਤਾਬਿਕ ਵੀ ਆਪਦਾ ਜਨਮ ੧੮੩੨ ਈ. ਬਣਦਾ ਹੈ। ਜੋ ੧੯੦੬ ਤੱਕ ਸਰੀਰ ਵੀ ਪੌਣੀ ਸਦੀ ਉਮਰ ਪੂਰੀ ਜੀ ਉਹਨਾਂ ਨੂੰ ਵੀ 'ਬਾਬਾ' ਦਰਬਾਰਾ ਸਿੰਘ ਰਾਇਪੁਰੀਏ ਜਿਉਂ, "ਬਾਬਾ ਰਾਗਾ ਸਿੰਘ" ਆਪਣੇ ਉਪਦੇਸ਼ ਵਿਚ ਆਖਦੇ ਹਨ। ਉਮਰ ਦਾ ਚਾਰ ਦਹਾਕਿਆਂ ਤੋਂ ਵੱਧ ਸਮਾਂ, ਆਪਣੇ ਵਕਤ ਦੀ ਪਰਮੁੱਖ ਬਸਤੀਵਾਦ ਵਿਰੋਧੀ ਲੋਕ ਲਹਿਰ ਦੇ ਲੇਖੇ ਲਾ ਦੇਣਾ, ਆਪਣੇ ਇਸ਼ਟ ਅਤੇ ਪੰਥ ਦੀ ਹਰ ਖੁਸ਼ੀ ਲਈ, ਆਪਣੀਆਂ ਇੱਛਾਵਾਂ, ਖਾਹਿਸ਼ਾਂ ਦਾ ਬਲੀਦਾਨ ਕਰ ਦੇਣਾ। ਹਰ ਬਿਪਤਾ ਦਾ ਖਿੜੇ ਮੱਥੇ ਟਾਕਰਾ ਕਰਨ ਲਈ ਤਿਆਰ ਰਹਿਣਾ। ਸੁਬਹਾ ਸ਼ਾਮ ਗੁਰੂ ਦਰਬਾਰ ਵਿਚ ਕੀਰਤਨ ਕਰਨਾ ਦੁਪਹਿਰਾ ਰੇਤਲੇ ਟਿੱਬਿਆਂ ਵਿਚ, ਭੁੱਖੇ ਤਿਹਾਏ ਲੋਕਾਂ ਦੀ ਤ੍ਰਿਪਤੀ ਲਈ, ਉਹਨਾਂ ਦੀਆਂ ਪੈੜਾਂ ਨੱਪਦੇ ਫਿਰਨਾ। ਗੱਲ ਗੱਲ ਤੇ ਸਰਕਾਰੀ ਚਾਟੜਿਆਂ ਤੋਂ ਦੁਰਬਚਨ ਸੁਣਨੇ ਧੌਲ ਧੱਫਾ ਵੀ ਭਾਣੇ ਵਿਚ ਰਹਿ ਕੇ ਬਰਦਾਸ਼ਤ ਕਰਨਾ। ਭਾਈ ਰਾਗਾ ਸਿੰਘ ਵਰਗੇ ਮਰਜੀਵੜਿਆਂ ਦੀ ਯਾਦ ਅੱਗੇ ਸਿਰ ਝੁਕਾਉਣਾ, ਮਨੁੱਖੀ ਮੁਕਤੀ ਲਈ ਜੂਝਣ ਵਾਲਿਆਂ ਨੂੰ ਸਲਾਮ ਹੈ।

ਫੁੱਟ ਨੋਟ—

1) ਨਾਮਧਾਰੀ ਇਤਿਹਾਸ, ਨਾਹਰ ਸਿੰਘ ਐਮ. ਏ., ੧੯੫੭, ਦਿੱਲੀ, ਸਫਾ ੧੪੫-੪੬
2) ਕੂਕਾਜ਼ ਆਫ ਨੋਟ ਇਨ ਦਾ ਪੰਜਾਬ (ਸੰ. ਜਸਵਿੰਦਰ ਸਿੰਘ), ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ੧੯੮੫, ਦਿੱਲੀ, ਸਫਾ ੨੬-੨੭
3) ਕੂਕਾ ਮੂਵਮੈਂਟ (ਫਰੀਡਮ ਸਟਰਗਲ ਇਨ ਪੰਜਾਬ)-ਸੰ. ਜਸਵਿੰਦਰ ਸਿੰਘ, ੧੯੮੫, ਦਿੱਲੀ, ਸਫਾ ੧੪੪
4) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਸੰ. ਜਸਵਿੰਦਰ ਸਿੰਘ), ੧੯੯੮, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਸਫਾ ੨੩੪-੩੫
5) ਉਹੀ, ਸਫਾ ੨੪੩
6) ਉਹੀ, ਸਫਾ ੨੨੨-੨੩
7) ਉਹੀ, ਸਫਾ ੨੨੪-੨੫
8) ਸਤਿਜੁਗ, ਸਤਿਗੁਰੂ ਹਰੀ ਸਿੰਘ ਅੰਕ, ੨੫ ਭਾਦਰੋਂ ੨੦੨੨ ਬਿ. ਸ੍ਰੀ ਜੀਵਨ ਨਗਰ (ਸਿਰਸਾ), ਪ੍ਰੀਤਮ ਸਿੰਘ ਕਵੀ ਦਾ ਲੇਖ "ਵਿਰਸੇ ਵਿਚ ਮਿਲਿਆ ਭੈਣੀ ਸਾਹਿਬ", ਸਫਾ ੯੨
9) ਲਾਲ ਏਹਿ ਰਤਨ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼-੪ (ਸੰ. ਪ੍ਰਿੰ. ਬੇਅੰਤ ਕੌਰ), ੨੦੦੫, ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ, ਸਫਾ ੬੩
10) ਸਤਿਗੁਰੂ ਬਿਲਾਸ-ਭਾਗ ਦੂਜਾ, ਭਾਈ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ), ੨੦੦੫, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਸਫਾ ੬੨
11) ਉਹੀ, ਸਫਾ ੬੪, ੬੫
12) ਉਹੀ, ਸਫਾ ੬੫
13) ਉਹੀ, ਸਫਾ ੮੮
14) ਉਹੀ, ਸਫਾ ੨੩੯
15) ਉਹੀ, ਸਫਾ ੨੫੮
16) ਉਹੀ, ਸਫਾ ੨੬੭
17) ਉਹੀ, ਸਫਾ ੨੭੦
18) ਉਹੀ, ਸਫਾ ੨੭੩
19) ਉਹੀ, ਸਫਾ ੨੮੭
20) ਉਹੀ, ਸਫਾ ੨੯੩
21) ਉਹੀ, ਸਫਾ ੨੯੯
22) ਉਹੀ, ਸਫਾ ੩੦੬
23) ਉਹੀ, ਸਫਾ ੩੨੬
24) ਉਹੀ, ਸਫਾ ੩੪੨
25) ਲਾਲ ਏਹਿ ਰਤਨ-੪, ਸਫਾ ੧੧੬-੧੭
26) ਕੂਕਾਜ਼ ਆਫ ਨੋਟ ਇਨ ਪੰਜਾਬ, ਸਫਾ ੨੮-੨੯
27) ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ ੪੦੦

*ਪਿੰਡ ਤੇ ਡਾਕ ਕਰੀਵਾਲਾ*
*ਜ਼ਿਲ੍ਹਾ ਸਿਰਸਾ (ਹਰਿਆਣਾ)*
*ਮੋਬ-੦੯੯੯੬੩-੭੧੭੧੬, ੦੧੬੯੮-੨੭੪੫੬੨*

Namdhari Elibrary NamdhariElibrary@gmail.com

# ਬਿਖੜੇ ਰਾਹਾਂ ਦਾ ਪੈਂਡਾ



ਵਰਿਆਮ ਸਿੰਘ ਸੰਧੂ

ਸ਼ਾਇਦ ੧੯੭੧ ਦੀ ਗੱਲ ਹੈ। ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿੱਚ ਕਵੀ ਦਰਬਾਰ ਸੀ। ਪੰਜਾਬੀ ਦੇ ਚੋਟੀ ਦੇ ਜੁਝਾਰਵਾਦੀ ਕਵੀ ਓਥੇ ਹਾਜ਼ਰ ਸਨ। ਮੈਂ ਇੱਥੇ ਆਪਣੀ ਕਵਿਤਾ ਪੜ੍ਹੀ:

**ਕਿਸਨੂੰ ਉਡੀਕਦੇ ਹੋ?**
**ਗੋਬਿਦ ਨੇ ਹੁਣ ਪਟਨੇ 'ਚੋਂ ਨਹੀਂ ਆਉਣਾ**
**ਮਸਤਕ ਤੋਂ ਹੱਥ ਤੱਕ**
**ਇਹੋ ਹੀ ਰਸਤਾ ਕੇਸਗੜ੍ਹ ਦੇ ਮੈਦਾਨ ਨੂੰ ਜਾਂਦਾ ਹੈ।**

ਕਵਿਤਾ ਸੁਣਾ ਕੇ ਸਟੇਜ ਤੋਂ ਉੱਤਰਿਆ ਤਾਂ ਇੱਕ ਸਾਊ ਦਿੱਸਦੇ ਆਦਮੀ ਨੇ ਅੱਗੇ ਵਧ ਕੇ ਗਰਮਜੋਸ਼ੀ ਨਾਲ ਹੱਥ ਮਿਲਾ ਕੇ ਮੇਰੀ ਕਵਿਤਾ ਦੀ ਪ੍ਰਸ਼ੰਸਾ ਕੀਤੀ ਤੇ ਅੱਗੇ ਤੋਂ ਵੀ ਮੇਰੇ ਨਾਲ ਸੰਪਰਕ ਰੱਖਣ ਲਈ ਮੇਰਾ ਅਤਾ-ਪਤਾ ਪੁੱਛਿਆ। ਮੈਂ ਖ਼ੁਸ਼ੀ-ਖ਼ੁਸ਼ੀ ਦੱਸ ਦਿੱਤਾ ਆਖ਼ਰ ਉਹ ਮੇਰੀ ਕਵਿਤਾ ਦਾ 'ਏਡਾ ਵੱਡਾ ਪ੍ਰਸ਼ੰਸਕ' ਸੀ!

ਉਹ ਹੱਥ ਮਿਲਾ ਕੇ ਤੁਰਿਆ ਤਾਂ ਜਲੰਧਰ ਦੇ ਕਿਸੇ ਕਵੀ ਨੇ ਦੱਸਿਆ, "ਇਹ ਤਾਂ ਸੀ ਆਈ ਡੀ ਦਾ ਬੰਦਾ ਸੀ।"

ਮੇਰੀਆਂ ਗਤੀਵਿਧੀਆਂ ਦਾ ਧਿਆਨ ਰੱਖਿਆ ਜਾਣ ਲੱਗਾ ਸੀ। ਮੈਂ 'ਕ੍ਰਾਂਤੀਕਾਰੀ' ਲੇਖਕਾਂ ਦੇ ਇਕੱਠਾਂ ਤੇ ਕਵੀ-ਦਰਬਾਰਾਂ ਵਿੱਚ ਅਕਸਰ ਜਾਂਦਾ ਰਹਿੰਦਾ ਸਾਂ। ਲੇਖਕ ਦੇ ਤੌਰ 'ਤੇ ਵੱਖਰਾ ਅਤੇ ਵਿਸ਼ੇਸ਼ ਦਿੱਸਣ ਦੀ ਮੇਰੀ ਰੀਝ ਪੂਰੀ ਹੋ ਰਹੀ ਸੀ। ਪਿੰਡ ਅਤੇ ਇਲਾਕੇ ਵਿੱਚ ਵੀ ਬਤੌਰ ਲੇਖਕ ਮੇਰੀ ਪਛਾਣ ਬਣ ਰਹੀ ਸੀ। ਸਾਹਿਤਕ ਹਲਕਿਆਂ ਵਿੱਚ ਵੀ ਮੇਰਾ ਨਾਮ ਬੋਲਣ ਲੱਗ ਪਿਆ ਸੀ। ਕਹਾਣੀਕਾਰ ਦੇ ਤੌਰ ਤੇ ਵੀ ਅਤੇ ਕਵੀ ਦੇ ਰੂਪ ਵਿੱਚ ਵੀ। ਦੂਜੇ ਪਾਸੇ 'ਸਰਕਾਰੀ ਕਾਗ਼ਜ਼ਾਂ' ਵਿੱਚ ਮੇਰਾ ਨਾਮ ਇੱਕ 'ਖ਼ਤਰਨਾਕ ਵਿਅਕਤੀ' ਵਜੋਂ ਦਰਜ ਹੋ ਗਿਆ ਸੀ। ਅਗਲੇ ਸਾਲਾਂ ਵਿੱਚ ਵਾਰ-ਵਾਰ ਇਸ ਤੱਥ ਦੀ ਪੁਸ਼ਟੀ ਹੁੰਦੀ ਰਹੀ।

ਪਹਿਲੀ ਵਾਰ ਇਸਦਾ ਪਤਾ ਉਦੋਂ ਲੱਗਾ ਜਦੋਂ ਮੈਨੂੰ 'ਮੋਗਾ ਐਜੀਟੇਸ਼ਨ' ਮੌਕੇ ਗ੍ਰਿਫ਼ਤਾਰ ਕੀਤਾ ਗਿਆ। ੧੯੭੨ ਵਿੱਚ ਜਦੋਂ ਮੋਗੇ ਦੇ ਇੱਕ ਸਿਨੇਮੇ ਵਿੱਚ ਪੁਲਸ ਦੀ ਗੋਲੀ ਨਾਲ ਕੁੱਝ ਵਿਦਿਆਰਥੀ ਮਾਰੇ ਗਏ ਤਾਂ ਪੰਜਾਬ ਵਿੱਚ ਇੱਕ ਤੂਫ਼ਾਨੀ ਰੋਸ ਦੀ ਲਹਿਰ ਉੱਠ ਖੜ੍ਹੀ ਹੋਈ। ਥਾਂ-ਥਾਂ ਜਲਸੇ, ਮੁਜ਼ਾਹਰੇ ਤੇ ਪੁਲਸ-ਵਿਦਿਆਰਥੀ ਝੜਪਾਂ ਹੋਣ ਲੱਗੀਆਂ। ਮੈਂ ਉਨ੍ਹੀਂ ਦਿਨੀਂ ਪ੍ਰਾਇਮਰੀ ਅਧਿਆਪਕ ਵਜੋਂ ਨੌਕਰੀ ਤੋਂ ਬਿਨਾਂ-ਤਨਖ਼ਾਹ ਛੁੱਟੀ ਲੈ ਕੇ ਅੰਮ੍ਰਿਤਸਰ ਦੇ 'ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ' ਵਿੱਚ ਬੀ ਐੱਡ ਕਰ ਰਿਹਾ ਸਾਂ। ਨਿੱਤ ਦਿਨ ਫੈਲ ਰਹੇ ਵਿਦਿਆਰਥੀ ਅੰਦੋਲਨ ਨਾਲ ਵਧ ਰਹੇ ਤਣਾਓ ਨੂੰ ਮੁੱਖ ਰੱਖਦਿਆਂ ਸਰਕਾਰ ਨੂੰ ਭਾਰਤੀ ਸੈਨਾ ਨੂੰ ਸੜਕਾਂ ਉੱਤੇ, ਫ਼ਲੈਗ ਮਾਰਚ ਕਰਨ ਲਈ, ਬੁਲਾਉਣਾ ਪਿਆ। ਕਾਲਜਾਂ ਵਿੱਚ ਪੜ੍ਹਾਈ ਬੰਦ ਹੋ ਗਈ। ਮੈਂ ਅਤੇ ਮੇਰੇ ਜਮਾਤੀ ਮਿੱਤਰ ਅਮਰ ਸਿੰਘ ਨੇ ਸੋਚਿਆ ਕਿ ਇਸ ਸਥਿਤੀ ਵਿੱਚ ਕਾਲਜ ਦੇ ਹੋਸਟਲ ਵਿੱਚ ਬੈਠੇ ਰਹਿਣ ਦਾ ਕੋਈ ਲਾਭ ਨਹੀਂ। ਆਪੋ ਆਪਣੇ ਪਿੰਡਾਂ ਨੂੰ ਚੱਲਦੇ ਹਾਂ। ਜਦੋਂ ਠੰਢ-ਠੰਢੌੜਾ ਹੋਇਆ, ਪੜ੍ਹਾਈ ਸ਼ੁਰੂ ਹੋਈ ਤਾਂ ਪਰਤ ਆਵਾਂਗੇ। ਪ੍ਰੋਫੈਸ਼ਨਲ ਕੋਰਸ ਹੋਣ ਕਰਕੇ ਸਾਡੇ ਕਾਲਜ ਦੇ ਵਿਦਿਆਰਥੀ ਇਸ ਅੰਦੋਲਨ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਨਹੀਂ ਸਨ।

ਮੈਂ ਅਤੇ ਅਮਰ ਸਿੰਘ ਖ਼ਾਲਸਾ ਕਾਲਜ ਦੇ ਪੱਛਮੀ ਦਰਵਾਜ਼ੇ 'ਚੋਂ ਬਾਹਰ ਨਿਕਲੇ ਅਤੇ ਸੜਕ ਦੇ ਕਿਨਾਰੇ- ਕਿਨਾਰੇ ਸੱਜੇ ਹੱਥ ਤੁਰਨ ਲੱਗੇ ਇਸ ਆਸ ਨਾਲ ਕਿ ਕੋਈ ਆਉਂਦਾ-ਜਾਂਦਾ ਰਿਕਸ਼ਾ ਮਿਲ ਜਾਵੇਗਾ। ਖ਼ਾਲਸਾ ਕਾਲਜ ਦੇ ਪੂਰਬੀ ਗੇਟ 'ਤੇ ਪੁਲਸ ਅਤੇ ਵਿਦਿਆਰਥੀ ਆਹਮੋ-ਸਾਹਮਣੇ ਡਟੇ ਖਲੋਤੇ ਸਨ। ਦੋ-ਢਾਈ ਸੌ ਵਿਦਿਆਰਥੀ ਜਲੂਸ ਕੱਢਣ ਲਈ ਦਰਵਾਜ਼ੇ ਦੇ ਅੰਦਰ-ਬਾਹਰ ਖੜੋਤੇ ਰੋਹ ਵਿੱਚ ਉੱਬਲ-ਉੱਛਲ ਰਹੇ ਸਨ। ਸੜਕ ਦੇ ਪਾਰ ਹਥਿਆਰਬੰਦ ਪੁਲਸ ਬੈਂਤ ਦੀਆਂ ਢਾਲਾਂ ਫੜੀ ਉਨ੍ਹਾਂ ਨੂੰ ਬਾਹਰ ਆਉਣੋਂ ਰੋਕਣ ਲਈ ਪੂਰੀ ਮੁਸਤੈਦੀ ਨਾਲ ਡਟੀ ਖੜੋਤੀ ਸੀ। ਵਿਦਿਆਰਥੀ ਸਰਕਾਰ ਅਤੇ ਪੁਲਸ ਵਿਰੁੱਧ ਨਾਹਰੇ ਲਾ ਰਹੇ ਸਨ।

ਜਦੋਂ ਅਸੀਂ ਪੁਲਸ ਅਤੇ ਵਿਦਿਆਰਥੀਆਂ ਦੀ ਸੜਕ ਦੇ ਆਰ-ਪਾਰ ਫੈਲੀ ਭੀੜ ਦੇ ਐਨ ਵਿਚਕਾਰ ਖ਼ਾਲਸਾ ਕਾਲਜ ਦੇ ਪੂਰਬੀ ਦਰਵਾਜ਼ੇ ਅੱਗੇ ਪਹੁੰਚੇ ਤਾਂ ਵਿਦਿਆਰਥੀਆਂ ਵਾਲੇ ਪਾਸਿਓਂਭੀੜ ਵਿੱਚੋਂ ਉੱਚੀ ਲਲਕਾਰਵੀਂ ਆਵਾਜ਼ ਆਈ ਕੋਈ ਮੇਰਾ ਨਾਂਅ ਲੈ ਕੇ ਬੁਲਾ ਰਿਹਾ ਸੀ:

"ਸੰਧੂ ਸਾਹਬ! ਰਣ-ਤੱਤੇ 'ਚ ਜੂਝਣ ਲਈ ਕਵਿਤਾਵਾਂ

ਕਹਾਣੀਆਂ ਤਾਂ ਬੜੀਆਂ ਗਰਮਾ-ਗਰਮ ਲਿਖਦੇ ਹੋ, ਪਰ ਜਦੋਂ ਐਥੇ ਯੁੱਧ ਦਾ ਮੈਦਾਨ ਭਖਿਆ ਪਿਆ ਹੈ ਤਾਂ ਅੱਖ ਚੁਰਾ ਕੇ ਭੱਜੇ ਜਾਂਦੇ ਹੋ।"

ਮੈਂ ਵੇਖਿਆ ਵਿਦਿਆਰਥੀਆਂ ਦੀ ਭੀੜ ਵਿੱਚ ਨੌਜਵਾਨ ਅਕਾਲੀ ਨੇਤਾ ਦਰਸ਼ਨ ਸਿੰਘ ਈਸਾਪੁਰ ਖਲੋਤਾ ਹੱਸ ਰਿਹਾ ਸੀ। ਉਹਦੇ ਸੱਜੇ ਹੱਥ ਖਲੋਤਾ ਗਿਆਨੀ ਅਜੀਤ ਸਿੰਘ 'ਮੌਲਵੀ' ਹੱਥ ਦੇ ਇਸ਼ਾਰੇ ਬੁਲਾ ਰਿਹਾ ਸੀ। ਉਸਦੀ ਆਵਾਜ਼ ਵਿੱਚ ਵੰਗਾਰ ਸੀ, "ਯੁੱਧ ਵਿੱਚੋਂ ਕੰਡ ਵਿਖਾ ਕੇ ਭੱਜਣਾ ਮਰਦਾਂ ਦਾ ਕੰਮ ਨਹੀਂ ਆ ਜਾਓ ਆ ਜਾਓ ਐਧਰ ਸਾਡੇ ਵੱਲ। 'ਲੋਹੇ ਦੇ ਹੱਥਾਂ' ਵਾਲਿਓ! 'ਕਿਸਨੂੰ ਉਡੀਕਦੇ ਹੋ! ਗੋਬਿੰਦ ਨੇ ਹੁਣ ਪਟਨੇ 'ਚੋਂ ਨਹੀਂ ਆਉਣਾ!'--"

ਇਹ ਦੋਵੇਂ ਮਾਰਕਸਵਾਦੀ ਵਿਚਾਰਾਂ ਦੀ ਚਸ ਰੱਖਣ ਵਾਲੇ ਨੌਜਵਾਨ ਅਕਾਲੀ ਆਗੂ ਸਨ। ਮੇਰੇ ਪਾਠਕ, ਜਾਣੂ ਤੇ ਮੇਰੇ ਮਿੱਤਰ ਵੀ। ਉਹ ਤੇ ਉਹਨਾਂ ਦੇ ਸਾਥੀ ਪਿਛਲੇ ਦਿਨਾਂ ਤੋਂ ਆਪੋ-ਆਪਣੇ ਥਾਂ, ਵੱਖ-ਵੱਖ ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਸਰਕਾਰ ਵਿਰੁੱਧ ਜਥੇਬੰਦ ਕਰਨ ਅਤੇ ਜਲਸੇ-ਮੁਜ਼ਾਹਰੇ ਕਰਨ ਲਈ ਉਤੇਜਿਤ ਕਰ ਰਹੇ ਸਨ।

ਵਿਦਿਆਰਥੀਆਂ ਦੀ ਭੀੜ ਵਿਚੋਂ ਲਲਕਾਰਾ ਮਾਰਨ ਵਾਲੇ ਈਸਾਪੁਰ ਤੇ ਮੌਲਵੀ ਦੀ ਬੋਲੀ ਮੈਨੂੰ ਤੀਰ ਵਾਂਗ ਲੱਗੀ। ਮੌਲਵੀ ਨੇ ਮੇਰੀ ਕਹਾਣੀ 'ਲੋਹੇ ਦੇ ਹੱਥ' ਦਾ ਹਵਾਲਾ ਦੇ ਕੇ ਤੇ ਮੇਰੀ ਹੀ ਉਸ ਸਮੇਂ ਦੀ ਚਰਚਿਤ ਕਵਿਤਾ 'ਕਿਸਨੂੰ ਉਡੀਕਦੇ ਹੋ!' ਦੀਆਂ ਸਤਰਾਂ, ਦੁਹਰਾ ਕੇ ਮੈਨੂੰ ਵੰਗਾਰਿਆ ਸੀ। ਮੇਰੀਆਂ ਲਿਖਤਾਂ ਦੇ ਬੋਲ ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖ ਰਹੇ ਸਨ। ਉਹਨਾਂ ਨੂੰ ਦੂਰੋਂ ਹੀ ਫ਼ਤਿਹ ਬੁਲਾ ਕੇ ਤੁਰ ਜਾਣਾ ਮੈਨੂੰ ਚੰਗਾ ਨਾ ਲੱਗਾ। ਅਜਿਹਾ ਕਰਨਾ ਮੈਨੂੰ ਆਪਣੀਆਂ ਲਿਖਤਾਂ ਦੀ ਹੇਠੀ ਜਾਪਦਾ ਸੀ। ਮੈਂ ਅਮਰ ਸਿੰਘ ਨੂੰ ਕਿਹਾ, "ਆ ਜਾਹ! ਘੜੀ ਪਲ ਇਹਨਾਂ ਨੂੰ ਮਿਲ-ਗਿਲ ਕੇ, ਗੱਪ-ਸ਼ੱਪ ਮਾਰ ਕੇ ਚਲੇ ਚੱਲਾਂਗੇ।"

ਉਸ ਨੂੰ ਕੋਈ ਇਤਰਾਜ਼ ਨਹੀਂ ਸੀ। ਅਸੀਂ ਸੜਕ ਪਾਰ ਕਰ ਕੇ ਵਿਦਿਆਰਥੀਆਂ ਦੀ ਭੀੜ ਚੀਰਦੇ ਉਨ੍ਹਾਂ ਨੂੰ ਜਾ ਮਿਲੇ। 'ਮੌਲਵੀ' ਨੇ ਹਾਸੇ-ਹਾਸੇ ਵਿੱਚ ਜੈਕਾਰਾ ਛੱਡਿਆ, "ਬੋਲੇ ਸੋ ਨਿਹਾਲ!"

"ਸਤਿ ਸ੍ਰੀ ਅਕਾਲ" ਮੁੰਡਿਆਂ ਨੇ ਅਸਮਾਨ ਚੀਰਵੀਂ ਆਵਾਜ਼ ਵਿੱਚ ਜਵਾਬ ਦਿੱਤਾ ਜਿਵੇਂ ਜੱਸਾ ਸਿੰਘ ਰਾਮਗੜ੍ਹੀਆ 'ਰਾਮ ਰੌਣੀ' ਦੇ ਕਿਲ੍ਹੇ ਵਿੱਚ ਵਿੱਛੜੇ ਖ਼ਾਲਸਾ-ਪੰਥ ਨਾਲ ਜਾ ਮਿਲਿਆ ਹੋਵੇ!

ਵਿਦਿਆਰਥੀ ਅਤੇ ਪੁਲਸ ਦੋਵੇਂ ਧਿਰਾਂ ਆਹਮੋ-ਸਾਹਮਣੇ ਡਟੀਆਂ ਖਲੋਤੀਆਂ ਸਨ। ਕੋਈ ਧਿਰ ਵੀ ਅੱਗੇ ਨਹੀਂ ਸੀ ਵਧ ਰਹੀ। ਨਾ ਮੁੰਡੇ ਸੜਕ ਵੱਲ ਵਧ ਰਹੇ ਸਨ ਅਤੇ ਨਾ ਹੀ ਪੁਲਸ ਪਰਲੇ ਪਾਸਿਓਂ ਸੜਕ ਪਾਰ ਕਰਕੇ ਉਰਲੇ ਪਾਸੇ ਆਉਣ ਦਾ ਕੋਈ ਚਾਰਾ ਕਰ ਰਹੀ ਸੀ। ਇਹ ਸਥਿਤੀ ਲੰਮੇ ਸਮੇਂ ਤੋਂ ਜਿਓਂ ਦੀ ਤਿਓਂ ਹੀ ਬਣੀ ਹੋਈ ਸੀ। ਅਜਿਹੀ ਸਥਿਤੀ ਵਿੱਚ ਨਾ ਹੀ ਕੁੱਝ ਖ਼ਾਸ ਵੇਖਣ ਵਾਲਾ ਸੀ ਤੇ ਨਾ ਹੀ ਕਰਨ ਵਾਲਾ। ਅਸੀਂ ਵਿਦਿਆਰਥੀਆਂ ਦੀ ਭੀੜ ਤੋਂ ਪਿੱਛੇ ਹਟ ਕੇ ਗੱਪ ਗਿਆਨ ਵਿੱਚ ਰੁੱਝ ਗਏ। ਮੇਰਾ ਇਸ ਸਾਰੇ ਕੁੱਝ ਨਾਲ ਲੈਣਾ ਦੇਣਾ ਨਹੀਂ ਸੀ। ਮੈਂ ਤਾਂ ਸਿਰਫ਼ ਕੁੱਝ ਪਲਾਂ ਲਈ ਉਹਨਾਂ ਮਿੱਤਰਾਂ ਨੂੰ ਮਿਲਣ ਆਇਆ ਸਾਂ। ਪਰ ਇਸ ਤੋਂ ਪਹਿਲਾਂ ਕਿ ਅਸੀਂ ਵਾਪਸ ਪਰਤਦੇ, ਮੁੰਡਿਆਂ ਅਤੇ ਪੁਲਸ ਵਿੱਚ ਝੜਪ ਸ਼ੁਰੂ ਹੋ ਗਈ। ਮੁੰਡੇ ਪੁਲਸ 'ਤੇ ਇੱਟਾਂ ਰੋੜੇ ਵਰ੍ਹਾਉਣ ਲੱਗੇ ਤੇ ਪੁਲਸ ਵਿਦਿਆਰਥੀਆਂ ਦੀ ਭੀੜ 'ਤੇ ਅੱਥਰੂ ਗੈਸ ਦੇ ਗੋਲੇ ਛੱਡਣ ਲੱਗੀ। ਧੂੰਆਂ ਛੱਡਦੇ ਗੋਲਿਆਂ ਨੂੰ ਪਾਣੀ ਤੇ ਗਿੱਲੇ ਕੱਪੜਿਆਂ ਨਾਲ ਬੁਝਾਉਂਦੇ ਮੁੰਡੇ ਲਾਲ ਅੱਖਾਂ ਪੂੰਝਦੇ ਤੇ ਫਿਰ ਗੁੱਸਾ ਖਾ ਕੇ ਪੁਲਸ ਵੱਲ ਉੱਲਰਦੇ। ਦੋਵੇਂ ਧਿਰਾਂ ਵਾਰ ਕਰਨ ਲਈ ਥੋੜ੍ਹਾ ਕੁ ਅੱਗੇ ਆਉਂਦੀਆਂ ਤੇ ਵਾਰ ਕਰਕੇ ਆਪੋ-ਆਪਣੀ ਸੁਰੱਖਿਆ ਛਤਰੀ ਹੇਠ ਪਰਤ ਜਾਂਦੀਆਂ।

"ਫਸਾ ਦਿੱਤਾ ਬਈ ਤੁਸਾਂ ਤਾਂ" ਮੈਂ ਹੱਸਿਆ।

"ਦੇਖ ਬਾਲਿਆ! ਰੰਗ ਕਰਤਾਰ ਦੇ ਹੁਣ ਤਾਂ!" ਈਸਾਪੁਰ ਨੇ ਆਖਿਆ।

ਅਸੀਂ ਭੀੜ ਤੋਂ ਦੂਰ ਪਿੱਛੇ ਖੜੋਤੇ ਹੋਏ ਸਾਂ। ਕਦੀ-ਕਦੀ ਆਪਣੇ ਨੇੜੇ ਡਿੱਗਦੇ ਅੱਥਰੂ ਗੈਸ ਦੇ ਗੋਲਿਆਂ ਨੂੰ ਵੀ ਬੁਝਾਉਂਦੇ ਧੁਖਦੇ ਹੋਏ ਗੋਲਿਆਂ ਨੂੰ ਵਾਪਸ ਪੁਲਿਸ ਵੱਲ ਵੀ ਸੁੱਟਦੇ। 'ਫ਼ੌਜਾਂ' ਦਾ ਉਤਸ਼ਾਹ ਬਣਾਈ ਰੱਖਣ ਲਈ 'ਜਰਨੈਲਾਂ' ਦਾ 'ਯੁੱਧ' ਵਿੱਚ 'ਸਰਗਰਮ ਹਿੱਸਾ ਲੈਣਾ' ਵੀ ਤਾਂ ਜ਼ਰੂਰੀ ਸੀ! ਝੜਪ ਰੁਕ-ਰੁਕ ਕੇ ਹੋ ਰਹੀ ਸੀ। ਦੋਹਾਂ ਧਿਰਾਂ ਨੇ ਮੋਰਚੇ ਮੱਲੇ ਹੋਏ ਸਨ । ਇਹ ਸਾਰਾ ਕੁੱਝ ਵੇਖ, ਕਰ ਕੇ ਮੈਂ ਅੱਕ ਥੱਕ ਗਿਆ। ਮੈਂ ਕਿਹੜਾ ਸੱਚੀਂ-ਮੁੱਚੀਂ ਦਾ 'ਜਰਨੈਲ' ਸਾਂ। ਈਸਾਪੁਰੀ ਨੂੰ ਆਖਿਆ, "ਇਹ ਕੰਮ ਤਾਂ ਪਤਾ ਨਹੀਂ ਕਦੋਂ ਮੁੱਕੂ! ਚਲੋ ਕਿਤਿਓਂ ਚਾਹ-ਸ਼ਾਹ ਹੀ ਪਿਆਓ।"

ਖ਼ਾਲਸਾ ਕਾਲਜ ਦਾ ਇੱਕ ਪ੍ਰੋਫ਼ੈਸਰ ਉਹਨਾਂ ਦਾ ਜਾਣੂ ਸੀ। ਅਕਾਲੀ ਖ਼ਿਆਲਾਂ ਦਾ (ਇਹ ਪ੍ਰੋਫ਼ੈਸਰ ਪਿੱਛੋਂ ਦੋ ਵਾਰ ਵਿਧਾਇਕ ਵੀ ਚੁਣਿਆ ਗਿਆ ਤੇ ਬਾਦਲ ਸਰਕਾਰ ਵਿੱਚ ਪਾਰਲੀਮਨੀ ਸਕੱਤਰ ਵੀ ਬਣਿਆ) । ਉਹ ਵੀ ਮੇਰੇ ਨਾਲ ਸਹਿਮਤ ਹੋ ਗਏ ਕਿ


NamdhariElibrary NamdhariElibrary@gmail.com

ਚੱਲੋ! ਪ੍ਰੋਫ਼ੈਸਰ ਦੇ ਕੁਆਰਟਰ ਵਿੱਚ ਚੱਲਦੇ ਹਾਂ। ਜਿਹੜਾ ਕੰਮ ਜਾਂ ਜਿਹੜਾ ਰੋਲ ਉਹਨਾਂ ਨੇ ਅਦਾ ਕਰਨਾ ਸੀ, ਉਹ ਤਾਂ ਉਹ ਪੂਰਾ ਕਰ ਹੀ ਚੁੱਕੇ ਸਨ! 'ਕਰਤਾਰ' ਦੇ ਰੰਗ 'ਬਾਲੇ' ਵੇਖ ਰਹੇ ਸਨ।

ਅਸੀਂ ਪ੍ਰੋਫ਼ੈਸਰ ਦੇ ਘਰ ਬੈਠੇ ਅਜੇ ਮੁੱਢਲੀ ਅਤੇ ਸਰਸਰੀ ਗੱਲਬਾਤ ਹੀ ਕਰਦੇ ਪਏ ਸਾਂ; ਚਾਹ ਵੀ ਅਜੇ ਬਣ ਕੇ ਨਹੀਂ ਸੀ ਆਈ ਕਿ ਏਨੇ ਚਿਰ ਵਿੱਚ ਬਾਹਰ ਪੁਲਸ ਨੇ ਮੁੰਡਿਆਂ 'ਤੇ ਜ਼ੋਰ ਪਾ ਲਿਆ। ਮੁੰਡੇ ਬਾਰਾਂ ਹੱਥਾਂ ਦੀਆਂ ਛਾਲਾਂ ਮਾਰ ਕੇ ਜਿੱਧਰ ਮੂੰਹ ਆਇਆ ਉੱਧਰ ਹਰਨ ਹੋ ਗਏ ਸਨ। ਪੁਲਸ ਸੈਂਕੜਿਆਂ ਦੀ ਗਿਣਤੀ ਵਿੱਚ ਦਗੜ-ਦਗੜ ਕਰਦੀ ਕਾਲਜ ਕੈਂਪਸ ਵਿੱਚ ਆਣ ਵੜੀ। ਹਰ ਥਾਂ ਦੀ ਤਲਾਸ਼ੀ ਹੋਣ ਲੱਗੀ। ਲੁਕੇ ਹੋਏ ਵਿਦਿਆਰਥੀਆਂ ਨੂੰ ਫੜ ਕੇ ਉਹਨਾਂ ਦੀਆਂ ਪੱਗਾਂ ਨਾਲ ਹੀ ਉਹਨਾਂ ਦੀਆਂ ਬਾਹਵਾਂ ਬੰਨ੍ਹ ਕੇ ਪੁਲਿਸ ਦੀਆਂ ਗੱਡੀਆਂ ਵਿੱਚ ਬਿਠਾਇਆ ਜਾਣ ਲੱਗਾ। ਪੁਲਿਸ ਦੀ ਇੱਕ ਪੂਰੀ ਦੀ ਪੂਰੀ ਧਾੜ ਅਫ਼ਸਰਾਂ ਤੇ ਸਿਪਾਹੀਆਂ ਸਮੇਤ ਪ੍ਰੋਫ਼ੈਸਰ ਦੇ ਘਰ ਆਣ ਵੜੀ ਅਤੇ ਸਾਨੂੰ ਗ੍ਰਿਫ਼ਤਾਰ ਕਰਕੇ ਥਾਣਾ ਸਦਰ ਵਿੱਚ ਲੈ ਗਏ। ਡਿਪਟੀ ਕਮਿਸ਼ਨਰ ਤੇ ਐਸ ਐਸ ਪੀ ਵੀ ਸਾਨੂੰ ਵੇਖਣ ਆਏ। ਅਸਲ ਵਿੱਚ ਉਹ ਉਹਨਾਂ ਦੋਹਾਂ ਨੂੰ 'ਵੇਖਣ' ਆਏ ਸਨ ਤੇ ਅੰਦਰੋਂ 'ਪੁਆੜੇ ਦੀ ਜੜ੍ਹ' ਕਾਬੂ ਆ ਜਾਣ 'ਤੇ ਖ਼ੁਸ਼ ਵੀ ਸਨ ਅਤੇ ਉਹਨਾਂ ਦੀ ਕੀਤੀ ਉੱਤੇ ਰੰਜ ਤੇ ਗੁੱਸੇ ਨਾਲ ਵੀ ਭਰੇ ਹੋਏ ਸਨ।

ਜਦੋਂ ਉਹਨਾਂ ਸਾਡੇ ਨਾਂਅ ਅਤੇ ਪਤੇ ਪੁੱਛੇ ਤਾਂ ਮੈਂ ਤੇ ਅਮਰ ਸਿੰਘ ਨੇ ਆਪਣੇ ਬਚਾਅ ਲਈ ਪੈਂਤੜਾ ਲਿਆ ਕਿ ਅਸੀਂ ਦੋਵੇਂ ਬਤੌਰ ਜੇ ਬੀ ਟੀ ਅਧਿਆਪਕ ਸਰਕਾਰੀ ਸਕੂਲਾਂ ਵਿੱਚ ਪੜ੍ਹਾ ਰਹੇ ਸਾਂ ਤੇ 'ਬਿਨਾਂ ਤਨਖ਼ਾਹ ਤੋਂ' ਛੁੱਟੀ ਲੈ ਕੇ ਬੀ ਐੱਡ ਕਰਨ ਆਏ ਹੋਏ ਸਾਂ। ਸਾਨੂੰ ਤਾਂ ਪੁਲਿਸ ਐਵੇਂ ਹੀ ਵਲ੍ਹ ਲਿਆਈ ਹੈ। ਕੋਲ ਖੜੋਤੇ ਡੀ ਐਸ ਪੀ ਨੇ ਕਿਹਾ, "ਸਾਹਿਬ ਬਹਾਦਰ, ਇਹ ਚਾਰੇ ਇਕੱਠੇ ਇੱਕੋ ਥਾਂ ਤੋਂ ਹੀ ਗ੍ਰਿਫ਼ਤਾਰ ਕੀਤੇ ਹਨ।"

"ਹੂੰਅ!" ਐਸ ਐਸ ਪੀ ਨੇ ਸਾਡੇ ਵੱਲ ਭੇਦ ਭਰੇ ਢੰਗ ਨਾਲ ਵੇਖਿਆ, "ਕੋਈ ਨਹੀਂ, ਸਭ ਕੁੱਝ ਵੇਖ ਲਵਾਂਗੇ।"

ਉਹ 'ਟੱਪ! ਟੱਪ! !' ਬੂਟ ਖੜਕਾਉਂਦੇ ਤੁਰ ਗਏ

ਘੰਟੇ ਕੁ ਪਿੱਛੋਂ ਸਾਨੂੰ ਚੌਹਾਂ ਨੂੰ ਟਰੱਕ ਵਿੱਚ ਬਿਠਾ ਕੇ ਥਾਣਾ ਸਿਵਲ ਲਾਈਨਜ਼ ਵਿੱਚ ਲੈ ਗਏ।

"ਤੁਸੀਂ ਤਾਂ ਯਾਰ ਐਵੇਂ ਜਾਂਦੇ-ਜਾਂਦੇ ਸਾਡੇ ਕਰਕੇ ਹੀ ਫਸ ਗਏ।" ਈਸਾਪੁਰ ਨੇ ਹਮਦਰਦੀ ਕੀਤੀ।

"ਕੋਈ ਨਹੀਂ! ਇਹਨਾਂ ਨੂੰ ਛੱਡ ਦੇਣਗੇ ਸਰਕਾਰੀ ਨੌਕਰ ਨੇ।" ਮੌਲਵੀ ਨੇ ਹੌਸਲਾ ਦਿੱਤਾ।

ਸੱਚੀ ਗੱਲ ਤਾਂ ਇਹ ਹੈ ਕਿ ਸਾਨੂੰ ਵੀ ਅੰਦਰੋ-ਅੰਦਰ ਇਹ ਆਸ ਸੀ ਕਿ ਉਹ ਜ਼ਰੂਰ ਸਾਡਾ ਅਤਾ-ਪਤਾ ਪੁਸ਼ਟ ਕਰਕੇ ਸਾਨੂੰ ਛੱਡ ਦੇਣਗੇ।

ਜਦੋਂ ਸਾਡੇ ਕਾਗਜ਼ ਪੱਤਰ ਤਿਆਰ ਹੋਣ ਲੱਗੇ ਤਾਂ ਅਸੀਂ ਮੁਨਸ਼ੀ ਨੂੰ ਆਪਣੇ ਅਧਿਆਪਕ ਹੋਣ ਬਾਰੇ ਤੇ ਇਸ ਲਹਿਰ ਨਾਲ ਕੋਈ ਸੰਬੰਧ ਨਾ ਹੋਣ ਬਾਰੇ ਆਖਿਆ, ਤਾਂ ਕੋਲ ਆਉਂਦਿਆਂ ਥਾਣਾ ਮੁਖੀ ਮੁੱਛਾਂ 'ਚੋਂ ਖ਼ਚਰਾ ਜਿਹਾ ਹਾਸਾ ਹੱਸਦਿਆਂ ਬੋਲਿਆ, "ਵਰਿਆਮ ਸਿਆਂ! ਸਰਕਾਰੀ ਕਾਗਜ਼ਾਂ 'ਚ ਏਡਾ ਨਾਉਂ ਏ ਤੇਰਾ ਤੇ ਹੁਣ ਬਚ ਕੇ ਕਿੱਧਰ ਜਾਣਾ ਚਾਹੁੰਦਾ ਏਂ!" ਜ਼ਾਹਰ ਹੈ ਕਿ 'ਸਰਕਾਰੀ ਕਾਗਜ਼' ਵੇਖੇ ਜਾ ਚੁੱਕੇ ਸਨ। ਹੁਣ ਪਤਾ ਲੱਗਾ ਕਿ ਲਿਖਣਾ ਤੇ ਬੋਲਣਾ ਮਹਿਜ਼ ਸ਼ੁਗਲ ਨਹੀਂ ਹੁੰਦੇ ਇਹਨਾਂ ਦੀ ਕੀਮਤ ਵੀ ਚੁਕਾਉਣੀ ਪੈਂਦੀ ਹੈ!

ਈਸਾਪੁਰ ਤੇ ਮੌਲਵੀ ਨੇ ਕੋਲੋਂ ਠਹਾਕਾ ਮਾਰਿਆ। ਹੁਣ ਮੈਨੂੰ ਵੀ ਹੱਸਣਾ ਪੈਣਾ ਸੀ। ਉਂਜ ਮੈਨੂੰ ਇਸ ਗੱਲ ਦਾ ਅਫ਼ਸੋਸ ਸੀ ਕਿ ਮੇਰੇ ਕਰਕੇ ਵਿਚਾਰਾ ਅਮਰ ਸਿੰਘ ਮੁਫ਼ਤ ਵਿੱਚ ਫਸ ਗਿਆ; ਪਰ ਉਸ ਨੇ ਦਿਲ ਕਰੜਾ ਰੱਖਿਆ ਤੇ ਅਸੀਂ ਰਲੇ ਸਾਥ ਹੱਸਦੇ-ਹਸਾਉਂਦੇ ਸ਼ਾਮ ਨੂੰ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿੱਚ ਪਹੁੰਚ ਗਏ। ਸਾਡੇ ਉੱਤੇ ਅਮਨ-ਕਾਨੂੰਨ ਭੰਗ ਕਰਨ, ਅੱਗ ਲਾਉਣ, ਸਰਕਾਰੀ ਜਾਇਦਾਦ ਦਾ ਨੁਕਸਾਨ ਕਰਨ, ਦਫ਼ਾ ਚੁਤਾਲੀ ਤੋੜਣ ਤੋਂ ਲੈ ਕੇ ਇਰਾਦਾ ਕਤਲ ਤੱਕ ਦੀਆਂ ਅੱਠ ਦਫ਼ਾਵਾਂ ਲਾਈਆਂ ਗਈਆਂ।

ਕੁਝ ਦਿਨਾਂ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਭਾਗਾਂ 'ਚੋਂ; ਵੱਖ-ਵੱਖ ਕਾਲਜਾਂ 'ਚੋਂ ਵਿਦਿਆਰਥੀ, ਇਸ ਅੰਦੋਲਨ ਨੂੰ ਪਿੱਛੇ ਰਹਿ ਕੇ ਮਦਦ ਕਰ ਰਹੇ ਅਕਾਲੀ, ਕਮਿਊਨਿਸਟ, ਨਕਸਲੀਏ ਅਤੇ 'ਸਥਾਪਤੀ ਵਿਰੋਧੀ' ਲੋਕ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਦੀ ਸੈਂਟਰਲ ਜੇਲ੍ਹ ਵਿੱਚ ਪਹੁੰਚਾ ਦਿੱਤੇ ਗਏ। ਸਾਰੇ ਅੰਮ੍ਰਿਤਸਰ ਜ਼ਿਲ੍ਹੇ ਦਾ ਸਰਕਾਰ ਵਿਰੋਧੀ 'ਖ਼ਤਰਨਾਕ ਅਨਸਰ'! ਜੇਲ੍ਹ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਅਤੇ ਸਮੱਸਿਆਵਾਂ ਨਾਲ ਲੜਨਾ ਵੱਡੀ ਲੜਾਈ ਦਾ ਹੀ ਇੱਕ ਹਿੱਸਾ ਸੀ। ਇਸ ਮਕਸਦ ਲਈ ਵਿਦਿਆਰਥੀਆਂ ਦੀ 'ਜੇਲ੍ਹ ਕਮੇਟੀ' ਬਣਾਈ ਗਈ। ਸਰਬ-ਸੰਮਤੀ ਨਾਲ ਮੈਨੂੰ ਜੇਲ੍ਹ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ। ਭਾਵੇਂ ਵੱਖ-ਵੱਖ ਪਾਰਟੀਆਂ ਦੇ ਕਈ ਸੀਨੀਅਰ ਆਗੂ ਸਾਡੇ ਨਾਲ ਸ਼ਾਮਲ ਸਨ, ਪਰ ਕਿਉਂਕਿ ਮੂਲ ਤੌਰ 'ਤੇ ਇਹ 'ਵਿਦਿਆਰਥੀ ਅੰਦੋਲਨ' ਸੀ, ਇਸ ਲਈ ਇਸ ਕਮੇਟੀ ਦੇ ਅਹੁਦੇਦਾਰ ਵਿਦਿਆਰਥੀ ਹੀ ਚਾਹੀਦੇ ਸਨ! ਉਹ ਤਾਂ ਇਸ ਅੰਦੋਲਨ ਦੇ 'ਸਹਾਇਕ' ਸਨ। ਜੇਲ੍ਹ ਵਿੱਚ ਵੀ ਉਹ ਸਾਡੀ

Namdhari Elibrary NamdhariElibrary@gmail.com

ਅਗਵਾਈ ਵਿੱਚ ਚੱਲਣ ਲਈ ਤਿਆਰ ਸਨ ਤੇ ਉਹਨਾਂ ਨੇ ਸਾਡੀ ਇਹ ਅਗਵਾਈ ਅਖ਼ੀਰਲੇ ਦਿਨ ਤੱਕ ਪ੍ਰਵਾਨ ਵੀ ਕੀਤੀ ਰੱਖੀ।

ਦੋ ਕੁ ਹਫ਼ਤਿਆਂ ਪਿੱਛੋਂ ਸਰਕਾਰ ਨੇ ਸਾਰੇ ਵਿਦਿਆਰਥੀਆਂ ਨੂੰ ਰਿਹਾਅ ਕਰਨ ਦਾ ਫ਼ੈਸਲਾ ਕਰ ਲਿਆ, ਪਰ ਰਿਹਾਅ ਹੋਣ ਵਾਲੇ ਵਿਦਿਆਰਥੀਆਂ ਵਿੱਚ ਮੇਰਾ ਨਾਂ ਨਹੀਂ ਸੀ। ਸਰਕਾਰੀ ਕਾਗਜ਼ਾਂ ਅਤੇ ਜੇਲ੍ਹ ਅਧਿਕਾਰੀਆਂ ਦੀਆਂ ਰਿਪੋਰਟਾਂ ਮੁਤਾਬਿਕ ਮੈਂ 'ਨਿਰ੍ਹਾ ਵਿਦਿਆਰਥੀ' ਨਹੀਂ ਸੀ ਜਿਹੜੇ ਸਿਆਸੀ ਕਾਰਕੁੰਨ 'ਅਮਨ-ਕਾਨੂੰਨ ਲਈ ਖ਼ਤਰਾ' ਸਮਝ ਕੇ ਫੜ੍ਹੇ ਗਏ ਸਨ, ਉਹ ਵੀ ਰਿਹਾਅ ਕਰ ਦਿੱਤੇ ਗਏ ਸਨ। ਪਿੱਛੇ ਰਹਿ ਗਏ ਸਾਂ ਅਸੀਂ ਮੌਲਵੀ, ਈਸਾਪੁਰ ਤੇ ਮੈਂ; ਜਿਨ੍ਹਾਂ 'ਤੇ ਵੱਡੀਆਂ-ਵੱਡੀਆਂ ਅੱਠ ਦਫ਼ਾ ਲੱਗੀਆਂ ਸਨ।

ਜੇਲ੍ਹ ਵਿੱਚੋਂ ਛੁੱਟ ਜਾਣ ਪਿੱਛੋਂ ਮੇਰਾ ਜਮਾਤੀ ਅਮਰ ਸਿੰਘ ਆਰਾਮ ਨਾਲ ਨਹੀਂ ਸੀ ਬੈਠਾ। ਉਸ ਨੇ ਕਾਲਜ ਦੇ ਪ੍ਰਿੰਸੀਪਲ ਤੋਂ ਮੇਰੇ ਵਿਦਿਆਰਥੀ ਹੋਣ ਦਾ ਸਰਟੀਫ਼ਿਕੇਟ ਬਣਵਾਇਆ। ਪ੍ਰਿੰਸੀਪਲ ਨੇ ਐਸ ਐਸ ਪੀ ਨੂੰ ਫੋਨ 'ਤੇ ਮੇਰੇ ਬਾਰੇ ਦੱਸ ਕੇ ਮੈਨੂੰ ਰਿਹਾਅ ਕਰਨ ਲਈ ਬੇਨਤੀ ਕੀਤੀ; ਕਿਉਂਕਿ ਸਰਕਾਰ ਵਿਦਿਆਰਥੀਆਂ ਨੂੰ ਰਿਹਾਅ ਕਰਨ ਦਾ ਫ਼ੈਸਲਾ ਕਰ ਚੁੱਕੀ ਸੀ। ਅਮਰ ਸਿੰਘ ਐਸ ਐਸ ਪੀ ਦੇ ਦਫ਼ਤਰ ਪੁੱਜਾ ਸਰਟੀਫ਼ਿਕੇਟ ਦਿੱਤਾ ਤੇ ਉਸ ਦੀ ਬਦੌਲਤ ਮੇਰੀ ਰਿਹਾਈ ਦੇ ਹੁਕਮ ਡਿਓੜ੍ਹੀ ਵਿੱਚ ਪਹੁੰਚ ਗਏ। ਅਸਲ ਗੱਲ ਤਾਂ ਇਹ ਸੀ ਕਿ 'ਕਾਗ਼ਜ਼ਾਂ ਵਿਚਲੇ ਮੇਰੇ ਨਾਂ' ਕਰਕੇ ਅਤੇ ਜੇਲ੍ਹ ਕਮੇਟੀ ਦੇ ਪ੍ਰਧਾਨ ਵਜੋਂ ਜੇਲ੍ਹ ਅਧਿਕਾਰੀਆਂ ਨਾਲ ਆਪਣੀਆਂ ਮੰਗਾਂ 'ਤੇ ਪੰਗਾ ਲੈਂਦੇ ਰਹਿਣ ਕਰਕੇ ਉਹ ਮੈਨੂੰ ਕੇਸਾਂ ਵਿੱਚ ਫਸਾਈ ਰੱਖਣਾ ਚਾਹੁੰਦੇ ਸਨ।

ਰਿਹਾਅ ਹੋਣ ਪਿੱਛੋਂ ਮੈਂ ਪ੍ਰਿੰਸੀਪਲ ਨੂੰ ਮੋਗੇ ਵਿੱਚ ਮਾਰੇ ਗਏ ਵਿਦਿਆਰਥੀਆਂ ਦੀ ਯਾਦ ਵਿੱਚ ਸ਼ੋਕ-ਸਮਾਗਮ ਕਰਨ ਲਈ ਕਿਹਾ। ਪ੍ਰਿੰਸੀਪਲ ਬਹੁਤ ਸਮਝਦਾਰ ਸੀ। ਉਸਨੇ ਇਨਕਾਰ ਕਰਕੇ ਵਾਧੂ ਦਾ ਤਣਾਓ ਬਨਾਉਣ ਦੀ ਥਾਂ ਸਾਰੇ ਸਟਾਫ਼ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਵਿੱਚ 'ਸ਼ੋਕ-ਸਮਾਗਮ' ਕਰਵਾਇਆ। ਪ੍ਰਿੰਸੀਪਲ ਤੇ ਇਕ-ਦੋ ਅਧਿਆਪਕ ਵੀ ਬੋਲੇ। ਵਿਦਿਆਰਥੀਆਂ ਵੱਲੋਂ ਮੈਂ ਭਾਸ਼ਨ ਦਿੱਤਾ ਤੇ ਸਰਕਾਰੀ ਵਧੀਕੀ ਦੀ ਨਿੰਦਾ ਕੀਤੀ। ਸਿਆਣੇ ਪ੍ਰਿੰਸੀਪਲ ਨੇ ਸਾਡੇ ਗੁੱਸੇ ਦਾ ਸਹੀ ਨਿਕਾਸ ਕਰ ਕੇ ਸਾਨੂੰ ਠੰਡਿਆਂ ਕਰ ਦਿੱਤਾ।

ਰਿਹਾਅ ਹੋਣ ਤੋਂ ਦੋ ਕੁ ਹਫ਼ਤੇ ਬਾਅਦ ਹੀ ਮੇਰੇ ਪਿਤਾ ਦੀ ਦਿਮਾਗ਼ ਦੀ ਨਾੜੀ ਫਟ ਜਾਣ ਨਾਲ ਮੌਤ ਹੋ ਗਈ। ਘਰ ਦੀ ਸਾਰੀ ਜ਼ਿੰਮੇਵਾਰੀ ਮੇਰੇ ਸਿਰ 'ਤੇ ਆਣ ਪਈ। ਅਜੇ ਕਾਲਜ ਲੱਗਣੇ ਸ਼ੁਰੂ ਨਹੀਂ ਸਨ ਹੋਏ, ਮੈਂ ਟਿਊਬਵੈੱਲ ਲਵਾਉਣ ਵਿੱਚ ਰੁੱਝਾ ਹੋਇਆ ਸਾਂ। ਇਹਨਾਂ ਹੀ ਦਿਨਾਂ ਵਿੱਚ ਮੇਰੇ ਪਿੰਡ ਦੇ ਦੋ-ਚਾਰ ਸਿਆਣੇ ਬੰਦਿਆਂ ਨੇ ਮੈਨੂੰ ਦੱਸਿਆ ਕਿ ਮਾੜੀ-ਮੇਘੋ ਦਾ ਸੀ ਆਈ ਡੀ ਵਿੱਚ ਕੰਮ ਕਰਦਾ ਹਵਾਲਦਾਰ, ਜਿਹੜਾ ਇਲਾਕੇ ਦਾ ਹੋਣ ਕਰਕੇ ਉਹਨਾਂ ਦਾ ਜਾਣੂ ਸੀ, ਉਹਨਾਂ ਨੂੰ ਮਿਲਿਆ ਸੀ ਤੇ ਆਖਦਾ ਸੀ ਕਿ ਮੈਂ ਉਸਨੂੰ ਛੇਤੀ ਹੀ ਸਮਾਂ ਕੱਢਕੇ ਕਿਸੇ ਦਿਨ ਜ਼ਰੂਰ ਮਿਲ ਲਵਾਂ। ਕਿਉਂਕਿ ਸੀ ਆਈ ਡੀ ਦੇ ਚੰਡੀਗੜ੍ਹ ਵਿਚਲੇ ਦਫ਼ਤਰ ਵਿਚੋਂ ਮੇਰੀਆਂ ਗਤੀਵਿਧੀਆਂ ਅਤੇ ਪਰਿਵਾਰਕ ਪਿਛੋਕੜ ਦੀ ਜਾਣਕਾਰੀ ਲੈਣ ਲਈ ਉਸਦੀ ਜ਼ਿੰਮੇਵਾਰੀ ਲੱਗੀ ਸੀ। ਉਸਨੇ ਕਿਹਾ ਸੀ ਕਿ ਮੇਰੇ ਪਿਤਾ ਦੀ ਮੌਤ ਹੋ ਜਾਣ ਕਰਕੇ ਉਹ ਸ਼ਿਸ਼ਟਾਚਾਰ ਕਰਕੇ ਮੇਰੇ ਘਰ ਇਸ ਮਕਸਦ ਲਈ ਨਹੀਂ ਸੀ ਆਇਆ!

ਮੈਂ ਉਸਦੇ ਸੁਨੇਹੇ ਦੀ ਕੋਈ ਪ੍ਰਵਾਹ ਨਾ ਕੀਤੀ। ਸੋਚਿਆ, ਲਿਖ ਕੇ ਭੇਜ ਦੇਵੇ ਜੋ ਉਸਨੇ ਭੇਜਣਾ ਹੈ; ਮੈਂ ਉਸਨੂੰ ਆਪ ਜਾ ਕੇ ਕਾਹਦੇ ਲਈ ਤੇ ਕਿਉਂ ਮਿਲਦਾ ਫਿਰਾਂ?

ਇੱਕ ਦਿਨ ਬਾਹਰੋਂ ਆਏ ਨੂੰ ਬਾਪੂ ਹਕੀਕਤ ਸਿੰਘ ਨੇ ਆਪਣੇ ਵਿਸ਼ੇਸ਼ ਅੰਦਾਜ਼ ਵਿੱਚ ਦੱਸਿਆ, "ਅੱਜ ਇੱਕ ਮੁਨਸ਼ੀ ਜਿਹਾ ਆਇਆ ਸੀ, ਘੋਟਵੀਂ ਪੱਗ ਤੇ ਤੰਬੀ ਆਲਾ, ਜਿਵੇਂ ਸਾਣਗੀ ਨੂੰ ਛਾੜ੍ਹ ਚੜ੍ਹਿਆ ਹੋਵੇ। ਤੈਨੂੰ ਲਿਖ ਕੇ ਲੈ ਗਿਆ ਕੌਮਨਿਸਟਾਂ 'ਚ ਆਂਹਦਾ ਸੀ; ਤੁਹਾਡੇ ਮੁੰਡੇ ਦੇ ਚੰਦੀਗੜੋਂ ਕਾਗਦ ਆਏ ਐ ਮੈਂ ਆਖਿਆ; 'ਭਲਵਾਨਾ! ਕਿਉਂ ਝੂਠ ਬੋਲਦਾਂ ਸਾਡੇ ਮੁੰਡੇ ਨੂੰ ਏਨੀ ਦੂਰ ਮੋਏ ਜਾਣਦੇ ਐ ਐਵੇਂ ਫ਼ਰੌਟੀਆਂ ਨਾ ਮਾਰ। ਆਂਹਦਾ; ਸਰਕਾਰ ਦੀਆਂ ਨਜ਼ਰਾਂ 'ਚ ਇਹ ਵੱਡਾ ਬੰਦਾ ਐ। ਮੈਂ ਆਖਿਆ, ਫ਼ਿਰ ਤਾਂ ਟੌਹਰ ਆ ਸਾਡੇ ਮੁੰਡੇ ਦਾ! ਜੇ ਵੱਡਾ ਤਾਂ ਫ਼ਿਰ ਕਿਹੜੀ ਮਾੜੀ ਗੱਲ ਐ!' ਬਾਹਮਣਾਂ ਦੀ ਕੱਟੀ ਅਰੂੰ ਛਿੱਟਿਆ ਸੀ ਮੈਂ ਆਖਿਆ; ਭਲਵਾਨਾ! ਮੇਰੀਆਂ ਮੁੰਗਲੀਆਂ ਤਾਂ ਫ਼ੇਰ ਕੇ ਵਿਖਾ।"

ਉਸਤੋਂ ਬਾਅਦ ਬੀਬੀ ਨੇ ਦੱਸਿਆ ਕਿ ਸੀ ਆਈ ਡੀ ਦਾ ਉਹੋ ਹਵਾਲਦਾਰ ਆਇਆ ਸੀ। ਕਹਿੰਦਾ ਸੀ; ਮੁੰਡਾ ਨਕਸਲਬਾੜੀਆਂ 'ਚ ਹੈ। ਉਹ, ਜੇ ਰੀਪੋਰਟ ਕਰ ਦਏ ਤਾਂ ਨੌਕਰੀ ਕੱਟੀ ਜਾ ਸਕਦੀ ਹੈ। ਕਈ ਕੁਣਸਾਂ ਕੱਢਦਾ ਸੀ। ਪਿਓ ਦਾਦਾ ਕੀ ਕਰਦੇ ਸੀ? ਨਾਨਾ, ਮਾਮੇ ਕੀ ਕੰਮ ਕਰਦੇ ਨੇ? ਲਿਖ ਕੇ ਲੈ ਗਿਆ ਸੀ। ਕਹਿੰਦਾ ਸੀ, ਉਸ ਨੇ ਤਾਂ ਪਹਿਲਾਂ ਹੀ ਆਉਣਾ ਸੀ, ਪਰ ਤੇਰੇ ਪਿਓ ਦੀ ਮੌਤ ਹੋ ਗਈ, ਇਸ ਲਈ ਹਮਦਰਦੀ ਕਰ ਕੇ

ਨਹੀਂ ਸੀ ਆਇਆ। ਉਂਜ ਉਸ ਨੇ ਤੈਨੂੰ ਸੁਨੇਹੇ ਭੇਜੇ ਸਨ ਕਿ ਉਸਨੂੰ ਮਿਲ। ਅੱਜ ਵੀ ਉਸ ਇਹੋ ਕਿਹਾ ਸੀ ਕਿ ਤੂੰ ਉਸ ਨੂੰ ਮਿਲਦਾ ਨਹੀਂ।

ਕਹਿੰਦਾ ਸੀ, "ਮੁੜ ਕੇ ਰੀਪੋਰਟ ਮਾੜੀ ਭੇਜ 'ਤੀ ਫਿਰ ਨਾ ਆਖਿਓ।"

ਬੀਬੀ ਨੇ ਪੁੱਛਿਆ ਸੀ, "ਉਸਦਾ ਕਸੂਰ ਕੀ ਐ?" ਕਹਿੰਦਾ, "ਜਦੋਂ ਮੋਗੇ ਮੁੰਡੇ ਮਰੇ ਸੀ, ਉਦੋਂ ਲੋਕਾਂ ਨੂੰ ਨਾਲ ਲੈ ਕੇ ਇਹਨੇ ਜਲੂਸ ਕੱਢਿਆ ਸੀ ਅਤੇ ਕਹਿੰਦਾ ਸੀ, ਸਰਕਾਰ ਨੇ ਮਾੜਾ ਕੀਤਾ।"

ਬੀਬੀ ਦੇ ਮੂੰਹੋਂ ਨਿਕਲ ਗਿਆ, "ਤੇ ਹੋਰ ਕੀ ਆਂਹਦਾ, ਚੰਗਾ ਕੀਤਾ?"

"ਬੀਬੀ ਸਰਕਾਰ ਨੂੰ ਇਹ ਸਭ ਚੰਗਾ ਨਹੀਂ ਲੱਗਦਾ" ਉਹ ਛਿੱਥਾ ਜਿਹਾ ਪੈ ਕੇ ਉਠਿਆ ਤੇ ਐਵੇਂ ਮੇਰੀਆਂ ਕਿਤਾਬਾਂ, ਰਿਸਾਲਿਆਂ ਨੂੰ ਉਲਟ ਕੇ ਵੇਖਣ ਲੱਗਾ ਬੀਬੀ ਤੋਂ ਰਹਿ ਨਾ ਹੋਇਆ, "ਸਰਕਾਰ ਨੂੰ ਤਾਂ ਵੀਰਾ ਬੰਦੇ ਮਾਰਨੇ ਈ ਚੰਗੇ ਲੱਗਦੇ ਨੇ ਤਾਂ" ਤੇ ਉਹ ਚੁੱਪ ਕਰ ਗਈ ਸੀ। ਉਹ ਉਸਦੀ ਗੱਲ ਮੁੱਕਦਿਆਂ ਹੀ ਬੋਲ ਪਿਆ, "ਔਹ ਵੇਖੋ ਇਹੋ ਜਿਹੇ ਰਿਸਾਲੇ ਪੜ੍ਹਨ ਵਾਲੇ ਨੂੰ ਅਗਲੇ ਸਿੱਧਾ ਕੈਦ ਕਰ ਦਿੰਦੇ ਐ ।"

"ਵੀਰਾ! ਤੁਹਾਡੇ ਡਾਕਖ਼ਾਨਿਆਂ ਰਾਹੀਂ ਆਉਂਦੇ ਨੇ ਮਾੜੇ ਆ ਤਾਂ ਨਾ ਔਣ ਦਿਆ ਕਰੋ ਜਿੱਥੇ ਛਪਦੇ ਨੇ ਓਥੋਂ ਬੰਦ ਕਰ ਲੋ।"

ਬੀਬੀ ਦੀਆਂ ਗੱਲਾਂ ਸੁਣ ਕੇ ਮੇਰੇ ਚਿਹਰੇ 'ਤੇ ਮੁਸਕਰਾਹਟ ਫ਼ੈਲ ਗਈ।

ਬੀਬੀ ਉਸ ਨਾਲ ਹੋਈ ਗੱਲ-ਬਾਤ ਦਾ ਵੇਰਵਾ ਦੇ ਕੇ ਹੌਲੀ-ਫੁੱਲ ਮਹਿਸੂਸ ਕਰ ਰਹੀ ਸੀ। ਉਹ ਨਜ਼ਰਾਂ ਉਠਾ ਕੇ ਅੰਗੀਠੀ 'ਤੇ ਪਈਆਂ ਭਗਤ ਸਿੰਘ, ਗੁਰੂ ਗੋਬਿੰਦ ਸਿੰਘ ਅਤੇ ਲੈਨਿਨ ਦੀਆਂ ਫ਼ੋਟੋਆਂ ਵੱਲ ਬੜੇ ਧਿਆਨ ਨਾਲ ਦੇਖਣ ਲੱਗੀ, "ਆਂਹਦਾ ਸੀ; ਆਹ ਫ਼ੋਟੋਆਂ ਲਾਹ ਦਿਓ।" ਫਿਰ ਉਹ ਲੈਨਿਨ ਦੀ ਫ਼ੋਟੋ ਵੱਲ ਉਂਗਲ ਕਰ ਕੇ ਬੋਲੀ, "ਔਸ ਗੰਜੇ ਬਾਊ ਨੂੰ ਆਂਹਦਾ ਸੀ, ਬੜਾ ਖ਼ਤਰਨਾਕ ਐ ਕਿਸੇ ਬਾਹਰਲੇ ਦੇਸ ਦਾ। ਜਦੋਂ ਮੈਂ ਆਖਿਆ, "ਦੂਜੇ ਤਾਂ ਆਪਣੇ ਦੇਸ਼ ਦੇ ਨੇ!' ਤਾਂ ਦੰਦੀਆਂ ਜੀਆਂ ਖਰਾਉਂਦਾ ਆਖਣ ਲੱਗਾ, "ਬੀਬੀ ਤੁਸੀਂ ਨੀਂ ਜਾਣਦੇ ਜਦੋਂ ਇਹ ਤਿੰਨੇ ਰਲ ਜਾਂਦੇ ਐ ਸਰਕਾਰ ਲਈ ਖ਼ਤਰਨਾਕ ਹੀ ਹੁੰਦੇ ਐ।" ਉਹ ਇੱਕ ਮਿੰਟ ਲਈ ਰੁਕੀ, "ਬੱਸ ਸਰਕਾਰ-ਸਰਕਾਰ ਈ ਲਾ ਛੱਡੀ ਨਖਾਫ਼ਣੇ ਨੇ। ਸਰਕਾਰ ਨੂੰ ਆਹ ਨਹੀਂ ਚੰਗਾ ਲੱਗਦਾ। ਸਰਕਾਰ ਨੂੰ ਔਹ ਨਹੀਂ ਚੰਗਾ ਲੱਗਦਾ।"

ਮੈਂ ਫੋਟੋਆਂ ਵੱਲ ਵੇਖਿਆ। ਅੰਗੀਠੀ 'ਤੇ ਪਈ ਆਪਣੀ ਪੋਸਟ-ਕਾਰਡ ਸਾਈਜ਼ ਦੀ ਸਟੀਲ ਦੇ ਫਰੇਮ ਵਾਲੀ ਆਪਣੀ ਫੋਟੋ ਨਾ ਵੇਖ ਕੇ ਉਸ ਬਾਰੇ ਪੁੱਛਿਆ ਤਾਂ ਬੀਬੀ ਨੇ ਅਨਜਾਣਤਾ ਪਰਗਟ ਕੀਤੀ। ਜ਼ਾਹਿਰ ਸੀ; ਉਹ ਰੀਕਾਰਡ ਵਿੱਚ ਰੱਖਣ ਵਾਸਤੇ ਬਿਨਾ ਦੱਸੇ ਮੇਰੀ ਫੋਟੋ ਖਿਸਕਾ ਕੇ ਲੈ ਗਿਆ ਸੀ।

ਜੇਲ੍ਹ ਵਿੱਚ ਮੇਰੇ ਨਾਲ ਰਹੇ ਅਕਾਲੀ ਨੇਤਾ ਮੇਰੇ ਪਿਤਾ ਦੀ ਮੌਤ ਦਾ ਅਫ਼ਸੋਸ ਕਰਨ ਲਈ ਮੇਰੇ ਘਰ ਪਹੁੰਚੇ। ਜੇਲ੍ਹ-ਕਮੇਟੀ ਦਾ ਪ੍ਰਧਾਨ ਹੋਣ ਨਾਤੇ ਅਤੇ ਉਂਜ ਵੀ ਦੂਜੇ ਮੁੰਡਿਆਂ ਨਾਲੋਂ ਸੀਨੀਅਰ ਹੋਣ ਕਰਕੇ ਰਾਤ-ਦਿਨ ਆਪਣੀ ਬਾਰਕ ਵਿੱਚ ਹੋਣ ਵਾਲੇ ਇਕੱਠਾਂ ਵਿੱਚ ਮੈਨੂੰ ਹੀ ਭਾਸ਼ਨ ਕਰਨ ਦਾ ਮੌਕਾ ਮਿਲਦਾ ਸੀ। ਮੈਂ ਆਪਣੇ ਭਾਸ਼ਨਾ ਵਿੱਚ ਸਿੱਖੀ ਦੇ ਇਨਕਲਾਬੀ ਅੰਸ਼ ਦੀ ਗੱਲ ਵੀ ਕਰਦਾ ਇਸ ਕਰ ਕੇ ਅਕਾਲੀ ਆਗੂ ਮੇਰੇ ਨਾਲ ਉਚੇਚਾ ਸਨੇਹ ਕਰਨ ਲੱਗੇ ਸਨ। ਮੇਜਰ ਸਿੰਘ ਉਬੋਕੇ (ਜੋ ਪਿੱਛੋਂ ਜਾ ਕੇ ਮੈਂਬਰ ਪਾਰਲੀਮੈਂਟ ਬਣਿਆ ਤੇ ਬਰਨਾਲਾ ਮੰਤਰੀ ਮੰਡਲ ਵਿੱਚ ਮਾਲ-ਮੰਤ੍ਰੀ ਵੀ ਰਿਹਾ), ਅਜੀਤ ਸਿੰਘ ਮੌਲਵੀ, ਦਰਸ਼ਨ ਸਿੰਘ ਈਸਾਪੁਰ, ਸ਼੍ਰੋਮਣੀ ਕਮੇਟੀ ਮੈਂਬਰ ਜਗਬੀਰ ਸਿੰਘ ਸਰਹਾਲੀ ਤੇ ਹੋਰ ਅਕਾਲੀ ਸੱਜਣ ਮੇਰੀ ਭਾਸ਼ਨ ਕਰਨ ਦੀ 'ਯੋਗਤਾ', ਰਾਜਨੀਤੀ ਤੇ ਪੰਜਾਬ ਦੇ ਇਤਿਹਾਸ ਬਾਰੇ ਮੇਰੀ ਜਾਣਕਾਰੀ ਅਤੇ ਕੁੱਝ ਕਰ ਗੁਜ਼ਰਨ ਦੇ ਮੇਰੇ ਜੋਸ਼ ਨੂੰ ਵੇਖ ਕੇ ਮਨ ਹੀ ਵਿੱਚ ਮੇਰੇ ਬਾਰੇ ਕੁੱਝ ਹੋਰ ਸੋਚੀ ਫਿਰਦੇ ਸਨ।

ਇਹਨਾਂ ਹੀ ਦਿਨਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫ਼ਤਹਿ ਸਿੰਘ ਦੀ ਮੌਤ ਹੋ ਗਈ। ਅਕਾਲੀ ਮਿੱਤਰਾਂ ਨੇ ਉਸਦੇ ਭੋਗ ਵਾਲੇ ਦਿਨ ਉਚੇਚੀ ਕਾਰ ਤੇ ਬੰਦੇ ਭੇਜ ਕੇ ਮੈਨੂੰ ਅੰਮ੍ਰਿਤਸਰ ਬੁਲਾਇਆ। ਦੱਸਿਆ ਗਿਆ ਕਿ ਅੱਜ ਮੰਜੀ ਸਾਹਿਬ ਵਿਖੇ ਹੋਣ ਵਾਲੇ 'ਸੰਤ ਫ਼ਤਹਿ ਸਿੰਘ ਸ਼ਰਧਾਂਜਲੀ ਸਮਾਗਮ' ਮੌਕੇ, ਜਿਸ ਵਿੱਚ ਪੰਜਾਬ ਦੀਆਂ ਸਾਰੀਆਂ ਮੁੱਖ ਪਾਰਟੀਆਂ ਦੇ ਆਗੂਆਂ ਤੋਂ ਇਲਾਵਾ ਇੰਦਰਾ ਗਾਂਧੀ ਅਤੇ ਮੁਰਾਰ ਜੀ ਡਿਸਾਈ ਵਰਗੇ ਕੇਂਦਰੀ ਲੀਡਰ ਵੀ ਸ਼ਰਧਾਂਜਲੀ ਦੇਣ ਲਈ ਪਹੁੰਚ ਰਹੇ ਸਨ, ਮੈਂ ਵਿਦਿਆਰਥੀ ਆਗੂ ਵਜੋਂ ਇਸ ਸਮਾਗਮ ਨੂੰ ਸੰਬੋਧਨ ਕਰਨਾ ਹੈ। ਗੁਰੂ ਰਾਮਦਾਸ ਸਰਾਂ ਦੇ ਸਾਹਮਣੇ ਖਲੋਤੇ ਪ੍ਰੇਮ ਸਿੰਘ ਲਾਲਪੁਰਾ ਨਾਲ ਮੈਨੂੰ ਮੌਲਵੀ ਅਜੀਤ ਸਿੰਘ ਤੇ ਮੇਜਰ ਸਿੰਘ ਉਬੋਕੇ ਹੁਰਾਂ ਨੇ ਮਿਲਾਇਆ ਤਾਂ ਲਾਲਪੁਰਾ ਕਹਿਣ ਲੱਗਾ, "ਬਹੁਤ ਚੰਗਾ ਹੋਇਆ, ਤੁਸੀਂ ਪਹੁੰਚ ਗਏ। ਕੌਮ ਨੂੰ ਹੁਣ ਤੁਹਾਡੇ ਜਿਹੇ ਨੌਜਵਾਨਾਂ ਦੀ ਬਹੁਤ ਜ਼ਰੂਰਤ ਹੈ। ਤਕੜੇ ਹੋ ਕੇ ਅੱਗੇ ਆਓ।"

*(ਚਲਦਾ...)*


Namdhari Elibrary NamdhariElibrary@gmail.com


TOP TRAK
new generation bikes
NEW range for all ages
BVQI
ISO 9001:2000
UKAS
PARTAP ENGINEERS
AN ISO 9001 COMPANY
BHAGWAN CHOWK, LUDHIANA - 141 003 (INDIA)
Tel : 91-161-2533276, 2540209 FAX : 91-161-2533273
E-MAIL : gspartap@glide.net.in
Website : www.partapexports.com

ਹਰਸ਼ ਮਾਸੀ ਦੀਆਂ ਕਹਾਣੀਆਂ

# ਲੰਗੜਾ ਕਤੂਰਾ



ਡਾ: ਹਰਸ਼ਿੰਦਰ ਕੌਰ, ਐਮ ਡੀ,
ਬੱਚਿਆਂ ਦੀ ਮਾਹਿਰ

ਰਾਤ ਪੈਂਦਿਆਂ ਹੀ ਬੱਚਿਆਂ ਦੀ ਢਾਣੀ ਹਰਸ਼ ਮਾਸੀ ਦੇ ਦੁਆਲੇ ਹੋ ਗਈ। ਸਭ ਤੋਂ ਅੱਗੇ ਹੈਰੀ ਸੀ। ਉਹ ਬੋਲਿਆ, " ਮਾਸੀ ਜੀ, ਮੈਂ ਤਾਂ ਸਾਰੇ ਹਿਸਾਬ ਦੇ ਸੁਆਲ ਕਰ ਲਏ ਨੇ। ਮਾਸੜ ਜੀ ਨੇ ਜਿਹੜੀਆਂ ਗਲਤੀਆਂ ਲੱਭੀਆਂ, ਉਹ ਦੁਬਾਰਾ ਵੀ ਠੀਕ ਕਰ ਲਈਆਂ। ਹੁਣ ਤਾਂ ਕਹਾਣੀ ਸੁਣਾਓ।"

ਹਰਸ਼ ਮਾਸੀ ਨੇ ਪੁੱਛਿਆ, " ਪਹਿਲਾਂ ਇਹ ਦੱਸੋ ਕਿ ਤੁਸੀਂ ਸਾਰੇ ਸ਼ਾਮ ਨੂੰ ਬਾਹਰ ਖੇਡਣ ਗਏ ਸੀ ਕਿ ਨਈਂ? "

ਅਵੀ ਬੋਲਿਆ, " ਹਾਂ ਮਾਸੀ ਜੀ ਅਸੀਂ ਸਾਰੇ ਗਏ ਸੀ। ਪਰ, ਉੱਥੇ ਕੁੱਝ ਸ਼ਰਾਰਤੀ ਬੱਚੇ ਇਕ ਨਿੱਕੇ ਜਿਹੇ ਕਤੂਰੇ ਨੂੰ ਵੱਟੇ ਮਾਰ ਮਾਰ ਕੇ ਤੰਗ ਕਰ ਰਹੇ ਸੀ ਤੇ ਇਕ ਵੱਟਾ ਤਾਂ ਵਿਚਾਰੇ ਦੇ ਪੈਰ ਉੱਤੇ ਏਨੀ ਜ਼ੋਰ ਦੀ ਵੱਜਿਆ ਕਿ ਉਹ ਚਊਂ ਚਊਂ ਕਰਦਾ ਲੰਗੜਾਉਂਦਾ ਹੋਇਆ ਦੌੜ ਪਿਆ। ਵਿਚਾਰਾ ਏਨਾ ਰੋਂਦਾ ਪਿਆ ਸੀ ਪਰ ਉਹ ਬੱਚੇ ਉਸਨੂੰ ਛਡਦੇ ਈ ਨਈਂ ਪਏ ਸੀ। ਫੇਰ ਜੀਵੇਸ਼ ਵੀਰ ਨੇ ਉਨ੍ਹਾਂ ਨੂੰ ਝਿੜਕ ਕੇ ਪਰ੍ਹਾਂ ਕੀਤਾ। "

ਹਰਸ਼ ਮਾਸੀ ਨੇ ਸੁਣਦਿਆਂ ਹੀ ਕਿਹਾ, " ਇਹ ਤਾਂ ਤੂੰ ਜੀਵ ਬਹੁਤ ਚੰਗੀ ਗੱਲ ਕੀਤੀ। ਉਸ ਬੇਜ਼ਬਾਨ ਨੂੰ ਮਾਰਨਾ ਮਾੜੀ ਗੱਲ ਸੀ। ਮੈਂ ਅੱਜ ਤੁਹਾਨੂੰ ਇਕ ਅਜਿਹੇ ਹੀ ਨਿੱਕੇ ਜਿਹੇ ਕਤੂਰੇ ਦੀ ਗੱਲ ਸੁਣਾਉਂਦੀ ਆਂ। "

" ਕਹਾਣੀ ਕਿ ਗੱਲ, " ਨਾਨੂ ਨੇ ਪੁੱਛਿਆ ?

" ਜੋ ਮਰਜ਼ੀ ਸਮਝ ਲਇਓ। ਪਤਾ ਜੇ ਕੀ ਹੋਇਆ। ਇਕ ਦੁਕਾਨ ਵਿਚ ਨਿੱਕੇ ਨਿੱਕੇ ਕਤੂਰੇ ਵਿਕ ਰਹੇ ਸੀ। ਇਕ ਦਿਨ ਇਕ ਛੋਟਾ ਜਿਹਾ ਬੱਚਾ ਉੱਥੇ ਕਤੂਰਾ ਖਰੀਦਣ ਆਇਆ, " ਹਰਸ਼ ਮਾਸੀ ਨੇ ਗੱਲ ਸੁਣਾਉਣੀ ਸ਼ੁਰੂ ਕੀਤੀ।

" ਮੈਂ ਵੀ ਕਤੂਰਾ ਲੈਣੈ, " ਨਾਨੂ ਨੇ ਝਟ ਗੱਲ ਕਟ ਦਿੱਤੀ। " ਚੰਗਾ ਆਪਣੇ ਪਾਪਾ ਨੂੰ ਕਹੀਂ ਤੈਨੂੰ ਲੈ ਦੇਣਗੇ। ਹੁਣ ਮਾਸੀ ਤੋਂ ਕਹਾਣੀ ਤਾਂ ਸੁਣ ਲੈਣ ਦੇ, " ਅਵੀ ਨੇ ਟੋਕਿਆ।

" ਪਰ ਮੈਂ ਚਿੱਟਾ ਚਿੱਟਾ ਛੋਟਾ ਜਿਹਾ ਕਤੂਰਾ ਹੁਣੇ ਲੈਣੈ। ਮੈਂ ਉਹਦੀ ਪੂਛ ਨਾਲ ਖੇਡਾਂਗਾ, " ਨਾਨੂ ਨੇ ਫੇਰ ਜ਼ਿੱਦ ਕੀਤੀ।

" ਸੱਚੀਂ ਮਾਸੀ, ਲੈ ਦਿਓ ਨਾ। ਮੈਨੂੰ ਵੀ ਕਤੂਰੇ ਬਹੁਤ ਪਸੰਦ ਨੇ, " ਸੁਖੀ ਵੀ ਬੋਲ ਪਈ।

" ਐਸ ਵੇਲੇ ਤਾਂ ਕਹਾਣੀ ਸੁਣ ਲੈਣ ਦਿਓ। ਸਵੇਰੇ ਕਤੂਰਾ ਵੀ ਲੈ ਲਵਾਂਗੇ," ਹਿੱਤੀ ਤੇ ਜੀਵ ਇੱਕਠੇ ਹੀ ਬੋਲ ਪਏ।

ਹਰਸ਼ ਮਾਸੀ ਨੇ ਗੱਲ ਅੱਗੇ ਤੋਰੀ, " ਦੁਕਾਨਦਾਰ ਨੇ ਉਸਨੂੰ ਢੇਰ ਸਾਰੇ ਨਿੱਕੇ ਨਿੱਕੇ ਵੱਖੋ ਵਖਰੇ ਰੰਗਾਂ ਦੇ ਕਤੂਰੇ ਕਮਰੇ 'ਚੋਂ ਬਾਹਰ ਲਿਆ ਕੇ ਵਿਖਾਏ। ਅਖ਼ੀਰ ਵਿਚ ਕਮਰੇ ਅੰਦਰ ਇੱਕੋ ਨਿਕਾ ਜਿਹਾ ਅੱਧਾ ਚਿੱਟਾ ਤੇ ਅੱਧਾ ਕਾਲਾ ਕਤੂਰਾ ਰਹਿ ਗਿਆ ਜਿਹੜਾ ਚੁਪ ਕਰ ਕੇ ਬੈਠਾ ਰਿਹਾ ਤੇ ਬਾਕੀ ਸਾਰਿਆਂ ਦੇ ਬਾਹਰ ਜਾਣ ਬਾਅਦ ਉਹ ਵੀ ਹੌਲੀ ਹੌਲੀ ਲੰਗੜਾਉਂਦਾ ਹੋਇਆ ਦਰਵਾਜ਼ੇ ਵੱਲ ਤੁਰ ਪਿਆ।"

" ਮਾਸੀ ਜੀ ਲੰਗੜਾ ਕੀ ਹੁੰਦੈ, " ਨਾਨੂ ਨੇ ਪੁੱਛਿਆ?

" ਬੱਚੇ, ਜਿਸਦੀ ਇਕ ਲਤ ਠੀਕ ਨਾ ਹੋਵੇ, ਉਹ ਪੂਰਾ ਭਾਰ ਦੋਵੇਂ ਪੈਰਾਂ ਉੱਤੇ ਨਹੀਂ ਪਾ ਸਕਦਾ ਤੇ ਇਸੇ ਲਈ ਠੀਕ ਵੀ ਨਹੀਂ ਤੁਰ ਸਕਦਾ। ਉਹ ਟੇਢਾ ਹੋ ਕੇ ਤੁਰਦੈ। ਇਸੇ ਲਈ ਇਸਤਰ੍ਹਾਂ ਦੇ ਬੰਦੇ ਜਾਂ ਕਿਸੇ ਵੀ ਤੁਰ ਸਕਣ ਵਾਲੇ ਨੂੰ ਲੰਗੜਾ ਈ ਕਹਿੰਦੇ ਨੇ," ਗੁਰਪਾਲ ਮਾਸੜ ਜੀ ਨੇ ਸਮਝਾਇਆ।

" ਮਾਸੀ ਜੀ ਕਹਾਣੀ ਤਾਂ ਅੱਗੇ ਸੁਣਾਓ, " ਅਵੀ ਤੇ ਹਿੱਤੀ ਇੱਕਠੇ ਹੀ ਬੋਲ ਪਏ।

" ਬੱਚਿਓ, ਉਸ ਨਿੱਕੇ ਬੱਚੇ ਨੇ ਦੁਕਾਨਦਾਰ ਕੋਲੋਂ ਕਤੂਰਿਆਂ ਦੀ ਕੀਮਤ ਪੁੱਛੀ ਤਾਂ ਦੁਕਾਨਦਾਰ ਨੇ ਦੱਸਿਆ ਕਿ ਇਕ ਕਤੂਰਾ ੧੫੦੦ ਤੋਂ ੩੦੦੦ ਰੁਪੈ ਤੱਕ ਦਾ ਐ। ਉਹ ਬੱਚਾ ਵਿਚਾਰਾ ਮੂੰਹ ਲਟਕਾ ਕੇ ਬਹਿ ਗਿਆ ਕਿਉਂਕਿ ਉਸਦੀ ਜੇਬ ਵਿਚ ਸਿਰਫ ੧੫੦ ਰੁਪੈ ਸਨ। ਦੁਕਾਨਦਾਰ ਨੂੰ ਉਸਨੇ ਬੇਨਤੀ ਕੀਤੀ ਕਿ ਕੀ ਉਹ ਉਧਾਰ ਕਰ ਸਕਦੈ ਜਾਂ ਨਈਂ! ਉਹ ੧੫੦ ਰੁਪੈ ਹੁਣੇ ਦੇ ਦੇਵੇਗਾ ਤੇ ਫੇਰ ੧੫੦ ਰੁਪੈ ਹਰ ਮਹੀਨੇ ਦਿੰਦਾ ਰਏਗਾ। ਦੁਕਾਨਦਾਰ ਕੁੱਝ ਸੋਚਣ ਲੱਗ ਪਿਆ ਤੇ ਫੇਰ ਉਸਨੇ ਬੱਚੇ ਨੂੰ ਪੁੱਛਿਆ ਕਿ ਉਹ ਕਿਹੜਾ ਕੁੱਤਾ ਲੈਣਾ ਚਾਹੁੰਦੈ," ਹਰਸ਼ ਮਾਸੀ ਨੇ ਕਹਾਣੀ ਸੁਣਾਉਂਦਿਆਂ ਕਿਹਾ।

ਸਾਰੇ ਜਣੇ ਸਾਹ ਰੋਕ ਕੇ ਕਹਾਣੀ ਸੁਣ ਰਹੇ ਸਨ ਪਰ ਇਕਦਮ ਹੈਰੀ ਬੋਲਿਆ, " ਮੈਂ ਹੁੰਦਾ ਤਾਂ ਅੱਧਾ ਚਿੱਟਾ ਤੇ ਅੱਧਾ ਕਾਲਾ ਕਤੂਰਾ ਲੈਣਾ ਸੀ ਜਿਹੜਾ ਸਭ ਤੋਂ ਜ਼ਿਆਦਾ ਤੇਜ਼ ਭੱਜ ਸਕਦਾ।"

" ਯਾਰ ਤੂੰ ਕਹਾਣੀ ਦੇ ਵਿਚ ਨਾ ਟੋਕਿਆ ਕਰ। ਤੂੰ ਵਾਪਸ ਘਰ ਜਾ ਕੇ ਜਿਹੜਾ ਮਰਜ਼ੀ ਲਈ ਜਾਈਂ। ਹੁਣ ਮਾਸੀ ਤੋਂ ਕਹਾਣੀ ਸੁਣਨ ਦੇ, " ਅਵੀ ਨੇ ਟੋਕਿਆ।

ਏਨੇ ਨੂੰ ਨਾਨੂ ਬੋਲ ਪਿਆ, " ਪਰ ਮੈਂ ਤਾਂ ਚਿੱਟਾ ਚਿੱਟਾ ਲੈਣੈ।"

" ਅੱਛਾ ਹੁਣ ਅੱਗੇ ਸੁਣੋ, " ਹਰਸ਼ ਮਾਸੀ ਨੇ ਕਹਾਣੀ ਅੱਗੇ


Namdhari Elibrary NamdhariElibrary@gmail.com

ਤੇਰੀ, "ਉਸ ਬੱਚੇ ਨੇ ਦੁਕਾਨਦਾਰ ਨੂੰ ਉਸ ਅਖੀਰ 'ਚ ਆ ਰਏ ਲੰਗੜੇ ਕਤੂਰੇ ਵਲ ਇਸ਼ਾਰਾ ਕਰ ਕੇ ਕਿਹਾ ਕਿ ਉਹ ਵਾਲਾ ਚਾਹੀਦੈ। ਦੁਕਾਨਦਾਰ ਉਸ ਬੱਚੇ ਵਲ ਅਜੀਬ ਜਹੀਆਂ ਨਜ਼ਰਾਂ ਨਾਲ ਵੇਖ ਕੇ ਬੋਲਿਆ ਕਿ ਇਹ ਕਿਉਂ ਲੈਣੈ? ਇਹ ਤਾਂ ਤੇਰੇ ਨਾਲ ਖੇਡ ਵੀ ਨਈਂ ਸਕੇਗਾ ਤੇ ਤੇਰੇ ਨਾਲ ਭਜ ਵੀ ਨਈਂ ਸਕਣ ਲੱਗਾ। ਇਹ ਤਾਂ ਵਿਕਣਾ ਵੀ ਨਈਂ। ਜੇ ਲੈਣਾ ਹੋਏ ਤਾਂ ਇਹ ਅੱਧ ਤੋਂ ਵੀ ਘਟ ਕੀਮਤ ਤੇ ਹੀ ਮਿਲ ਜਾਏਗਾ। ਪਰ ਦਸ ਤਾਂ ਸਹੀ ਕਿ ਇਹ ਲੰਗੜਾ ਜਿਹਾ ਕਿਉਂ ਲੈਣੈ? "

"ਉਹ ਬੱਚਾ ਲੰਗੜਾ ਕਤੂਰਾ ਕਿਉਂ ਲੈਣਾ ਚਾਹੁੰਦਾ ਸੀ? ਕੀ ਪੈਸੇ ਘਟ ਹੋਣ ਕਰਕੇ, "ਸੁੱਖੀ ਨੇ ਪੁੱਛਿਆ?

" ਨਈਂ ਬੱਚਿਆ ਗੱਲ ਕੋਈ ਹੋਰ ਸੀ, " ਹਰਸ਼ ਮਾਸੀ ਨੇ ਜਵਾਬ ਦਿੱਤਾ, " ਹੁਣ ਅੱਗੇ ਤਾਂ ਸੁਣੋ। "

ਇਕਦਮ ਜੀਵ ਬੋਲਿਆ, " ਉਸਨੇ ਸੋਚਿਆ ਹੋਣੈ ਕਿ ਇਹ ਭੱਜ ਕੇ ਦੂਰ ਨਈਂ ਜਾ ਸਕੇਗਾ ਤੇ ਮੇਰੇ ਕੋਲ ਈ ਬੈਠਾ ਰਏਗਾ ਤੇ ਫੇਰ ਇਹਦੇ ਨਾਲ ਜਿਨਾ ਮਰਜ਼ੀ ਖੇਡੀ ਜਾਓ।"

" ਨਈਂ ਇਹ ਗੱਲ ਨਈਂ। ਅੱਗੋਂ ਮਾਸੀ ਨੂੰ ਬੋਲਣ ਤਾਂ ਦਿਓ, " ਗੁਰਪਾਲ ਮਾਸੜ ਜੀ ਨੇ ਸਾਰਿਆਂ ਨੂੰ ਚੁੱਪ ਕਰਵਾਇਆ।

ਹਰਸ਼ ਮਾਸੀ ਨੇ ਗੱਲ ਜਾਰੀ ਰੱਖੀ, " ਉਹ ਬੱਚਾ ਥੋੜਾ ਔਖਾ ਹੋ ਕੇ ਬੋਲਿਆ ਕਿ ਲੰਗੜਾ ਐ ਤਾਂ ਕੀ ਹੋਇਆ? ਮੈਂ ਤਾਂ ਇਹੀ ਕਤੂਰਾ ਲੈਣੈ। ਪੈਸੇ ਵੀ ਮੈਂ ਘਟ ਨਈਂ ਦੇਣੇ, ਪੂਰੇ ਦੇਵਾਂਗਾ। ਇਹ ਸੁਣ ਕੇ ਦੁਕਾਨਦਾਰ ਬਹੁਤ ਹੈਰਾਨ ਹੋਇਆ। ਉਸਨੇ ਫੇਰ ਬੱਚੇ ਨੂੰ ਸਮਝਾਇਆ ਕਿ ਉਸਦੇ ਮਾਪੇ ਉਸ ਨਾਲ ਗੁੱਸੇ ਹੋਣਗੇ। ਪਹਿਲਾਂ ਜਾ ਕੇ ਘਰ ਮਾਪਿਆਂ ਨਾਲ ਸਲਾਹ ਕਰ ਲਏ ਤੇ ਫੇਰ ਈ ਕਤੂਰਾ ਖ਼ਰੀਦੇ ਕਿਉਂਕਿ ਬਾਅਦ ਵਿਚ ਇਹ ਵਾਪਸ ਨਈਂ ਹੋਣਾ। ਉਹ ਬੱਚਾ ਜ਼ਿੱਦ ਕਰ ਕੇ ਖੜ੍ਹਾ ਰਿਹਾ ਕਿ ਇਹੀ ਲਵਾਂਗਾ ਤੇ ਲੈਣਾ ਵੀ ਪੂਰੀ ਕੀਮਤ 'ਤੇ ਐ।"

" ਪੂਰਾ ਬੇਵਕੂਫ਼ ਈ ਸੀ। ਜੇ ਸਸਤਾ ਮਿਲ ਰਿਆ ਸੀ ਤਾਂ ਲੈ ਲੈਂਦਾ। ਏਨੀ ਕੀ ਖ਼ਾਸ ਗੱਲ ਸੀ ਉਸ ਲੰਗੜੇ ਕਤੂਰੇ 'ਚ, " ਸੁੱਖੀ ਨੇ ਪੁੱਛਿਆ?

" ਤੂੰ ਸੁਣ ਤਾਂ ਸਹੀ ਮੇਰੀ ਪੂਰੀ ਗੱਲ, " ਹਰਸ਼ ਮਾਸੀ ਨੇ ਸੁੱਖੀ ਨੂੰ ਚੁੱਪ ਹੋਣ ਦਾ ਇਸ਼ਾਰਾ ਕਰਦਿਆਂ ਕਿਹਾ, " ਉਹ ਬੱਚਾ ਜਦੋਂ ਨਾ ਈ ਮੰਨਿਆ ਤਾਂ ਅਖੀਰ 'ਚ ਦੁਕਾਨਦਾਰ ਨੇ ਕਿਹਾ ਕਿ ਬੇਟਾ ਵੱਡਾ ਹੋ ਕੇ ਵੀ ਇਹ ਕਦੇ ਤੇਰੇ ਨਾਲ ਛਾਲਾਂ ਮਾਰ ਕੇ ਨਈਂ ਖੇਡ ਸਕੇਗਾ। ਫੇਰ ਤੂੰ ਇਸਨੂੰ ਪਿਆਰ ਕਰਨਾ ਛੱਡ ਦੇਵੇਂਗਾ ਤੇ ਘਰੋਂ ਬਾਹਰ ਕੱਢ ਦੇਵੇਂਗਾ। ਫਿਰ ਇਹ ਵਿਚਾਰਾ ਗਲੀਆਂ 'ਚ ਰੁਲੇਗਾ।"

" ਮੈਂ ਤਾਂ ਬਈ ਠੀਕ ਕਤੂਰਾ ਲਵਾਂਗਾ, ਬੀਮਾਰ ਵਾਲਾ ਨਈਂ ਜਿਸਨੂੰ ਦਵਾਈਆਂ ਦਿੰਦੇ ਰਵਾਂ, " ਹੈਰੀ ਨੇ ਟੋਕ ਕੇ ਕਿਹਾ।

" ਲਓ ਜੀ, ਹੁਣ ਕਹਾਣੀ ਦਾ ਅੰਤ ਨੇੜੇ ਐ ਤੇ ਤੁਸੀਂ ਗੱਲ ਨੂੰ ਟੋਕੀ ਜਾ ਰਏ ਓ, " ਗੁਰਪਾਲ ਮਾਸੜ ਜੀ ਨੇ ਚੁੱਪ ਕਰਨ ਦਾ ਇਸ਼ਾਰਾ ਕਰਦਿਆਂ ਕਿਹਾ।

ਹਰਸ਼ ਮਾਸੀ ਨੇ ਫੇਰ ਕਹਾਣੀ ਜਾਰੀ ਰਖਦਿਆਂ ਦੱਸਿਆ, "ਉਹ ਬੱਚਾ ਇਹ ਸਭ ਸੁਣ ਕੇ ਕੁੱਝ ਚੁੱਪ ਜਿਹਾ ਕਰ ਗਿਆ ਤੇ ਉਸਨੇ ਆਪਣੀ ਸੱਜੀ ਲੱਤ ਉੱਤੋਂ ਪੈਂਟ ਉੱਚੀ ਚੁਕ ਕੇ ਦੁਕਾਨਦਾਰ ਨੂੰ ਵਿਖਾਈ। ਉਸਦੀ ਸੱਜੀ ਲੱਤ ਕੱਟੀ ਪਈ ਸੀ ਤੇ ਉਸਦੀ ਥਾਂ ਨਕਲੀ ਲੱਤ ਲੱਗੀ ਹੋਈ ਸੀ। ਉਹ ਦੁਕਾਨਦਾਰ ਨੂੰ ਆਪਣੀ ਲੱਤ ਵਿਖਾ ਕੇ ਕਹਿਣ ਲੱਗਾ - ਅੰਕਲ ਮੈਂ ਵੀ ਭੱਜ ਦੌੜ ਨਈਂ ਸਕਦਾ ਤੇ ਮੇਰੇ ਮੰਮੀ ਪਾਪਾ ਆਪਣੇ ਕੰਮਾਂ 'ਚ ਬਹੁਤ ਰੁੱਝੇ ਹੋਏ ਨੇ। ਇਸ ਲਈ ਅਸੀਂ ਦੋਵੇਂ ਇਕ ਦੂਜੇ ਦੇ ਦੋਸਤ ਬਣ ਕੇ ਰਹਾਂਗੇ ਤੇ ਨਾਲ ਨਾਲ ਈ ਵੱਡੇ ਹੋਵਾਂਗੇ। ਮੈਂ ਇਸਦੀ ਪੂਰੀ ਕੀਮਤ ਤਾਂ ਈ ਦੇ ਰਿਹਾਂ ਕਿ ਸਭ ਨੂੰ ਸਮਝ ਆ ਜਾਏ ਕਿ ਲੰਗੜੇ ਵੀ ਪੂਰੀ ਕੀਮਤ 'ਤੇ ਵਿਕ ਸਕਦੇ ਨੇ ਤੇ ਇਨ੍ਹਾਂ ਨੂੰ ਨਕਾਰਨਾ ਠੀਕ ਨਈਂ ਐ। ਲੰਗੜੇ ਬੱਚਿਆਂ ਦਾ ਵੀ ਦਿਲ ਬਾਕੀਆਂ ਵਾਂਗ ਈ ਹੁੰਦੈ। ਉਹ ਵੀ ਅੱਗੇ ਵਧਣ ਦਾ ਸ਼ੌਕ ਰਖਦੇ ਨੇ ਤੇ ਬਾਕੀਆਂ ਵਾਂਗ ਈ ਢੇਰ ਸਾਰਾ ਪਿਆਰ ਵੀ ਮੰਗਦੇ ਨੇ। ਮੇਰਾ ਕਤੂਰਾ ਮੇਰਾ ਸਭ ਤੋਂ ਪਿਆਰਾ ਦੋਸਤ ਬਣੇਗਾ ਤੇ ਅਸੀਂ ਇਕ ਦੂਜੇ ਦੀ ਮਜਬੂਰੀ ਵੀ ਸਮਝ ਸਕਾਂਗੇ। "

ਹਰਸ਼ ਮਾਸੀ ਨੇ ਵੇਖਿਆ ਕਿ ਸਾਰੇ ਹੀ ਬੱਚਿਆਂ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ ਸਨ।

ਗੁਰਪਾਲ ਮਾਸੜ ਜੀ ਨੇ ਮਾਹੌਲ ਠੀਕ ਕਰਨ ਲਈ ਬੱਚਿਆਂ ਨੂੰ ਪੁੱਛਿਆ, " ਦੱਸੋ ਬੱਚਿਓ ਤੁਹਾਨੂੰ ਇਸ ਕਹਾਣੀ ਤੋਂ ਕੀ ਸਮਝ ਲੱਗੀ? "

" ਸਾਨੂੰ ਕਦੇ ਕਿਸੇ ਲੰਗੜੇ ਦਾ ਮਜ਼ਾਕ ਨਈਂ ਉਡਾਉਣਾ ਚਾਹੀਦਾ ਤੇ ਸਾਰਿਆਂ ਨੂੰ ਪਿਆਰ ਕਰਨਾ ਚਾਹੀਦੈ, " ਸੁੱਖੀ ਝਟ ਬੋਲ ਪਈ।

ਨਾਨੂ ਵੀ ਅੱਖਾਂ ਪੂੰਝਦਾ ਹੋਇਆ ਬੋਲ ਪਿਆ, " ਮਾਸੀ ਜੀ ਮੈਂ ਤਾਂ ਲੰਗੜਾ ਕਤੂਰਾ ਈ ਪਾਲਾਂਗਾ ਤੇ ਉਸਨੂੰ ਬਹੁਤ ਪਿਆਰ ਵੀ ਕਰਾਂਗਾ। "

"ਚਲੋ ਬੱਚਿਓ ਹੁਣ ਸੌਂ ਜਾਓ। ਤੁਸੀਂ ਆਪੋ ਆਪਣੇ ਦੋਸਤਾਂ ਨੂੰ ਵੀ ਇਹ ਕਹਾਣੀ ਸੁਣਾਇਓ ਤਾਂ ਜੋ ਸਾਰੇ ਇਕ ਦੂਜੇ ਨਾਲ ਰਲ ਮਿਲ ਕੇ ਰਹਿਣ, " ਹਰਸ਼ ਮਾਸੀ ਨੇ ਉਠਦਿਆਂ ਹੋਇਆਂ ਕਿਹਾ।

*੨੮, ਪ੍ਰੀਤ ਨਗਰ, ਲੋਅਰ ਮਾਲ,*
*ਪਟਿਆਲਾ।, ਫ਼ੋਨ ਨੰ: ੦੧੭੫-੨੨੧੬੭੮੩*

Namdhari Elibrary NamdhariElibrary@gmail.com

# ਗੁਰੂ ਗ੍ਰੰਥ ਗਿਆਨ ਪ੍ਰਚਾਰ ਪੰਜਾਬੀ ਯੂਨੀਵਰਸਿਟੀ ਦੀ ਅਦੁੱਤੀ ਸਕੀਮ



ਤਰਲੋਚਨ ਸਿੰਘ
ਸਾਬਕਾ ਐਮ. ਪੀ. ਤੇ ਚੇਅਰਮੈਨ,
ਨੈਸ਼ਨਲ ਮਿਨਾਰਿਟੀ ਕਮਿਸ਼ਨ

ਅੱਜ ਸਿੱਖ ਵਿਸ਼ਵ ਦੇ ਹਰ ਦੇਸ਼ ਵਿਚ ਵਸ ਰਿਹਾ ਹੈ। ਉਸ ਦੀ ਸਭ ਤੋਂ ਵੱਡੀ ਸਮੱਸਿਆ ਜੋ ਪਹਿਲਾਂ ਪੈਸਾ ਕਮਾਣ ਦੀ ਸੀ ਅੱਜ ਬੱਚਿਆਂ ਨੂੰ ਸਿੱਖ ਵਿਰਾਸਤ ਨਾਲ ਜੋੜਨ ਦੀ ਹੈ। ਪੰਜਾਬੀ ਬੋਲੀ ਦਾ ਵਿਕਾਸ ਵੀ ਵੱਡੀ ਔਕੜ ਹੈ। ਅੰਗਰੇਜ਼ੀ ਬੋਲਣ ਵਾਲੇ ਸਿੱਖ ਪ੍ਰਚਾਰਕ ਨਹੀਂ ਹਨ। ਸਿੱਖ ਹੁਣ ਅਮੀਰ ਹੈ। ਓਸ ਕੋਲ ਸਾਧਨ ਹਨ ਪਰ ਅੱਜ ਦੇ ਯੁੱਗ ਦੇ ਵਾਤਾਵਰਣ ਵਿਚ ਸਿੱਖ ਬੱਚਿਆਂ ਦੀ ਲੋੜਾਂ ਨਹੀਂ ਹਨ। ਮੈਂ ਜਦ ਵੀ ਵਿਦੇਸ਼ ਜਾਂਦਾ ਹਾਂ ਹਰ ਗੁਰਦੁਆਰਾ ਵਿਚ ਕਹਿੰਦਾ ਹਾਂ ਕਿ ਮਾਡਰਨ ਟੈਕਨਾਲੋਜੀ ਨੂੰ ਵਰਤਣ ਦੇ ਤਰੀਕੇ ਸਿੱਖਿ। ਕੰਪਿਊਟਰ, ਇੰਟਰਨੈੱਟ, ਲੈਪਟਾਪ ਹਰ ਵਿਦਿਆਰਥੀ ਕਰਦਾ ਹੈ। ਇਸ ਰਾਹੀਂ ਸਿੱਖ ਸਿਧਾਂਤ ਤੇ ਗੁਰੂ ਗ੍ਰੰਥ ਗਿਆਨ ਦੀ ਪ੍ਰਾਪਤੀ ਦੇ ਯਤਨ ਹੋਣੇ ਚਾਹੀਦੇ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਧਾਈ ਦਾ ਪਾਤਰ ਹੈ ਕਿ ਵਿਸ਼ਵ ਵਿਚ ਪਹਿਲੀ ਵਾਰ ਗੁਰਮਤ ਗਿਆਨ ਨੂੰ ਆਨ ਲਾਈਨ ਕਰਕੇ ਜਸ ਖੱਟਿਆ ਹੈ। ਪਟਿਆਲੇ ਵਿਚ ੭ ਅਪ੍ਰੈਲ ਨੂੰ ਇਕ ਉਚੇਚੇ ਸਮਾਗਮ ਵਿਚ ਡਾ. ਜਸਪਾਲ ਸਿੰਘ ਵਾਈਸ ਚਾਂਸਲਰ ਨੇ ਇਸ ਅੰਤਰਰਾਸ਼ਟਰੀ ਸੁਵਿਧਾ ਦਾ ਉਦਘਾਟਨ ਕੀਤਾ। ਇਸ ਇਤਿਹਾਸਕ ਕਾਰਜ ਲਈ ਪਿਛਲੇ ਕਈ ਸਾਲਾਂ ਤੋਂ ਯੂਨੀਵਰਸਿਟੀ ਦੇ ਗੁਰਮਤ ਗਿਆਨ ਵਿਭਾਗ ਤੇ ਗੁਰਮਤ ਸੰਗੀਤ ਚੇਅਰ ਕੰਮ ਕਰ ਰਹੇ ਸੀ। ਡਾ. ਗੁਰਨਾਮ ਸਿੰਘ ਜੋ ਇਸਦੇ ਮੁਖੀ ਹਨ ਨੇ ਵਿਸਥਾਰ ਨਾਲ ਇਹ ਪ੍ਰੋਗਰਾਮ ਪੇਸ਼ ਕੀਤਾ। ਮੁੱਖ ਨਿਸ਼ਾਨਾ ਵਿਦੇਸ਼ਾਂ ਵਿਚ ਹਰ ਥਾਂ ਬੈਠੇ ਗੁਰੂ ਨਾਨਕ ਨਾਮ ਲੇਵਾ ਸ਼ਰਧਾਲੂਆਂ ਨੂੰ ਆਨ-ਲਾਈਨ ਸੁਵਿਧਾ ਪ੍ਰਾਪਤ ਕਰ ਦਿੱਤੀ ਗਈ ਹੈ। ਮੈਂ ਉਥੇ ਕਈ ਜਾਣਕਾਰੀਆਂ ਪ੍ਰਾਪਤ ਕੀਤੀਆਂ ਕਿ ਕਿਵੇਂ ਲਾਭ ਮਿਲ ਸਕੇਗਾ। ਪਹਿਲਾਂ ਤਾਂ ਪੰਜਾਬੀ ਪੜ੍ਹਾਈ ਜਾਵੇਗੀ। ੳ ਅ ੲ ਤੋਂ ਆਰੰਭ ਕਰ ਕੇ ਕੋਈ ਵੀ ਬਿਨਾਂ ਟੀਚਰ ਤੋਂ ਪੜ੍ਹ ਸਕੇਗਾ। ਇਥੋਂ ਤੱਕ ਵੀ ਸਹੂਲਤ ਹੈ ਕਿ ਜੇ ਕੋਈ ਚਾਹੇ ਆਪ ਕੀਰਤਨ ਕਰਨਾ ਸਿੱਖ ਸਕੇਗਾ। ਕੰਪਿਊਟਰ ਤੇ ਤੁਹਾਡੇ ਸਾਹਮਣੇ ਹਾਰਮੋਨੀਅਮ ਆ ਜਾਵੇਗਾ। ਸੁਰਾਂ ਦੀ ਵਰਤੋਂ ਸਿੱਖਣਾ ਆਸਾਨ ਹੈ। ਤੁਸੀਂ ਫਿਲਮ ਵਾਂਗੂ ਹਰ ਗੱਲ ਆਪ ਸਿੱਖ ਜਾਵੋਗੇ। ਇਸ ਸਾਰੇ ਪ੍ਰੋਗਰਾਮ ਦੇ ਕਈ ਹਿੱਸੇ ਹਨ। ਸਿੱਖ ਧਰਮ, ਸਿੱਖ ਮਰਯਾਦਾ, ਬਾਣੀ ਦਾ ਸ਼ੁੱਧ ਉਚਾਰਣ, ਕੀਰਤਨ, ਅਰਦਾਸ, ਹੁਕਮਨਾਮਾ ਆਦਿ। ਗੁਰਮਤ ਤੇ ਗੁਰਦਵਾਰਾ ਮਰਯਾਦਾ ਸੁਖੈਨ ਰੂਪ ਵਿਚ ਸਮਝਾਈ ਗਈ ਹੈ। ਮੈਂ ਇਹ ਜਾਣਦਾ ਹਾਂ ਕਿ ਗਲੋਬਲ ਪੱਧਰ ਤੇ ਇੰਟਰਨੈੱਟ ਦਾ ਪਸਾਰ ਹੈ ਤੇ ਸਿੱਖ ਵੀ ਇਹ ਵਰਤਦੇ ਹਨ। ਪਰ ਇਸ ਰਾਹੀਂ ਹੁਣ ਸਿੱਖ ਧਰਮ ਦੀ ਹਰ ਸ਼ਾਖਾ ਇਸਦਾ ਹਿੱਸਾ ਬਣ ਗਈ ਹੈ। ਕੇਵਲ ਤੁਹਾਨੂੰ ਕਨੈਕਸ਼ਨ ਜੋੜਨਾ ਹੈ। ਹਰ ਗੁਰਦਵਾਰਾ ਇਸਦੀ ਵਰਤੋਂ ਕਰਕੇ ਸੰਗਤਾਂ ਨੂੰ ਜਾਣਕਾਰੀ ਦੇਵੇ। ਗੁਰਦਵਾਰੇ ਅੰਦਰ ਸਿੱਖ ਬੱਚਿਆਂ ਦਾ ਕੈਂਪ ਲਗਾ ਕੇ ਉਹਨਾਂ ਨੂੰ ਵਰਤੋਂ ਕਰਨ ਦੀ ਟ੍ਰੇਨਿੰਗ ਦੇਵੇ। ਬਿਨਾਂ ਕਿਸੇ ਫੀਸ ਤੋਂ ਭਾਵ ਮੁਫਤ ਹਰ ਕੋਈ ਐਲਮੈਂਟਰੀ ਕੋਰਸ ਕਰ ਸਕੇਗਾ। ਹਰ ਵਿਸ਼ੇ ਦੀ ਸਿਖਲਾਈ ਕਰਨੀ ਆਸਾਨ ਹੈ। ਇਸ ਪ੍ਰੋਗਰਾਮ ਵਿਚ ਸਿੱਖ ਟੀਚਰਜ਼ ਜਾਂ ਮਿਸ਼ਨਰੀ ਵੀ ਤਿਆਰ ਕੀਤੇ ਜਾ ਸਕਦੇ ਹਨ। ਯੂਨੀਵਰਸਿਟੀ ਤੁਹਾਨੂੰ ਰਜਿਸਟਰ ਕਰ ਲਵੇਗੀ। ਆਨ ਲਾਈਨ ਇਮਤਿਹਾਨ ਹੋ ਸਕਣਗੇ। ਉਥੇ ਬੈਠੇ ਪੰਜਾਬੀ ਯੂਨੀਵਰਸਿਟੀ ਦੇ ਸਿਲੇਬਸ ਪੜ੍ਹੋ ਤੇ ਫਿਰ ਸਟਡੀਜ਼ ਦੀ ਸਹੂਲਤ ਆਨ ਲਾਈਨ ਲੈ ਕੇ ਡਿਗਰੀ ਪ੍ਰਾਪਤ ਕਰੋ। ਹਰ ਵਿਦੇਸ਼ ਦੇ ਗੁਰਦਵਾਰੇ ਨੂੰ ਅੰਗਰੇਜ਼ੀ ਪੜ੍ਹੇ ਵਿਦਵਾਨ ਲੋੜੀਂਦੇ ਹਨ, ਇਸ ਪ੍ਰੋਗਰਾਮ ਰਾਹੀਂ ਤੁਸੀਂ ਪੀ. ਐਚ. ਡੀ. ਦੀ ਡਿਗਰੀ ਲੈ ਸਕਦੇ ਹੋ। ਅੱਜਕੱਲ ਵੀਡੀਓ ਕਾਨਫਰੰਸ ਦੀ ਬੜੀ ਵਰਤੋਂ ਹੈ। ਉਸ ਰਾਹੀਂ ਯੂਨੀਵਰਸਿਟੀ ਵਿਦੇਸ਼ਾਂ ਵਿਚ ਕਈ ਥਾਂ ਸੈਂਟਰ ਬਣਾ ਕੇ। ਵਿਦਿਆਰਥੀਆਂ ਨੂੰ ਪੜ੍ਹਾ ਸਕਦੀ ਹੈ। ਜਿਹੜੀਆਂ ਸਿੱਖ ਚੇਅਰਜ਼ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਹਨ ਉਹਨਾਂ ਦਾ ਵੀ ਸੰਪਰਕ ਇਸ ਸਕੀਮ ਨਾਲ ਹੋਣਾ ਲਾਜ਼ਮੀ ਹੈ। ਉਹਨਾਂ ਨੂੰ ਬਿਨਾਂ ਖਰਚ ਦੇ ਇਤਨੀ ਸਹਾਇਤਾ ਮਿਲ ਸਕਦੀ ਹੈ। ਸਾਰੇ ਸਿੱਖ ਸਕਾਲਰ ਯੂਨੀਵਰਸਿਟੀ ਨਾਲ ਜੋੜ ਕੇ ਹੋਰ ਸਮੱਗਰੀ ਤਿਆਰ ਕਰ ਸਕਦੇ ਹੋ। ਸਿੱਖ ਚੇਅਰਜ਼ ਦੇ ਵਿਦਿਆਰਥੀ ਵੀਡੀਓ ਕਾਨਫਰੰਸ ਰਾਹੀਂ ਪਟਿਆਲਾ ਦੇ ਵਿਦਿਆਰਥੀਆਂ ਨਾਲ ਜੁੜ ਸਕਣਗੇ। ਵਿਦੇਸ਼ਾਂ ਵਿਚ ਕਈ ਸਿੱਖਾਂ ਦੀ ਸੇਵਾ ਮਹਾਨ ਹੈ ਜਿਹਨਾਂ ਇੰਟਰਨੈਟ ਨੂੰ ਪਹਿਲਾਂ ਵੀ ਵਰਤੋਂ ਵਿਚ ਲਿਆਂਦਾ ਹੈ। ਬਾਹਰ ਸ਼ਰਧਾਵਾਨ ਸਿੱਖ ਇਸ ਵਿਸ਼ੇ ਤੇ ਕੰਮ ਕਰ ਰਹੇ ਹਨ। ਓਹਨਾਂ ਦੀ ਮੈਂ ਸ਼ਲਾਘਾ ਕਰਦਾ ਹਾਂ। ਹੁਣ ਸਾਰੇ ਮਿਲ ਕੇ ਯੂਨੀਵਰਸਿਟੀ ਦੇ ਇਸ ਉਦਮ ਨੂੰ ਵਧੇਰੇ ਵਰਤਣ ਵਿਚ ਲਿਆਣ ਦੇ ਸੁਝਾ ਵੀ ਰਖੀਏ।

ਡਾ. ਜਸਪਾਲ ਸਿੰਘ ਆਪ ਅਮਰੀਕਾ ਕੈਨੇਡਾ ਵਿਚ ਜਾ ਕੇ ਵੇਖ ਆਏ ਹਨ ਕਿ ਕਿਵੇਂ ਅਸੀਂ ਪ੍ਰੋਗਰਾਮ ਚਲਾ ਸਕਦੇ ਹਾਂ। ਉਹਨਾਂ ਦੀ ਆਪਣੀ ਵਚਨ ਬਧਤਾ ਤੇ ਸਿੱਖੀ ਗਿਆਨ ਇਸ ਪ੍ਰੋਗਰਾਮ ਨੂੰ ਕਾਮਯਾਬ ਕਰ ਕੇ ਸਿੱਖੀ ਫਿਲਾਸਫੀ ਨੂੰ ਵਿਸ਼ਵ ਭਰ ਵਿਚ ਪ੍ਰਚਾਰ ਦਾ ਜਸ ਖੱਟੇਗੀ। ਇਸ ਵਕਤ ਹਰ ਸਿੱਖ ਨੂੰ ਨਵੀਂ ਪੀੜ੍ਹੀ ਨੂੰ ਸਿੱਖੀ ਨਾਲ ਜੋੜ ਰੱਖਣ ਦਾ ਹਰ ਉਪਰਾਲਾ ਕਰਨ ਦੀ ਲੋੜ ਹੈ। ਅੰਗਰੇਜ਼ੀ ਪਿਛੋ ਫਰੈਂਚ ਤੇ ਸਪੈਨਿਸ਼ ਭਾਸ਼ਾ ਵਿਚ ਵੀ ਸਾਨੂੰ ਅਪਨਾਣਾ ਚਾਹੀਦਾ ਹੈ।


Namdhari Elibrary NamdhariElibrary@gmail.com

# ਡਾ. ਕੇਵਲ ਸਿੰਘ 'ਪਰਵਾਨਾ' ਦੀਆਂ ਕੁਝ ਰਚਨਾਵਾਂ

ਪੇਸ਼ਕਸ਼ : ਮਨੋਹਰ 'ਸਾਦਿਕ'

## ਪਾਗ਼ਲ

ਮਾਂ ਦੀ ਫੂਹੜੀ 'ਤੇ
ਮਾਤਮ ਲਈ ਜੋ ਵੀ ਆਇਆ
ਮੇਰੀਆਂ ਗੱਲਾਂ ਸੁਣ ਘਬਰਾਇਆ
ਪਿੰਡ ਵਿਚ ਜਾ ਕੇ ਸ਼ੋਰ ਮਚਾਇਆ
'ਸੁਰੈਣੇ ਦਾ ਮੁੰਡਾ ਪਾਗ਼ਲ ਹੋ ਗਿਆ ਹੈ'

ਉਹ ਕਹਿੰਦਾ ਹੈ-
'ਮਾਂ ਦਾ ਮਰਗ ਦਾ ਭੋਗ ਨਹੀਂ ਪਾਉਣਾ
ਵਿਅਰਥ ਹੈ ਸਭ ਰੋਣਾ ਕੁਰਲਾਉਣਾ
ਜਿੰਨਾ ਚਿਰ ਬੰਦੇ ਨੇ ਜਿਊਣਾ
ਅੰਦਰ ਦੀ ਤਾਕਤ ਸਿਰ ਜਿਊਣਾ'

ਉਹ ਕਹਿੰਦਾ ਹੈ-
'ਸਾਰੇ ਧਰਮ ਗ੍ਰੰਥਾਂ ਨੂੰ
ਅੱਖਾਂ ਮੁੰਦ ਕੇ ਕਿਉਂ ਪੜ੍ਹਦੇ ਹੋ?
ਮੱਥੇ ਦੀ ਤੀਜੀ ਅੱਖ ਖੋਲ੍ਹੋ
ਹੰਸ ਬਣੋ ਤੇ ਮੋਤੀ ਚੁਗ ਲਓ
ਸਾਨੂੰ ਤੇ ਕੁਝ ਸਮਝ ਨਹੀਂ ਆਉਂਦੀ,
ਉਸ ਨੂੰ ਕੀ ਹੋ ਗਿਆ ਹੈ?
ਸੁਰੈਣੇ ਦਾ ਮੁੰਡਾ ਪਾਗ਼ਲ ਹੋ ਗਿਆ ਹੈ'

ਉਹ ਕਹਿੰਦਾ ਹੈ-
'ਖ਼ਾਨਗਾਹ 'ਤੇ ਪਿੰਡ ਦੇ ਬਾਹਰ
ਚਿਰਾਗ਼ ਨਾ ਬਾਲੋ
ਆਪਣੇ ਅੰਦਰ ਦੀਪ ਜਗਾਓ
ਮਾਨਵ ਦਾ ਅਸਤਿਤਵ ਸਮਝੋ
ਮਾਨਵ ਦੀ ਹੀ ਮਹਿਮਾ ਗਾਓ
ਉਹ ਨਾ ਭੂਤ ਪ੍ਰੇਤਾਂ ਮੰਨੇ
ਜਾਦੂ ਟੂਣੇ ਸਾਰੇ ਭੰਨੇ
ਬਹੁਤਾ ਪੜ੍ਹ ਕੇ ਅਕਲ ਖੋਹ ਗਿਆ ਹੈ
ਸੁਰੈਣੇ ਦਾ ਮੁੰਡਾ ਪਾਗ਼ਲ ਹੋ ਗਿਆ ਹੈ

ਉਹ ਕਹਿੰਦਾ ਹੈ-
ਆਪਣੇ ਪਿਉ ਦੀ ਮੌਤ ਤੋਂ ਬਾਦ
ਮੈਂ ਨਾ ਕਦੇ ਵੀ ਕਰੂੰ ਸ਼ਰਾਧ
ਚੰਗੀਆਂ ਗੱਲਾਂ ਰੱਖੂੰ ਯਾਦ
ਵਹਿਮਾ-ਭਰਮਾ ਦੇ ਵਿਚ ਫਸ ਕੇ,
ਕਿਉਂ ਕਰਦੇ ਜੀਵਨ ਬਰਬਾਦ?
ਅਸੀਂ ਤਾਂ ਚੰਗੀ ਤਰ੍ਹਾਂ ਟੋਹ ਲਿਆ ਹੈ
ਸੁਰੈਣੇ ਦਾ ਮੁੰਡਾ ਪਾਗ਼ਲ ਹੋ ਗਿਆ ਹੈ

ਉਹ ਕਹਿੰਦੇ ਨੇ-
'ਉਸਦੀ ਮਾਂ ਦੀ ਰੂਹ ਭਟਕਦੀ,
ਉਸਦਾ ਹੀ ਪੁੱਤਰ ਤੇ ਸਾਇਆ
ਜਾਂ ਕੋਈ ਜਿੰਨ ਭੂਤ ਹੈ ਸਿਰ 'ਤੇ
ਜਾਂ ਕਿਸੇ ਕੋਈ ਤਵੀਤ ਖਵਾਇਆ
ਕਈ ਵਾਰ ਉਸ ਦੇ ਪਿਉ ਨੇ ਰੋ ਲਿਆ ਹੈ
ਸੁਰੈਣੇ ਦਾ ਮੁੰਡਾ ਪਾਗ਼ਲ ਹੋ ਗਿਆ ਹੈ

## ਬਾਰਾਂਮਾਹ

ਰਾਜਿਆ ਰਾਜ ਕਰੇਂਦਿਆ, ਉੱਤੋਂ ਚੜ੍ਹਿਆ ਚੇਤ
ਅੱਜ ਲੋਕਾਂ ਨੇ ਜਾਣ ਲਏ, ਤੇਰੇ ਦਿਲ ਦੇ ਭੇਤ

ਰਾਜਿਆ ਰਾਜ ਕਰੇਂਦਿਆ, ਚੜ੍ਹਿਆ ਆਣ ਵਿਸਾਖ
ਮਹਿਲ ਮਾੜੀਆਂ ਇਕ ਦਿਨ, ਥੀਸੀ ਢੇਰੀ ਖ਼ਾਕ

ਰਾਜਿਆ ਰਾਜ ਕਰੇਂਦਿਆ, ਉੱਤੋਂ ਚੜ੍ਹਿਆ ਜੇਠ
ਸਾਡੇ ਦਰ ਤੇ ਆ ਖੜਾ, ਵਹੀ ਕੱਢ ਕੇ ਸੇਠ

ਰਾਜਿਆ ਰਾਜ ਕਰੇਂਦਿਆ, ਉੱਤੋਂ ਚੜ੍ਹਿਆ ਹਾੜ
ਬੋਹਲ ਖਾ ਗਿਆ ਬੱਕਰਾ, ਖੇਤ ਖਾ ਗਈ ਵਾੜ

ਰਾਜਿਆ ਰਾਜ ਕਰੇਂਦਿਆ, ਉੱਤੋਂ ਚੜ੍ਹਿਆ ਸਾਉਣ
ਬਿਜਲੀ ਕੜਕੇ ਅੰਬਰੋਂ, ਬੱਦਲ ਗਰਜ ਡਰਾਉਣ

ਰਾਜਿਆ ਰਾਜ ਕਰੇਂਦਿਆ, ਭਾਦੋਂ ਪਹੁੰਚਾ ਆਣ
ਕਾਮੇ ਤੇਰੇ ਦੇਸ਼ ਦੇ ਰੱਜ ਨਾ ਰੋਟੀ ਖਾਣ

ਰਾਜਿਆ ਰਾਜ ਕਰੇਂਦਿਆ ਅੱਸੂ ਆਇਆ ਚੱਲ
ਬੰਨ੍ਹ ਨਾ ਲੰਮੇ ਬਾਨ੍ਹਣੂ, ਜਾਣਾ ਅੱਜ ਕਿ ਕੱਲ੍ਹ

ਰਾਜਿਆ ਰਾਜ ਕਰੇਂਦਿਆ, ਕੱਤਕ ਲੱਗਾ ਪੱਖ
ਚਿੜੀਆਂ ਹੁਣ ਨਹੀਂ ਛੱਡਣੀ, ਬਾਜ਼ਾਂ ਵਾਲੀ ਅੱਖ

Namdhari Elibrary NamdhariElibrary@gmail.com

ਰਾਜਿਆ ਰਾਜ ਕਰੇਂਦਿਆ, ਮੱਘਰ ਲੰਮੀ ਰਾਤ
ਜਾਂ ਫਿਰ ਪੁੱਛਦੇ ਧਰਮ ਕੀ, ਜਾਂ ਫਿਰ ਪੁੱਛਦੇ ਜ਼ਾਤ

ਰਾਜਿਆ ਰਾਜ ਕਰੇਂਦਿਆ ਉੱਤੋਂ ਚੜ੍ਹਿਆ ਪੋਹ
ਜਿੰਨਾ ਮਰਜ਼ੀ ਯਤਨ ਕਰ, ਲੋਕ ਨਹੀਂ ਹੋਣੇ ਦੋ

ਰਾਜਿਆ ਰਾਜ ਕਰੇਂਦਿਆ, ਉੱਤੋਂ ਚੜ੍ਹਿਆ ਮਾਘ
ਹੁਣ ਨਾ ਤੇਰੀ ਪੁੱਗਣੀ, ਲੋਕ ਪਏ ਨੇ ਜਾਗ

## ਗੋਸ਼ਟੀਆਂ

ਸਾਹਿਤ ਸਭਾਵਾਂ ਅੰਦਰ ਕਰਦੇ ਗੋਸ਼ਟੀਆਂ
ਏਸ ਬਹਾਨੇ ਦੋਸਤ ਪਾਲਣ ਦੋਸਤੀਆਂ
ਦੂਰੋਂ ਦੂਰੋਂ ਅਮਲੀ ਭੱਜੇ ਆਉਂਦੇ ਨੇ.
ਮੀਟਿੰਗ ਅੱਜ ਬੁਲਾਈ ਸਾਹਿਤਕ ਪੋਸਤੀਆਂ
ਇਕ ਦੂਜੇ ਦੇ ਨਾਲ ਹੀ ਖਹਿੰਦੇ ਰਹਿੰਦੇ ਨੇ,
ਕਦੇ ਕਦੇ ਨੇ ਕਰਦੇ ਗੱਲਾਂ ਹੋਸ਼ ਦੀਆਂ
ਜਦ ਦੀ ਸਾਹਿਤ ਵਿਚ ਸਿਆਸਤ ਆਣ ਵੜੀ,
ਜਣਾ-ਖਣਾ ਹੀ ਕਰਦਾ ਗੱਲਾਂ ਖੋਜ ਦੀਆਂ
ਵਿਸਕੀ ਦੇ ਵਿਚ ਲੱਤ ਡਬੋ ਕੇ ਚੂਜ਼ੇ ਦੀ,
ਬਿੱਲੀਆਂ ਪਰਚਾ ਲਿਖਣ ਬਾਰੇ ਸੋਚਦੀਆਂ
ਬੌਣੀਆਂ ਸੋਚਾਂ ਪੌੜੀ ਲਾ ਖ਼ੁਸ਼ਾਮਦ ਦੀ,
ਈਨਾਮਾਂ, ਸਨਮਾਨਾਂ ਤਾਈਂ ਬੋਚਦੀਆਂ
ਲਿਖਣ ਵਾਲੀਆਂ ਰੂਹਾਂ ਕੇਵਲ ਲਿਖਦੀਆਂ,
ਛੋਟੇ ਰਸਤੇ ਜਾਣਾ ਕਦੇ ਨਾ ਲੋਚਦੀਆਂ

## ਮੁਆਫ਼ੀਨਾਮਾ

ਮੈਨੂੰ ਮੁਆਫ਼ ਕਰਿਓ-
ਮੇਰੇ ਪਿੰਡ ਦੇ ਬੋਹੜੋ ਤੇ ਪਿੱਪਲੋ,
ਟਾਹਲੀਓ ਤੇ ਕਿੱਕਰੋ,
ਅੰਬਾਂ ਅਤੇ ਨਿੰਬੂਆਂ ਦੇ ਬੂਟਿਓ,
ਨਿੰਮੋ ਤੇ ਧਰੇਕੋ,
ਜਾਮਨੂਓ ਤੇ ਬੇਰੀਓ,
ਰੂੜੀਆਂ ਤੇ ਉੱਗੀਓ,
ਅੰਬਾਂ ਦੀਓ ਗਿਟਕੋ,
ਛਤਰੀਓ ਤੇ ਖੁੰਬੋ,
'ਤੇ ਛੱਪੜਾਂ 'ਚ ਤੈਰਦੇ,
ਖਿੜੇ ਹੋਏ ਕੰਵਲੋ

ਮੈਂ ਤੁਹਾਥੋਂ
ਬਹੁਤ ਦੂਰ ਚਲਾ ਗਿਆ ਹਾਂ
ਪੱਥਰਾਂ ਤੇ ਕੰਕਰੀਟਾਂ ਦੇ ਨਗਰ
ਤੇ ਮੇਰੇ ਜਜ਼ਬਾਤ ਵੀ
ਹੋ ਗਏ ਨੇ ਕੰਕਰੀਟ ਤੇ ਪੱਥਰ

ਮੈਂ ਭੁੱਲ ਗਿਆ ਹਾਂ-
ਮੇਰੀਆਂ ਜੜ੍ਹਾਂ ਤੁਹਾਡੇ ਸੰਗ
ਪਿੰਡ ਦੀ ਕੂਲ਼ੀ ਭੋਂ ਵਿਚ ਹਨ
ਏਥੇ ਮੈਂ ਕੈਦ ਹੋ ਗਿਆ ਹਾਂ.
ਗ਼ਮਲਿਆਂ ਦੀ ਓਪਰੀ ਮਿੱਟੀ 'ਚ
ਜਿੱਥੇ ਕਰੋਟਨ ਤੇ ਰਬੜ ਪਲਾਂਟ
ਉੱਗ ਪੈਂਦੇ ਨੇ ਜੜ੍ਹਾਂ ਤੋਂ ਬਿਨਾਂ ਵੀ

ਏਥੇ ਮੈਂ ਘਿਰ ਗਿਆ ਹਾਂ-
ਗੁਲਮੋਹਰ, ਬੋਟਲ ਬਰੱਸ਼
ਤੇ ਅਮਲਤਾਸਾਂ ਵਿਚ
ਏਥੇ ਮੈਂ ਫਸ ਗਿਆ ਹਾਂ-
ਰਾਤ ਦੀਆਂ ਰਾਣੀਆਂ,
ਚੰਬੇ ਦੀਆਂ ਕਲੀਆਂ
ਤੇ ਗੁਲਦਾਊਦੀਆਂ ਦੇ ਚੁੰਗਲ ਵਿਚ
ਪਰ ਚੁੱਕੀ ਫਿਰਦਾ ਹਾਂ-
ਆਪਣੇ ਸਿਰ ਅਜੇ ਵੀ
ਤੁਹਾਡੇ ਕਰਜ਼ੇ ਦਾ ਭਾਰ
ਤੇ ਸਾਂਭ ਰੱਖੇ ਹਨ
ਦਿਮਾਗ਼ ਦੇ ਅਚੇਤ ਹਿੱਸੇ ਵਿਚ
ਤੁਹਾਡੇ ਨਾਲ਼ ਕੀਤੇ ਇਕਰਾਰ

ਮੈਂ ਪਰਤਾਂਗਾ-
ਅਵੱਸ਼ ਪਰਤਾਂਗਾ
ਤੁਹਾਡੇ ਲਈ
ਸੁਨਹਿਰੀ ਕਿਰਨਾਂ ਦਾ ਤਾਜ ਲੈ ਕੇ

ਮੇਰੀ ਇੰਤਜ਼ਾਰ ਕਰਿਓ
ਤੇ ਉਦੋਂ ਤੱਕ
ਮੈਨੂੰ ਮੁਆਫ਼ ਕਰਿਓ
ਮੇਰੇ ਪਿੰਡ ਦਿਓ ਲੋਕੋ
ਉਦੋਂ ਤੱਕ ਮੈਨੂੰ ਮੁਆਫ਼ ਕਰਿਓ


Namdhari Elibrary NamdhariElibrary@gmail.com

## ਗ਼ਜ਼ਲ / —ਸਿਰੀ ਰਾਮ ਅਰਸ਼

ਹੋ ਗਿਆ ਮੈਥੋਂ ਜੁਦਾ , ਮੂੰਹ ਮੋੜ ਕੇ।
ਘਰ ਨੂੰ ਅਪਣੇ ਤੁਰ ਗਿਆ, ਮੂੰਹ ਮੋੜ ਕੇ।
ਦੂਸਰੇ ਨੂੰ ਬਖ਼ਸ਼ ਕੇ ਦੂਜ਼ਖ਼ ਦੀ ਪੀੜ ,
ਬਣ ਗਇਓਂ ਤੂੰ ਕੀ ਖ਼ੁਦਾ, ਮੂੰਹ ਮੋੜ ਕੇ?
ਮਿਲ ਗਈ ਸੀ ਰਾਹ ਦੇ ਵਿੱਚ ਕਿਸਮਤ ਖੜੀ
ਹੋ ਗਈ ਮੈਥੋਂ ਖ਼ਤਾ, ਮੂੰਹ ਮੋੜ ਕੇ।
ਰਾਤ ਦਾ ਅੰਧਕਾਰ ਝੱਲੇਗਾ ਉਹੀ ,
ਛਿਪ ਗਿਆ ਸੂਰਜ ਜਿਦ੍ਹਾ, ਮੂੰਹ ਮੋੜ ਕੇ।
ਇਹ ਵੀ ਹੈ ਅੰਦਾਜ਼ ਤੇਰੇ ਪਿਆਰ ਦਾ ,
ਕਰ ਗਿਓਂ ਕਿਸ ਦਾ ਭਲਾ, ਮੂੰਹ ਮੋੜ ਕੇ ?
ਮੈਂ ਹੀ ਉਸ ਨੂੰ ਰੋਕ ਬੈਠਾ ਖ਼ਾਹਮਖ਼ਾਹ ,
ਲੰਘ ਚੱਲੀ ਸੀ ਕਜ਼ਾ, ਮੂੰਹ ਮੋੜ ਕੇ।
ਛੱਡ ਕੇ ਮਾਰੂ ਥਲਾਂ ਵਿੱਚ ਅਰਸ਼ ਨੂੰ ,
ਜਿੰਦ ਬਣ ਚੁੱਕੀ ਘਟਾ, ਮੂੰਹ ਮੋੜ ਕੇ ?

*ਮੋਬਾਇਲ — ੯੮੮੮੪੫੨੨੦੪*

## ਚੁੱਪ ਤੇ ਮਸਤੀ / —ਨਿਰਮਲ ਸਿੰਘ ਭੰਡਾਲ

ਰੱਬ ਦੇ ਰੰਗ 'ਚ ਰੰਗੀ
ਚੁੱਪ ਤੇ ਮਸਤੀ।
ਸਭ ਗੱਲਾਂ ਤੋਂ ਚੰਗੀ,
ਚੁੱਪ ਤੇ ਮਸਤੀ।
ਨਾ ਬਹੁਤ ਨਿਆਣੀ,
ਨਾ ਅੱਖੋਂ ਕਾਣੀ,
ਨਾ ਇਹ ਲੱਤੋਂ ਲੰਗੀ,
ਚੁੱਪ ਤੇ ਮਸਤੀ।
ਰੋ ਰੋ ਉਮਰ ਗੁਜ਼ਾਰੀ,
ਉਹਨਾਂ ਲੋਕਾਂ ਨੇ,
ਸੂਲੀ ਜਿਹਨਾਂ ਟੰਗੀ,
ਚੁੱਪ ਤੇ ਮਸਤੀ।
ਉਸ ਬੰਦੇ ਨੂੰ ਮਿਲਿਆ,
ਏ ਸੁੱਖ ਈ ਸੁੱਖ,
ਜਿਹਨੇ ਵੀ ਹੈ ਮੰਗੀ,
ਚੁੱਪ ਤੇ ਮਸਤੀ।
ਰੱਬ ਦੇ ਰੰਗ 'ਚ
.......................
ਸਭ ਗੱਲਾਂ ਤੋਂ ਚੰਗੀ।
.......................।

## ਗ਼ਜ਼ਲ / —ਹਰਭਜਨ ਸਿੰਘ ਕੋਮਲ

ਇਕ ਸਮਾਂ ਸੀ ਇਕ ਦੂਸੇ ਲਈ ਬੜੀਆਂ ਪਰਵਾਹਾਂ ਹੁੰਦੀਆਂ ਸਨ
ਦੂਰ ਹੋਵੀਏ, ਨੇੜੇ ਹੋਈਏ ਮਿਲਣ ਦੀਆਂ ਚਾਹਾਂ ਹੁੰਦੀਆਂ ਸਨ
ਗੱਲਾਂ ਵਿਚ ਵਲੇਵਾਂ ਨਾ ਸੀ, ਨਾ ਸ਼ੈਤਾਨੀ ਜ਼ਿਹਨ ਸੀ ਓਦੋਂ
ਇਕ ਦੂਜੇ ਦੀ ਗਲਵਕੜੀ ਲਈ, ਉੱਲਰੀਆਂ ਬਾਹਾਂ ਹੁੰਦੀਆਂ ਸਨ
ਓਦੋਂ ਹਾਲੇ ਇਸ ਬੰਦੇ ਨੂੰ ਮਜ਼ਹਬੀ ਤਾਮ ਨਹੀਂ ਸੀ ਚੜ੍ਹਿਆ
ਕਿਉਂ ਕਿ ਓਦੋਂ ਮੰਦਰ ਮਸਜਿਦ ਤੇ ਨਾ ਦਰਗਾਹਾਂ ਹੁੰਦੀਆਂ ਹਨ
ਹੁਣ ਸੜਕਾਂ ਵੀ ਵਿੰਗ ਤੜਿੰਗੀਆਂ ਬੰਦਾ ਵੀ ਟੇਢਾ ਟੁਰਦਾ ਹੈ
ਜਦੋਂ ਨੱਕ ਦੀ ਸੇਧੇ ਜਾਂਦਾ ਸੀ, ਸਿੱਧੀਆਂ ਰਾਹਾਂ ਹੁੰਦੀਆਂ ਸਨ
ਚੜ੍ਹੀ ਝਨਾਂ ਬਿਫਰੀ ਹੁੰਦੀ ਸੀ ਐਧਰ ਉਹ ਸੋਹਣੀ ਪੰਜਾਬਣ
ਮੰਜ਼ਿਲ ਪਾ ਲੈਂਦੀ ਸੀ ਭਾਵੇਂ ਟੁੱਟਦੀਆਂ ਸਾਹਾਂ ਹੁੰਦੀਆਂ ਸਨ
ਪੱਥਰ ਜੇ ਨਾ ਵੀ ਟਕਰਾਂਦੇ ਅੱਗ ਫੇਰ ਵੀ ਬਲ ਪੈਣੀ ਸੀ
ਪਰ ਓਦੋਂ ਨਾ ਫ਼ਿਰਕੂ ਦੰਗੇ ਤੇ ਨਾ ਅਫ਼ਵਾਹਾਂ ਹੁੰਦੀਆਂ ਸਨ
ਜਾਬਰ ਓਦੋਂ ਵੀ ਹੁੰਦੇ ਸੀ, ਕੋਮਲ ਹੀ ਹਥਿਆਰ ਬਿਨਾਂ ਸੀ
ਆ ਜਾ ਕੇ ਉਹਦੇ ਪੱਲੇ ਤਾਂ, ਬਸ ਕੁਝ ਕੁ ਆਹਾਂ ਹੁੰਦੀਆਂ ਸਨ

## ਸੱਚ ਦਾ ਸੂਰਜ / —ਬਲਬੀਰ ਸਿੰਘ ਢਿੱਲੋਂ

ਬੀਤੀ ਰਾਤ ਸਵੇਰਾ ਹੋਇਆ, ਵਿਹੜੇ ਚਾਨਣ ਸਾਡੇ ਵੜਿਆ।
ਗਲੀਆਂ ਕੂਚੇ ਰੋਸ਼ਨ ਹੋ ਗਏ ਐਸਾ ਸੱਚ ਦਾ ਸੂਰਜ ਚੜ੍ਹਿਆ।
ਨਵੇਂ ਸੂਰਜ ਦੀਆਂ ਨਵੀਆਂ ਕਿਰਨਾਂ ਚਾਨਣ ਵੰਡਣ ਹਰ ਇਕ ਅੰਦਰ।
ਤੂੰ ਵੀ ਖੋਲ੍ਹ ਦੇ ਦਿਲ ਦੇ ਬੂਹੇ ਰੋਸ਼ਨ ਕਰ ਲੈ ਮੰਨ ਦਾ ਮੰਦਰ।
ਅੱਗੇ ਹੋ ਕੇ ਦਰਸ਼ਨ ਕਰ ਲੈ ਕੀ ਪਿਆ ਸੋਚੀਂ ਪਿੱਛੇ ਖੜ੍ਹਿਆ।
ਗੁਰ ਜਗਜੀਤ ਦੇ ਆਸਣ ਉੱਤੇ ਉਦੈ ਸਿੰਘ ਜੀ ਸਤਿਗੁਰ ਆਏ।
ਧੰਨ ਧੰਨ ਜੈਕਾਰੇ ਗੂੰਜੇ ਸਭ ਸੰਗਤਾਂ ਆ ਸੀਸ ਨਿਵਾਏ।
ਦਰਸ਼ਨ ਕਰਕੇ ਧੀਰਜ ਮਿਲਿਆ ਸ਼ਬਦ ਖੁਸ਼ੀ ਦਾ ਸਭ ਨੇ ਪੜ੍ਹਿਆ।
ਸਫਲ ਹੋਈਆਂ ਅਰਦਾਸਾਂ ਸੱਭੇ ਪ੍ਰੇਮ ਸਾਡਾ ਪ੍ਰਵਾਨ ਹੈ ਹੋਇਆ।
ਮਿਲਿਆ ਗੁਰੂ ਮਹਾਨ ਅਸਾਨੂੰ ਤਾਹੀਂ ਪੰਥ ਮਹਾਨ ਹੈ ਹੋਇਆ।
ਉਹ ਵੀ ਪੁਰਸ਼ ਮਹਾਨ ਹੋ ਗਿਆ ਜਿਸ ਨੇ ਲੜ ਸਤਿਗੁਰ ਦਾ ਫੜ੍ਹਿਆ।
ਦੂਰ-ਦੂਰ ਕਿਉਂ ਭਟਕ ਰਿਹਾ ਏਂ ਆ ਜਾ ਬੰਦਿਆ ਰੱਬ ਦੇ ਨੇੜੇ।
ਕਰ ਲੈ ਬੰਦਗੀ ਚਰਨੀਂ ਲੱਗ ਜਾ ਮੁੱਕ ਜਾਵਣ ਜਨਮਾਂ ਦੇ ਗੇੜੇ।
ਵੇਲਾ ਈ ਹੁਣ ਸਾਂਭ ਲੈ ਵੇਲਾ ਹੱਥ ਨੀ ਆਉਣਾ ਫਿਰ ਇਹ ਅੜਿਆ।
ਜੋਤ ਵੀ ਓਹੀ ਜੁਗਤ ਵੀ ਓਹੀ ਕੇਵਲ ਕਾਇਆ ਪਲਟੀ ਹੋਈ।
ਦੀਦਾਰ ਕਰੋ ਸਮਰੱਥ ਗੁਰੂ ਦੇ ਭਰਮ ਨਾ ਰੱਖਿਆ ਅੰਦਰ ਕੋਈ।
'ਢਿੱਲੋਂ' ਬਖ਼ਸ਼ਸ਼ ਬੰਦਗੀ ਮੰਗ ਲੈ ਭਰ ਜਾਵੇਂਗਾ ਖਾਲੀ ਘੜਿਆ।


Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰਮਤਿ ਅਤੇ ਸ਼ਾਸ਼ਤਰੀ ਸੰਗੀਤ ਨੂੰ ਦੇਣ



—ਗੁਰਬਖਸ਼ ਸਿੰਘ ਮਠਾੜੂ
(ਇੰਗਲੈਂਡ)

ਸਤਿਗੁਰੂ ਜਗਜੀਤ ਸਿੰਘ ਇਕ ਅਧਿਆਤਮਕ ਰਹਿਨੁਮਾ ਸਨ ਜਿਨ੍ਹਾਂ ਨੇ ਅੱਧੀ ਸਦੀ ਤੋਂ ਵੱਧ ਨਾਮਧਾਰੀ ਸੰਪਰਦਾਇ ਜੋ ਦੇਸ਼ ਵਿਦੇਸ਼ ਵਿਚ ਲੱਖਾਂ ਦੀ ਗਿਣਤੀ ਵਿਚ ਹੈ ਦੀ ਸਯੋਗ ਅਗਵਾਈ ਕੀਤੀ। ਇਸ ਦੌਰਾਨ ਆਪ ਜੀ ਨੇ ਭੈਣੀ ਸਾਹਿਬ ਦਾ ਨਵ ਨਿਰਮਾਨ ਕੀਤਾ ਅਤੇ ਨਾਮਧਾਰੀ ਸ਼ਹੀਦਾਂ ਦੀਆਂ ਯਾਦਗਾਰਾਂ ਤੇ ਸਮਾਰਕ ਬਣਵਾਏ। ਆਪ ਜੀ ਦਾ ਬਚਪਨ ਦਾ ਨਾਮ "ਬੇਅੰਤ" ਜੀ ਸੀ ਅਤੇ ਆਪ ਮਾਲਿਕ ਵੀ ਬੇਅੰਤ ਗੁਣਾਂ ਦੇ ਸਨ। ਸਭ ਤੋਂ ਵੱਡਾ ਗੁਣ ਸੀ ਸੰਗੀਤ ਦਾ ਜਿਸ ਦੇ ਆਪ ਉਪਾਸ਼ਕ ਸਨ। ਕਿਸੇ ਵੀ ਹੋਰ ਧਰਮ ਦਾ ਸੰਗੀਤ ਨਾਲ ਏਨਾ ਗੂੜ੍ਹਾ ਰਿਸ਼ਤਾ ਨਹੀਂ ਜਿਨਾਂ ਸਿੱਖ ਧਰਮ ਦਾ ਹੈ, ਜਿਸ ਦੀ ਸ਼ੁਰੂਆਤ ਕਰਨ ਵਾਲੇ ਸਨ ਸ੍ਰੀ ਗੁਰੂ ਨਾਨਕ ਦੇਵ ਜੀ ਜਿਨਾਂ ਨੇ ਭਾਈ ਮਰਦਾਨਾ ਜੋ ਤੰਤੀ ਸਾਜ਼ ਰਬਾਬ ਦੇ ਵਜੰਤਰੀ ਸੀ ਨੂੰ ਨਾਲ ਲੈ ਕੇ ਭਾਰਤ ਅਤੇ ਵਿਦੇਸ਼ ਦੇ ਕਈ ਭਰਮਨ ਕੀਤੇ। ਇਨਾਂ ਸਫਰਾਂ ਨੂੰ ਉਦਾਸੀਆਂ ਵੀ ਕਹਿੰਦੇ ਹਨ। ਇਨਾਂ ਉਦਾਸੀਆਂ ਦੌਰਾਨ ਹੀ ਗੁਰੂ ਜੀ ਨੇ ਬਾਣੀ ਉਚਾਰਨ ਕੀਤੀ ਅਤੇ ਰਬਾਬ ਦੀਆਂ ਮਧੁਰ ਸੁਰਾਂ ਤੇ ਉਸਦਾ ਗਾਇਨ ਕੀਤਾ। ਮਸ਼ਹੂਰ ਚਿੰਤਕ ਓਸ਼ੋ ਰਜਨੀਸ਼ ਆਪਨੀ ਰਚਨਾ "੧ਓ ਸਤਿਨਾਮ ਨਾਨਕ ਬਾਣੀ" ਵਿਚ ਇਸ ਤਰ੍ਹਾਂ ਲਿਖਦੇ ਹਨ (ਗੁਰੂ) ਨਾਨਕ ਨੇ ਪ੍ਰਮਾਤਮਾ ਨੂੰ ਗਾ ਗਾ ਕੇ ਪਾਇਆ। (ਗੁਰੂ) ਨਾਨਕ ਨੇ ਯੋਗ ਨਹੀਂ ਕੀਤਾ, ਤੱਪ ਨਹੀਂ ਕੀਤਾ, ਧਿਆਨ ਨਹੀਂ ਕੀਤਾ (ਗੁਰੂ) ਨਾਨਕ ਨੇ ਸਿਰਫ ਗਾਇਆ ਅਤੇ ਗਾ ਕੇ ਹੀ ਪਾਇਆ, ਪਰ ਗਾਇਆ ਓਨਾਂ ਨੇ ਪੂਰੇ ਪ੍ਰਾਣਾਂ ਨਾਲ ਕਿ ਗੀਤ (ਸ਼ਬਦ) ਹੀ ਧਿਆਨ ਹੋ ਗਿਆ। ਗੀਤ (ਸ਼ਬਦ) ਹੀ ਯੋਗ ਬਣ ਗਿਆ ਅਤੇ ਗੀਤ (ਸ਼ਬਦ) ਹੀ ਤਪ ਹੋ ਗਿਆ। ਗੁਰੂ ਨਾਨਕ ਤੋਂ ਬਾਅਦ ਭਾਈ ਮਰਦਾਨਾ ਦੇ ਪ੍ਰਵਾਰ ਦੇ ਲੋਕ ਜਿਨ੍ਹਾਂ ਨੂੰ ਰਬਾਬੀ ਕਹਿੰਦੇ ਸੀ ਅਤੇ ਜੋ ਸਿਰਫ ਗੁਰਬਾਣੀ ਦਾ ਗਾਇਨ ਹੀ ਕਰਦੇ ਸੀ ਅਗਲੇ ਗੁਰੂ ਸਾਹਿਬਾਨ ਦੀ ਕੀਰਤਨ ਦਵਾਰਾ ਸੇਵਾ ਕਰਦੇ ਰਹੇ। ਗੁਰੂ ਅਰਜਨ ਦੇਵ ਜੀ ਨੇ ਤਾਂ ਬਹੁਤ ਹੀ ਮਹਾਨ ਕਾਰਜ ਕੀਤਾ। ਆਪ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦਾ ੩੧ ਰਾਗਾਂ ਵਿਚ ਵਰਗੀਕਰਨ ਕੀਤਾ। ਹਰ ਸ਼ਬਦ ਕਿਸ ਰਾਗ ਅਤੇ ਕਿਸ ਤਾਲ ਵਿਚ ਗਾਉਣਾ ਹੈ ਉਸਦਾ ਵਰਨਣ ਕੀਤਾ। ਆਪ ਜੀ ਨੇ ਰਾਗ ਅਤੇ ਗੁਰਬਾਣੀ ਦੇ ਰਿਸ਼ਤੇ ਨੂੰ ਸਦਾ ਲਈ ਮੋਹਰਬੰਦ ਕਰ ਦਿੱਤਾ। ਇਹ ਸੰਗੀਤ ਦਾ ਅਗਲੇ ਗੁਰੂ ਸਾਹਿਬਾਨ ਤਕ ਵੀ ਚਲਦਾ ਰਿਹਾ। ਇਥੋਂ ਤਕ ਕਿ ਗੁਰੂ ਗੋਬਿੰਦ ਸਿੰਘ ਜੀ ਜਿਨਾਂ ਦਾ ਜ਼ਿਆਦਾ ਵਕਤ ਮੁਗਲਾਂ ਅਤੇ ਪਹਾੜੀ ਰਾਜਿਆਂ ਨਾਲ ਯੁਧਾਂ ਵਿਚ ਹੀ ਗੁਜ਼ਰਿਆ ਉਹ ਵੀ ਸੰਗੀਤ ਦੀ ਸਾਧਨਾ ਕਰਦੇ ਸੀ। ਉਨ੍ਹਾਂ ਦਾ ਇਕ ਤੰਤੀ ਸਾਜ਼ ਰਬਾਬ ਹਿਮਾਚਲ ਪ੍ਰਦੇਸ਼ ਦੇ ਸ਼ਹਿਰ ਮੰਡੀ ਦੇ ਇਕ ਗੁਰਦਵਾਰੇ ਵਿਚ ਸੁਰਖਿਅਤ ਹੈ। ਲੇਖਕ ਨੇ ਖੁਦ ਇਸਦੇ ਦਰਸ਼ਨ ਕੀਤੇ ਹਨ।

ਅਲਾਹਾਬਾਦ ਵਿਚ ਪਿਛਲੇ ਦਿਨੀਂ ਮਹਾਂ ਕੁੰਭ ਦਾ ਮੇਲਾ ਹੋ ਕੇ ਹਟਿਆ ਹੈ। ਇਸ ਜਗਹ ਤਿੰਨ ਨਦੀਆਂ ਗੰਗਾ ਯੁਮਨਾ ਅਤੇ ਸਰਸਵਤੀ ਦਾ ਸੰਗਮ ਹੁੰਦਾ ਹੈ ਜਿਸ ਨੂੰ ਤ੍ਰਿਵੇਨੀ ਵੀ ਕੈਂਹਦੇ ਹਨ। ਗੰਗਾ ਅਤੇ ਯੁਮਨਾ ਤਾਂ ਵਿਖਾਈ ਦਿੰਦੀਆਂ ਹਨ ਪਰ ਸਰਸਵਤੀ ਗੁਪਤ ਹੈ। ਇਸ ਤਰ੍ਹਾਂ ਹੀ ਗੁਰੂ ਘਰ ਵਿਚ ਵੀ ਸੇਵਾ, ਸਿਮਰਨ ਅਤੇ ਸੰਗੀਤ ਦੀ ਤ੍ਰਿਵੇਨੀ ਦਾ ਪ੍ਰਵਾਹ ਚਲ ਰਿਹਾ ਸੀ ਪਰ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਤਕਰੀਬਨ ਇਕ ਸਦੀ ਤੋਂ ਵਧ ਸਿੱਖ ਪੰਥ ਘਲੂਘਾਰਿਆਂ ਵਿਚ ਫਸਿਆ ਰਿਹਾ ਜਿਸ ਨੇ ਬਹੁਤ ਕੁਛ ਅਸਤ



ਰਾਜਨ-ਸਾਜਨ ਮਿਸ਼ਰਾ ਬੰਧੂ ਦਾ ਗਾਇਨ, ਸਾਰੰਗੀ ਤੇ ਸ੍ਰੀ ਸੁਲਤਾਨ ਖਾਨ


Namdhari Elibrary NamdhariElibrary@gmail.com

ਵਿਅਸਤ ਕਰ ਦਿੱਤਾ। ਇਸ ਸੰਕਟ ਦੇ ਸਮੇਂ ਸਿੱਖ ਜਗਤ ਵਿਚ ਪ੍ਰਸਾਰਨ ਹੋਣ ਵਾਲੀ ਸੰਗੀਤ ਦੀ ਸਰਸਵਤੀ ਤਾਂ ਅਲੋਪ ਹੀ ਹੋ ਗਈ। ਚਾਹੀਦਾ ਤਾਂ ਇਹ ਸੀ ਕਿ ਹਾਲਤ ਠੀਕ ਹੋਣ ਤੇ ਇਕ ਸੰਸਥਾ ਬਣਾਈ ਜਾਂਦੀ ਜੋ ਅਲੋਪ ਹੋਈ ਸੰਗੀਤ ਸਰਸਵਤੀ ਦਾ ਮੁੜ ਪ੍ਰਚਾਰ ਪਸਾਰ ਕਰਦੀ, ਜਿਥੇ ਦੇਸ਼ ਵਿਦੇਸ਼ ਤੋਂ ਵਿਦਿਆਰਥੀ ਆ ਕੇ ਗੁਰਮਤ ਅਤੇ ਸ਼ਾਸ਼ਤ੍ਰੀ ਸੰਗੀਤ ਦਾ ਗਿਆਨ ਹਾਸਲ ਕਰਦੇ, ਪਰ ਅਸੀਂ ਗੁਰੂ ਦੇ ਸਿੱਖਾਂ ਨੇ ਗੁਰੂ ਨਾਨਕ ਦੇਵ ਜੀ ਦੀ ਸ਼ੁਰੂ ਕੀਤੀ ਅਤੇ ਗੁਰੂ ਅਰਜਨ ਦੇਵ ਜੀ ਦੀ ਮੋਹਰ ਬੰਦ ਕੀਤੀ ਰਾਗ ਗੁਰਬਾਣੀ ਦੀ ਪ੍ਰੰਪਰਾ ਨੂੰ ਲਗਭਗ ਵਿਸਾਰ ਹੀ ਦਿੱਤਾ।



ਸਿੰਘ ਬੰਧੂ ਤੇਜਪਾਲ ਸਿੰਘ-ਸੁਰਿੰਦਰ ਸਿੰਘ

ਸਿੱਖ ਸਮਾਜ ਵਿਚ ਰਾਗਾਂ ਦੇ ਮਹੱਤਵ ਨੂੰ ਜਿਸ ਸੰਪਰਦਾਇ ਨੇ ਵਧ ਪਛਾਣਿਆ। ਇਸਨੂੰ ਅਪਨਾਇਆ ਅਤੇ ਪਸਾਰ ਲਈ ਵਧ ਯਤਨ ਕੀਤੇ ਉਹ ਹੈ ਨਾਮਧਾਰੀ ਸੰਪਰਦਾਇ ਜਿਸ ਦੇ ਉਸ ਵੇਲੇ ਮੁਖੀ ਸਨ ਸਤਿਗੁਰੂ ਪ੍ਰਤਾਪ ਸਿੰਘ ਜੀ। ਆਪ ਜੀ ਗੁਰਮਤਿ ਅਤੇ ਸ਼ਾਸ਼ਤਰੀ ਸੰਗੀਤ ਦੇ ਗਿਆਤਾ ਸਨ। ਉਨ੍ਹਾਂ ਨੇ ਆਪ ਉਸਤਾਦਾਂ ਪਾਸੋਂ ਸੰਗੀਤ ਦੀ ਸਿੱਖਿਆ ਲਈ ਸੀ। ਆਪ ਜੀ ਦਿਲਰੁਬਾ ਦੇ ਵੀ ਵਜੰਤਰੀ ਸਨ। ਆਪ ਜੀ ਨੇ ਗੁਰਮਤ ਸੰਗੀਤ ਦੀ ਪੁਰਾਤਨ ਮਰਿਯਾਦਾ ਲੋਪ ਹੁੰਦੀ ਦੇਖ ਭੈਣੀ ਸਾਹਿਬ ਕਈ ਸੰਗੀਤ ਸੰਮੇਲਨ ਕਰਵਾਏ। ੧੯੩੩ ਵਿਚ ਤਾਂ ਇਕ ਮਹਾਨ ਸੰਗੀਤ ਸੰਮੇਲਨ ਕਰਵਾਇਆ ਜਿਸ ਵਿਚ ਪੰਜਾਬ ਦੇ ਸਭ ਪ੍ਰਸਿੱਧ ਰਾਗੀਆਂ ਅਤੇ ਰਬਾਬੀਆਂ ਨੇ ਭਾਗ ਲਿਆ। ਇਹ ਇਕ ਸੰਗੀਤ ਮੁਕਾਬਲਾ ਸੀ ਜਿਸ ਵਿਚ ਤੰਤੀ ਸਾਜ਼ਾਂ ਨਾਲ ਧ੍ਰੁਪਦ ਸ਼ੈਲੀ ਵਿਚ ਹੀ ਸ਼ਬਦ ਗਾਇਨ ਕੀਤੇ ਗਏ। ਇਸਦੇ ਚਾਰ ਜੱਜਾਂ ਵਿਚੋਂ ਇਕ ਮਹਾਨ ਕੋਸ਼ ਦੇ ਰਚੇਤਾ ਨਾਭਾ ਵਾਲੇ ਭਾਈ ਕਾਨ੍ਹ ਸਿੰਘ ਸਨ। ਇਸ ਮੁਕਾਬਲੇ ਦਾ ਪਹਿਲਾ ਇਨਾਮ ਭਾਈ ਹਰਨਾਮ ਸਿੰਘ ਰਾਗੀ ਠਠਾਟਿਬਾ ਕਪੂਰਥਲਾ ਵਾਲੇ, ਦੂਸਰਾ ਭਾਈ ਲਾਲ ਰਬਾਬੀ ਅੰਮ੍ਰਿਤਸਰ ਵਾਲੇ ਅਤੇ ਤੀਸਰਾ ਭਾਈ ਸਮੁੰਦ ਸਿੰਘ ਰਾਗੀ ਨਨਕਾਣਾ ਸਾਹਿਬ ਵਾਲਿਆਂ ਨੇ ਪ੍ਰਾਪਤ ਕੀਤਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਸੰਗੀਤਕਾਰਾਂ ਦੀ ਬੜੀ ਕਦਰ ਕਰਦੇ ਸੀ ਅਤੇ ਉਨ੍ਹਾਂ ਦਾ ਮਾਨ ਸਨਮਾਨ ਵੀ ਬਹੁਤ ਕਰਦੇ ਸੀ ਇਸ ਲਈ ਦੇਸ਼ ਦੀ ਵੰਡ ਤੋਂ ਪੈਹਲੇ ਪੰਜਾਬ ਦੇ ਸਭ ਪ੍ਰਸਿੱਧ ਰਬਾਬੀ ਅਕਸਰ ਭੈਣੀ ਸਾਹਿਬ ਆਂਦੇ ਰਹਿੰਦੇ ਸੀ। ਆਪ ਜੀ ਨੇ ਓਨਾਂ ਪਾਸੋਂ ਪੁਰਾਤਨ ਸ਼ਬਦ ਰੀਤਾਂ ਦਾ ਗਿਆਨ ਲਿਆ ਅਤੇ ਸੰਭਾਲ ਕੀਤੀ ਜੋ ਅੱਜ ਨਾਮਧਾਰੀ ਸੰਗਤ ਪਾਸ ਸੁਰੱਖਿਅਤ ਹਨ। ਇਹ ਸ਼ਬਦਾਂ ਰੀਤਾਂ ਓਨਾਂ ਪਾਸ ਸੀਨਾ ਬਸੀਨਾ ਪੀੜੀ ਦਰ ਪੀੜੀ ਚਲੀਆਂ ਆ ਰਹੀਆਂ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਫੁਰਮਾਇਆ ਕਰਦੇ ਸੀ ਕਿ ਹਰ ਸਿੱਖ ਬਚੇ 'ਚੋਂ ਰਾਗ ਦੀ ਖੁਸ਼ਬੂ ਆਣੀ ਚਾਹੀਦੀ ਹੈ। ਪਰ ਓਨਾਂ ਦਿਨਾਂ ਵਿਚ ਗਾਣੇ ਨੂੰ ਚੰਗਾ ਨਹੀਂ ਸੀ ਸਮਝਿਆ ਜਾਂਦਾ। ਜੇ ਕਿਸੇ ਨੇ ਸਿਖਣ ਵੀ ਲਗਨਾ ਤਾਂ ਕਹਿਣਾ ਕੀ ਮਿਰਾਸੀਆਂ ਦਾ ਕੰਮ ਸ਼ੁਰੂ ਕਰ ਦਿੱਤਾ। ਸੰਗੀਤ ਸਿਖਣਾ ਵੀ ਦਿਨਾਂ ਦਾ ਕੰਮ ਨਹੀਂ ਬਲਕਿ ਸਾਲਾਂ ਦੀ ਸਾਧਨਾ ਕਰਨੀ ਪੈਂਦੀ ਹੈ। ਸੰਗੀਤ ਦੇ ਉਸਤਾਦ ਵੀ ਜ਼ਿਆਦਾ ਕਰਕੇ ਮੁਸਲਮਾਨ ਮਿਰਾਸੀ ਸਨ ਜਿਨਾਂ ਦੀ ਫੀਸ ਤੋਂ ਇਲਾਵਾ ਸੇਵਾ ਬਹੁਤ ਕਰਨੀ ਪੈਂਦੀ ਸੀ। ਸੰਗੀਤ ਸਿਖਣਾ ਆਮ ਆਦਮੀ ਦਾ ਕੰਮ ਨਹੀਂ ਸੀ। ਇਸਨੂੰ ਮੁੱਖ ਰੱਖਦੇ ਆਪ ਜੀ ਨੇ ਭੈਣੀ ਸਾਹਿਬ ਗੁਰਮਤ ਵਿਦਿਆਲੇ ਦੀ ਸਥਾਪਨਾ ਕੀਤੀ ਜਿਸ ਵਿਚ ਧਾਰਮਿਕ ਸਿੱਖਿਆ ਤੋਂ ਇਲਾਵਾ, ਗੁਰਮੁਖੀ, ਹਿੰਦੀ, ਸੰਸਕ੍ਰਿਤ ਅਤੇ ਸੰਗੀਤ ਕੀ ਸਿੱਖਿਆ ਦਿੱਤੀ ਜਾਂਦੀ ਸੀ। ਸੰਗੀਤ ਲਈ ਸਵੇਰੇ ੪ ਤੋਂ ੭ ਅਤੇ ਸ਼ਾਮ ਨੂੰ ੫ ਤੋਂ ੮ ਵਜੇ ਤਕ ਰਾਖਵੇਂ ਸਨ। ਸੰਗੀਤ ਸਿਖਾਣ ਲਈ ਉਸ ਵੇਲੇ ਦੇ ਪ੍ਰਸਿੱਧ ਸੰਗੀਤਆਚਾਰਯਾ ਭਾਈ ਹਰਨਾਮ ਸਿੰਘ ਚਵਿੰਡਾ ਅੰਮ੍ਰਿਤਸਰ ਵਾਲਿਆਂ ਨੂੰ ਨਿਯੁਕਤ ਕੀਤਾ।

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸੰਗੀਤ ਦੀ ਅਮੋਲਕ ਦਾਤ ਅਪਨੇ ਪਿਤਾ ਗੁਰੂ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸੋਂ ਵਿਰਸੇ ਵਿਚ ਮਿਲੀ। ਸਾਢੇ ਚਾਰ ਸਾਲ ਦੀ ਉਮਰ ਵਿਚ ਆਪ ਜੀ ਨੂੰ ਸੰਗੀਤ ਦੀ ਸਿਖਸ਼ਾ ਭਾਈ ਹਰਨਾਮ ਸਿੰਘ ਚਵਿੰਡਾ ਵਾਲਿਆਂ

Namdhari Elibrary NamdhariElibrary@gmail.com

ਤੋਂ ਅਰੰਭ ਕਰਵਾਈ ਗਈ। ਬਾਅਦ ਵਿਚ ਤਲਵੰਡੀ ਘਰਾਣੇ ਦੇ ਉਸਤਾਦ ਰਹੀਮ ਬਖਸ਼ ਹੁਰਾਂ ਪਾਸੋਂ ਸਿਖਣਾ ਸ਼ੁਰੂ ਕੀਤਾ। ਉਸ ਦੇ ਪਿਤਾ ਉਸਤਾਦ ਓਦੋਂ ਖਾਂ ਸਾਹਿਬ ਨੂੰ ਤਾਂ ਪੱਕੇ ਤੌਰ ਤੇ ਭੈਣੀ ਸਾਹਿਬ ਲੈ ਆਂਦਾ। ਇਨਾਂ ਪਾਸੋਂ ਸ਼ੁਧ ਸ਼ਾਸਤਰੀ ਸੰਗੀਤ ਧੁਰਪਦ, ਧਮਾਰ ਅਤੇ ਖਿਆਲ ਗਾਇਕੀ ਦੀ ਤਾਲੀਮ ਲਈ ਗਈ।



ਕੂਕਾ ਬੰਧੂ ਸੁਖਦੇਵ ਸਿੰਘ-ਮੋਹਨ ਸਿੰਘ

ਗੁਰਮਤਿ ਸੰਗੀਤ ਦੀਆਂ ਪੁਰਾਤਨ ਸ਼ਬਦ ਰੀਤਾਂ ਨੂੰ ਸਿਖਣ ਲਈ ਪ੍ਰਸਿੱਧ ਰਾਗੀਆਂ ਰਬਾਬੀਆਂ ਨੂੰ ਭੈਣੀ ਸਾਹਿਬ ਬੁਲਾਇਆ ਜਾਂਦਾ ਸੀ। ਅੰਮ੍ਰਿਤਸਰ ਵਾਲੇ ਭਾਈ ਤਾਬਾ ਅਤੇ ਭਾਈ ਨਸੀਰਾ ਤਾਂ ਹਰ ਮਹੀਨੇ ਕਈ ਕਈ ਦਿਨ ਭੈਣੀ ਸਾਹਿਬ ਆ ਕੇ ਰਹਿੰਦੇ ਸੀ। ਭਾਈ ਤਾਬਾ ਪੁਰਾਤਨ ਸ਼ਬਦ ਰੀਤਾਂ ਅਤੇ ਭਾਈ ਨਸੀਰਾ ਪਖਾਵਜ ਅਤੇ ਤਬਲਾ ਸਿਖਾਂਦੇ ਸੀ। ਦਿਲਰੁਬਾ ਦੀ ਸਿਖਿਆ ਆਪ ਜੀ ਨੇ ਪਟਿਆਲਾ ਘਰਾਣੇ ਦੇ ਪ੍ਰਸਿੱਧ ਦਿਲਰੁਬਾ ਵਜੰਤਰੀ ਮਹੰਤ ਗੱਜਾ ਸਿੰਘ ਦੇ ਸ਼ਾਗਿਰਦ ਭਾਈ ਜੀਵਨ ਸਿੰਘ ਪਟਿਆਲੇ ਵਾਲਿਆਂ ਪਾਸੋਂ ਲੀਤੀ। ਭਾਈ ਜੀਵਨ ਸਿੰਘ ਦਿਲਰੁਬਾ ਦੇ ਏਡੇ ਮਹਾਨ ਵਜੰਤਰੀ ਸਨ ਕਿ ਵਜਾਉਂਦੇ ਵਜਾਉਂਦੇ ਮਸਤ ਹੋ ਜਾਂਦੇ ਅਤੇ ਸਰੋਤੇ ਵੀ ਆਪਾ ਭੁਲ ਜਾਂਦੇ। ਇਸ ਤਰ੍ਹਾਂ ਓਨਾਂ ਦਾ ਨਾਮ ਹੀ ਮਸਤਾਨ ਸਿੰਘ ਪੈ ਗਿਆ ਸੀ। ਉਸਤਾਦਾਂ ਦੀ ਸਿਖਲਾਈ ਅਤੇ ਕਈ ਕਈ ਘੰਟੇ ਦੀ ਅਪਨੀ ਮੇਹਨਤ ਸਦਕਾ ਆਪ ਗੁਰਮਤ ਅਤੇ ਸ਼ਾਸ਼ਤਰੀ ਸੰਗੀਤ ਵਿਚ ਨਿਪੁੰਨ ਹੋ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਪਨਾ ਸੰਗੀਤ ਖਜ਼ਾਨਾ ਇਨਾਂ ਨੂੰ ਬਖਸ਼ ਦਿੱਤਾ।

ਅਗਸਤ ੧੯੫੯ ਵਿਚ ਗੁਰਗਦੀ ਤੇ ਸੁਭਾਇਮਾਨ ਹੋਣ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿਥੇ ਸਮਾਜ ਕਲਿਆਨ, ਭਾਈਚਾਰਕ ਸਦਭਾਵਨਾ ਅਤੇ ਭਾਰਤੀ ਸੰਸਕ੍ਰਿਤੀ ਦੀਆਂ ਉਚੀਆਂ ਸੁਚੀਆਂ ਕਦਰਾਂ ਕੀਮਤਾਂ ਨੂੰ ਸੰਭਾਲਣ ਲਈ ਮਹਾਨ ਕਾਰਜ ਕੀਤੇ, ਉਥੇ ਭਾਰਤੀ ਸ਼ਾਸਤਰੀ ਸੰਗੀਤ ਅਤੇ ਗੁਰਮਤ ਸੰਗੀਤ ਦੇ ਪ੍ਰਚਾਰ ਪਸਾਰ ਅਤੇ ਵਿਕਾਸ ਲਈ ਬਹੁਤ ਕੰਮ ਕੀਤਾ। ਨੌਜਵਾਨਾਂ ਦੇ ਭਵਿੱਖ ਨੂੰ ਪੱਛਮੀ ਸਭਿਅਤਾ ਦੇ ਦੁਰਪਰਭਾਵਾਂ ਤੋਂ ਬਚਾਉਣ ਲਈ ਆਪ ਜੀ ਨੇ ਨਾਮਧਾਰੀ ਵਿਦਿਅਕ ਜਥੇ ਦੀ ਸਥਾਪਨਾ ਕੀਤੀ। ਇਸ ਰਾਹੀਂ ਓਨਾਂ ਨੂੰ ਆਪਣੇ ਸੰਪਰਕ ਵਿਚ ਲੈ ਆਂਦਾ ਅਤੇ ਸੰਗੀਤ ਸਿਖਣ ਲਈ ਓਨਾਂ ਨੂੰ ਪ੍ਰੇਰਿਆ। ਨੌਜਵਾਨ ਪੀੜ੍ਹੀ ਦਾ ਸਤਿਗੁਰੂ ਜੀ ਨਾਲ ਨੇੜਤਾ ਦਾ ਸੰਗੀਤ ਇਕ ਮਾਧਿਅਮ ਬਣ ਗਿਆ। ਆਪਣੇ ਸਹਿਪਾਠੀ ਭਾਈ ਤਾਰਾ ਸਿੰਘ ਤਰਨਤਾਰਨੀ ਨੂੰ ਸੰਗੀਤ ਸਿੱਖਿਆ ਅਤੇ ਪ੍ਰਸਿੱਧ ਪਖਾਵਜੀ ਭਾਈ ਨਿਹਾਲ ਸਿੰਘ ਹੁਰਾਂ ਨੂੰ ਪਖਾਵਜ ਅਤੇ ਤਬਲਾ ਸਿਖਾਣ ਲਈ ਨਿਯੁਕਤ ਕੀਤਾ। ਬਾਅਦ ਵਿਚ ਉਸ ਵਕਤ ਦੇ ਪ੍ਰਸਿੱਧ ਸੰਗੀਤਾਚਾਰੀਯਾ ਪੰਡਿਤ ਮਹਾਦੇਵ ਪ੍ਰਸਾਦ ਕਥਕ ਜੀ ਨੂੰ ਪੱਕੇ ਤੌਰ ਤੇ ਲੈ ਆਂਦਾ। ਇਨਾਂ ਤੋਂ ਇਲਾਵਾ ਪ੍ਰਸਿੱਧ ਠੁਮਰੀ ਗਾਇਕ ਮਹਿੰਦਰ ਸਿੰਘ ਅੰਮ੍ਰਿਤਸਰੀ ਅਤੇ ਤਾਰ ਸ਼ਹਿਨਾਈ ਵਾਦਕ ਉਸਤਾਦ ਪਿਆਰਾ ਸਿੰਘ ਦਿੱਲੀ ਵਾਲੇ ਦੀਆਂ ਸੰਗੀਤ ਸੇਵਾਵਾਂ ਵੀ ਪ੍ਰਾਪਤ ਕੀਤੀਆਂ ਗਈਆਂ। ਜਿਵੇਂ ਕਾਲਜ ਦੀ ਪੜ੍ਹਾਈ ਤੋਂ ਬਾਅਦ ਮਾਸਟਰ ਡਿਗਰੀ ਲਈ ਦੇਸ਼ ਵਿਦੇਸ਼ ਦੀਆਂ ਯੂਨੀਵਰਸਿਟੀਆਂ ਵਿਚ ਜਾਣਾ ਪੈਂਦਾ ਹੈ ਇਸ ਤਰ੍ਹਾਂ ਹੀ ਭੈਣੀ ਸਾਹਿਬ ਟਕਸਾਲ ਤੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਵਿਦਿਆਰਥੀਆਂ ਨੂੰ ਭਾਰਤ ਦੇ ਓਚ ਕੋਟੀ ਦੇ ਪ੍ਰਸਿੱਧ ਕਰੀਬ ੨੫ ਸੰਗੀਤਕਾਰਾਂ ਜਿਵੇਂ ਉਸਤਾਦ ਵਲੈਤ ਖਾਂ (ਸਿਤਾਰ), ਉਸਤਾਦ ਅਮਜਦ ਅਲੀ (ਸਰੋਦ), ਉਸਤਾਦ ਬਿਸਮਿਲਾ ਖਾਂ (ਸ਼ਹਿਨਾਈ), ਉਸਤਾਦ ਅਲਾ ਰੱਖਾ (ਤਬਲਾ) ਤੋਂ ਲੈ ਕੇ ਪੰਡਿਤ ਸ਼ਿਵ ਕੁਮਾਰ (ਸੰਤੂਰ) ਪੰਡਿਤ ਰਾਮ ਨਰਾਇਣ (ਸਾਰੰਗੀ) ਪੰਡਿਤ ਕਿਸ਼ਨ ਮਹਾਰਾਜ (ਤਬਲਾ) ਅਤੇ ਪੰਡਿਤ ਰਾਜਨ ਸਾਜਨ ਮਿਸ਼ਰਾ (ਗਾਇਨ) ਤਕ ਕਰੀਬ ੬੦ ਬੱਚੇ ਅਗਲੇਰੀ ਸਿਖਿਆ ਲਈ ਭੇਜੇ। ਇਹ ਬੱਚੇ ਐਸੇ ਖਾਨਦਾਨਾਂ ਦੇ ਸਨ ਜਿਨ੍ਹਾਂ ਦੇ ਮਾਪਿਆਂ ਨੇ ਕਦੀ ਹਾਰਮੋਨੀਅਮ ਤਕ ਨਹੀਂ ਸੀ ਦੇਖਿਆ। ਇਨਾਂ ਉਸਤਾਦਾਂ ਪਾਸੋਂ ਸਿਖਣਾ ਵੀ ਆਮ ਆਦਮੀ ਦਾ ਕੰਮ ਨਹੀਂ ਸੀ ਕਿਉਂਕਿ ਇਹ ਸਭ ਪੰਜਾਬ ਤੋਂ ਦੂਰ ਦਿਲੀ, ਬਨਾਰਸ ਜਾਂ ਬੰਬਈ ਰਹਿੰਦੇ ਸੀ। ਪਰ ਸਤਿਗੁਰੂ ਜੀ ਨੇ ਇਨਾਂ ਬੱਚਿਆਂ ਦੀ ਪੂਰੀ ਸਰਪ੍ਰਸਤੀ ਕੀਤੀ ਅਤੇ ਉਸਤਾਦਾਂ ਦੀਆਂ ਲੋੜਾਂ ਦੀ ਵੀ ਪੂਰਤੀ ਕੀਤੀ। ਇਥੋਂ ਤਕ ਕਿ


Namdhari Elibrary NamdhariElibrary@gmail.com

ਉਸਤਾਦ ਵਲੈਤ ਖਾਂ ਸਾਹਿਬ ਦਾ ਲਖਾਂ ਰੁਪਏ ਖਰਚ ਕਰ ਕੇ ਲੰਡਨ ਵਿਚ ਦਿਲ ਦਾ ਅਪਰੇਸ਼ਨ ਕਰਵਾ ਕੇ ਦਿੱਤਾ। ਇਨਾਂ ਹੀ ਨਹੀਂ ੧੯੮੭ ਵਿਚ ਓਨਾਂ ਦੇ ਅਪਰੇਸ਼ਨ ਵੇਲੇ ਖੁਦ ਵੀ ਲੰਡਨ ਆਏ। ਬਾਅਦ ਵਿਚ ਖਾਂ ਸਾਹਿਬ ਨੂੰ ਇਕ ਮਹਿੰਗੀ ਕਾਰ ਵੀ ਲੈ ਕੇ ਦਿੱਤੀ। ਪੰਡਿਤ ਰਾਜਨ ਸਾਜਨ ਨੂੰ ਦਿੱਲੀ ਵਿਚ ਘਰ ਲੈਣ ਵੇਲੇ ਮਦਦ ਕੀਤੀ। ਬਾਕੀ ਉਸਤਾਦਾਂ ਦੀਆਂ ਲੋੜਾਂ ਦਾ ਵੀ ਪੂਰਾ ਖਿਆਲ ਰੱਖਦੇ ਸੀ। ਉਸਤਾਦ ਹਰਭਜਨ ਸਿੰਘ ਆਪਣੇ ਇਕ ਲੇਖ ਵਿਚ ਲਿਖਦੇ ਹਨ ਕਿ ਬਲਜੀਤ ਸਿੰਘ (ਇਸਨੂੰ ਪੰਜਾਬ ਗੌਰਮਿੰਟ ਨੇ "ਸ਼ਰੋਮਨੀ ਰਾਗੀ" ਦਾ ੨੦੦੪ ਵਿਚ ਐਵਾਰਡ ਦਿੱਤਾ ਸੀ) ਅਤੇ ਕੁਛ ਹੋਰ ਬੱਚੇ ਉਸਤਾਦ ਬਿਸਮਿਲਾ ਖਾਂ ਪਾਸ ਤਾਲੀਮ ਲੈਣ ਲਈ ਭੇਜੇ ਹੋਏ ਸਨ। ਇਕ ਦਿਨ ਸਤਿਗੁਰੂ ਜੀ ਹਰਭਜਨ ਸਿੰਘ ਨੂੰ ਕਹਿਣ ਲੱਗੇ ਕਿ ਉਸਤਾਦ ਜੀ ਨੂੰ ਪੁੱਛ ਕੇ ਆਓ ਓਨਾਂ ਪਾਸ ਕੁਛ ਹੋਰ ਬੱਚੇ ਭੇਜਨੇ ਹਨ। ਅੱਗੇ ਲਿਖਦੇ ਹਨ ਕਿ ਅਸੀਂ ਸਲਾਹ ਕੀਤੀ ਕਿ ਉਸਤਾਦ ਜੀ ਲਈ ੧੧੦੦/- ਰੁਪਏ ਅਤੇ ਕੁਛ ਫਲ ਫਰੂਟ ਭੇਟਾ ਕਰਨ ਲਈ ਲੈ ਜਾਵਾਂਗੇ ਪਰ ਤੁਰਨ ਲੱਗਿਆਂ ਸਤਿਗੁਰੂ ਜੀ ਹੁਕਮ ਕੀਤਾ ਕਿ ਪੱਚੀ ਹਜ਼ਾਰ ਰੁਪਏ ਅਤੇ ਇਕ, ਇਕ ਸੌ ਅੱਠ ਮਨਕਿਆਂ ਦੀ ਸੋਨੇ ਦੀ ਮਾਲਾ ਭੇਟ ਕਰਨੀ। ਇਸ ਤੋਂ ਪਤਾ ਲੱਗਦਾ ਹੈ ਕਿ ਸਤਿਗੁਰੂ ਜੀ ਨੇ ਇਨਾਂ ਬੱਚਿਆਂ ਤੇ ਕਿੰਨੀ ਮਿਹਨਤ ਕੀਤੀ ਅਤੇ ਕਿਨਾਂ ਖਰਚ ਕੀਤਾ ਕਿਉਂਕਿ ਆਪ ਜੀ ਸਿਖਿਆਰਥੀਆਂ ਨੂੰ ਚੰਗੀ ਤੋਂ ਚੰਗੀ ਸੰਗੀਤ ਦੀ ਤਾਲੀਮ ਦਿਲਵਾ ਕੇ ਉਚ ਕੋਟੀ ਦੇ ਸੰਗੀਤਕਾਰ ਬਨਾਣਾ ਚਾਹੁੰਦੇ ਸੀ, ਅਤੇ ਜੋ ਓਨਾਂ ਨੇ ਬਣਾ ਵੀ ਦਿੱਤੇ।

ਅੱਜ ਨਾਮਧਾਰੀ ਸੰਗੀਤਕਾਰ ਭਾਰਤ ਤੋਂ ਇਲਾਵਾ ਅਮਰੀਕਾ, ਕੈਨੇਡਾ, ਅਫਰੀਕਾ, ਥਾਈਲੈਂਡ ਵਗੈਰਾ ਵਿਚ ਵੀ ਸੰਗੀਤ ਦਾ ਪ੍ਰਚਾਰ ਕਰ ਰਹੇ ਹਨ। ਸਤਿਗੁਰੂ ਜੀ ਦੀ ਇਸ ਸੰਗੀਤ ਫੁਲਵਾੜੀ ਦੇ ਕੁਛ ਮਹਿਕਦੇ ਫੁਲ ਇਥੇ ਇੰਗਲੈਂਡ ਵਿਚ ਵੀ ਪੱਕੇ ਤੌਰ ਤੇ ਰਹਿ ਰਹੇ ਹਨ ਅਤੇ ਸੰਗੀਤ ਦੀ ਸੇਵਾ ਕਰ ਰਹੇ ਹਨ। ਉਸਤਾਦ ਹਰਿਭਜਨ ਸਿੰਘ ਜਿਨ੍ਹਾਂ ਨੇ ੧੬-੧੭ ਸਾਲ ਭੈਣੀ ਸਾਹਿਬ ਬੱਚਿਆਂ ਨੂੰ ਸੰਗੀਤ ਦੀ ਸਿਖਸ਼ਾ ਦਿੱਤੀ, ਅੱਜਕਲ ਇੰਗਲੈਂਡ ਦੇ ਲੀਡਜ਼ ਸ਼ਹਿਰ ਵਿਚ ਰਹਿ ਰਹੇ ਹਨ। ਉਸਤਾਦ ਜੀ ਬਾਰੇ ਸਤਿਗੁਰੂ ਜੀ ਦਾ ਕਥਨ ਸੀ ਕਿ ਇਹ ਮੇਰਾ ਐਸਾ ਬੂਟਾ ਹੈ ਜਿਸ ਤੋਂ ਪਨੀਰੀ ਤਿਆਰ ਕੀਤੀ ਜਾਂਦੀ ਹੈ। ਭੈਣੀ ਸਾਹਿਬ ਦੇ ਬਹੁਤੇ ਹਜ਼ੂਰੀ ਰਾਗੀ ਆਪ ਜੀ ਦੇ ਸ਼ਾਗਿਰਦ ਹਨ। ਉਸਤਾਦ ਜੀ ਨੂੰ ੨੦੧੦ ਵਿਚ ਭਾਰਤ ਦੀ ਸੰਗੀਤ ਨਾਟਕ ਅਕੈਡਮੀ ਦਾ ਵਕਾਰੀ ਐਵਾਰਡ ਵੀ ਮਿਲ ਚੁੱਕਾ ਹੈ। ਹਰਜਿੰਦਰ ਸਿੰਘ ਸੰਤੂਰ ਵਾਦਕ ਵੀ ਇਨਾਂ ਪਾਸ ਹੀ ਹੈ।

ਤਬਲਾ ਵਾਦਕ ਸੁੱਖਵਿੰਦਰ ਸਿੰਘ ਪਿੰਕੀ ਬਰਮਿੰਘਮ ਸ਼ਹਿਰ ਵਿਚ ਹੈ। ਧਰਮਵੀਰ ਸਿੰਘ ਸਿਤਾਰਵਾਦਕ ਲੈਸਟਰ ਸ਼ਹਿਰ ਵਿਚ ਰਹਿ ਰਿਹਾ ਹੈ। ਗੁਰਦੇਵ ਸਿੰਘ ਸਰੋਦਵਾਦਕ, ਕਿਰਨਪਾਲ ਸਿੰਘ ਸੰਤੂਰਵਾਦਕ ਅਤੇ ਸੁਰਜੀਤ ਸਿੰਘ ਸਾਰੰਗੀਵਾਦਕ ਲੰਡਨ ਦੇ ਸਾਊਥਾਲ ਇਲਾਕੇ ਵਿਚ ਰਹਿੰਦੇ ਹਨ। ਇਹ ਸੰਗੀਤਕਾਰ ਇੰਗਲੈਂਡ ਤੋਂ ਇਲਾਵਾ ਯੂਰਪ ਅਤੇ ਅਮਰੀਕਾ ਵਗੈਰਾ ਮੁਲਕਾਂ ਵਿਚ ਅਪਨੇ ਪ੍ਰੋਗਰਾਮ ਵੀ ਕਰਦੇ ਹਨ ਅਤੇ ਬੱਚਿਆਂ ਨੂੰ ਸੰਗੀਤ ਵੀ ਸਿਖਾ ਰਹੇ ਹਨ। ਇਹ ਕਲਾਕਾਰ ਜਗਤ ਪ੍ਰਸਿੱਧ ਹੋ ਚੁੱਕੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸਮਰਪਿਤ ਕਈ ਸੰਗੀਤ ਸੰਮੇਲਨ ਵੀ ਕਰਵਾਏ। ੧੯੭੪-੭੫-੭੬ ਅਤੇ ੧੯੭੭ ਵਾਲੇ ਤਾਂ ਦਿੱਲੀ ਵਿਚ ਹੋਏ। ੧੯੭੮ ਵਾਲਾ ਬੰਬਈ, ੧੯੭੯ ਵਾਲਾ ਲਖਨਊ ਅਤੇ ੧੯੮੦ ਵਾਲਾ ਔਰੰਗਾਬਾਦ ਵਿਚ ਹੋਇਆ। ਇਨਾਂ ਸੰਮੇਲਨਾਂ ਦਾ ਖਰਚ ਖੇਚਲ ਆਪ ਕਰਕੇ ਸੰਗੀਤ ਪ੍ਰੇਮੀਆਂ ਨੂੰ ਬਿਨਾ ਕਿਸੇ ਖਰਚ ਤੋਂ ਵੱਡੇ ਵੱਡੇ ਸੰਗੀਤਕਾਰਾਂ ਨੂੰ ਵਧੀਆ ਆਡੀਟੋਰੀਅਮਾਂ ਵਿਚ ਸੁਨਣ ਦਾ ਅਵਸਰ ਪ੍ਰਾਪਤ ਹੁੰਦਾ ਰਿਹਾ। ਇਨ੍ਹਾਂ ਸੰਮੇਲਨਾਂ ਵਿਚ ਭਾਰਤ ਦੇ ਜਗਤ ਪ੍ਰਸਿੱਧ ਕਲਾਕਾਰਾਂ ਤੋਂ ਇਲਾਵਾ ਨਾਮਧਾਰੀ ਉਭਰਦੇ ਕਲਾਕਾਰ ਵੀ ਹਿੱਸਾ ਲੈਂਦੇ ਰਹੇ। ਹਰ ਪ੍ਰੋਗਰਾਮ ਦੀ ਸ਼ੁਰੂਆਤ ਮਹਾਰਾਜ ਬੀਰ ਸਿੰਘ ਅਤੇ ਉਸਤਾਦ ਹਰਭਜਨ ਸਿੰਘ ਧ੍ਰੁਰਪਦ ਗਾਇਨ ਨਾਲ ਕਰਦੇ ਰਹੇ। ਦਿੱਲੀ ਅਤੇ ਲਖਨਊ ਵਾਲੇ ਪ੍ਰੋਗਰਾਮ ਤਾਂ ਤਿੰਨ ਜਾਂ ਚਾਰ ਦਿਨ ਵਾਲੇ ਸਨ ਪਰ ਔਰੰਗਾਬਾਦ ਵਾਲਾ ੬ ਦਿਨ ਦਾ ਸੀ। ੧੯੯੪ ਵਿਚ ਇਕ ੩ ਦਿਨਾਂ ਸੰਗੀਤ ਸੰਮੇਲਨ ਆਪਨੇ ਉਸਤਾਦ ਓਦੇ ਖਾਂ ਸਾਹਿਬ ਨੂੰ ਸਮਰਪਿਤ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿਚ ਕਰਵਾਇਆ ਗਿਆ। ਜਿਸ ਵਿਚ ਭਾਰਤ ਦੇ ਨਾਮੀ ਸੰਗੀਤਕਾਰਾਂ ਤੋਂ ਇਲਾਵਾ ਇੰਗਲੈਂਡ ਅਤੇ ਭੈਣੀ ਸਾਹਿਬ ਕੇਂਦਰ ਦੇ ਨਾਮਧਾਰੀ ਸੰਗੀਤਕਾਰਾਂ ਨੇ ਸ਼ਿਰਕਤ ਕੀਤੀ।

ਯੁਗੰਡਾ ਦੇ ਦੌਰਿਆਂ ਦੌਰਾਨ ਸਤਿਗੁਰੂ ਜੀ ਨੂੰ ਆਸਾ ਦੀ ਵਾਰ ਵੇਲੇ ਵਿਚ ਹਜ਼ੂਰੀ ਰਾਗੀਆਂ ਨਾਲ ਗਾਉਂਦਿਆਂ ਅਤੇ ਦਿਲਰੁਬਾ ਵਜਾਉਂਦੇ ਸੁਣਿਆ ਸੀ ਪਰ ਉਹ ਤਾਂ ਸੰਗੀਤ ਦੇ ਸਮਰਾਟ ਸਨ ਇਸਦਾ ਗਿਆਨ ਤਾਂ ਇਕ ਰਾਤ ਭੈਣੀ ਸਾਹਿਬ ਰਹਿਣ ਕਰਕੇ ਹੀ ਹੋਇਆ। ੧੯੯੨ ਵਿਚ ਲੰਡਨ ਤੋਂ ਰਿਪੁਦਮਨ ਸਿੰਘ ਦਮੀ ਤਬਲਾ ਵਾਦਕ ਜਲੰਧਰ ਆਏ ਹੋਏ ਸਨ। ਅਸੀਂ ਭੈਣੀ ਸਾਹਿਬ ਜਾਣ ਦਾ ਪ੍ਰੋਗਰਾਮ ਬਣਾ ਲਿਆ। ਗਏ ਤਾਂ ਸੀ ਕਿ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਵਾਪਿਸ ਆ ਜਾਵਾਂਗੇ ਪਰ ਮਿਲਣ ਤੇ ਕਹਿਣ ਲੱਗੇ ਕਿ ਵਾਪਿਸ ਨਹੀਂ ਜਾਣਾ ਅੱਜ ਰੁਕ ਜਾਓ। ਲੰਗਰ ਛਕ ਕੇ ਥੋੜਾ ਆਰਾਮ ਕੀਤਾ ਫਿਰ ਸ਼ਾਮ ਨੂੰ ਨਵੀਆਂ ਬਣ ਰਹੀਆਂ ਕੋਠੀਆਂ ਦੇਖਣ ਚਲੇ ਗਏ ਤਾਂ ਇਕ ਸਿੰਘ

ਬੁਲਾਣ ਆ ਗਿਆ ਕਿ ਸਤਿਗੁਰੂ ਜੀ ਸੰਗੀਤ ਰੂਮ ਵਿਚ ਬੁਲਾ ਰਹੇ ਹਨ। ਪਹੁੰਚਣ ਤੇ ਦੇਖਿਆ ਕਿ ਸਤਿਗੁਰੂ ਜੀ ਸੰਗੀਤ ਦੀ ਕਲਾਸ ਲੈ ਰਹੇ ਹਨ। ੨੫-੩੦ ਬੱਚੇ ਅਪਨੇ ਅਪਨੇ ਸਾਜ਼ ਲੈ ਕੇ ਰਿਆਜ਼ ਕਰ ਰਹੇ ਹਨ। ਇਨਾਂ ਵਿਚ ਹਜ਼ੂਰੀ ਰਾਗੀ ਵੀ ਸਨ। ਉਸ ਦਿਨ ਅੰਮ੍ਰਿਤਸਰ ਤੋਂ ਇਸ ਸੱਜਣ ਲਾਲ ਸਿੰਘ ਬੇਦੀ ਸਾਹਿਤਕਾਰ ਵੀ ਆਏ ਹੋਏ ਸਨ। ਸਤਿਗੁਰੂ ਜੀ ਬੇਦੀ ਸਾਹਿਬ ਨੂੰ ਦੱਸ ਰਹੇ ਸੀ ਕਿ ਭੈਣੀ ਸਾਹਿਬ ਵਿਚ ਰਾਗੀ ਗੁਰਮਤਿ ਟਕਸਾਲੀ ਕੀਰਤਨ ਪੁਰਾਤਨ ਰੀਤੀ ਅਨੁਸਾਰ ਦਿਲਰੁਬਾ ਆਦਿਕ ਤੰਤੀ ਸਾਜ਼ਾਂ ਨਾਲ ਹੀ ਕਰਦੇ ਹਨ। ਹਾਰਮੋਨੀਅਮ ਬਿਲਕੁਲ ਬੰਦ ਕੀਤਾ ਹੋਇਆ ਹੈ। ਗੁਰਮਤ ਸੰਗੀਤ ਤੋਂ ਇਲਾਵਾ ਸ਼ਾਸਤਰੀ ਸੰਗੀਤ ਵੀ ਸਿਖਾਇਆ ਜਾਂਦਾ ਹੈ। ਸਤਿਗੁਰੂ ਜੀ ਨੇ ਰਾਗਾਂ ਦੀਆਂ ਬੰਦਸ਼ਾਂ ਸੁਨਾਣੀਆਂ ਸ਼ੁਰੂ ਕੀਤੀਆਂ। ਪਹਿਲੇ ਆਪ ਅਸਥਾਈ ਸ਼ੁਰੂ ਕਰਦੇ ਫਿਰ ਰਾਗੀ ਅਤੇ ਬਚੇ ਗਾਉਣ ਲੱਗ ਜਾਂਦੇ। ਪਹਿਲੇ ਓਨਾਂ ਨੇ ਮਲ੍ਹਾਰ ਰਾਗ ਦੇ ਕੁਛ ਪ੍ਰਕਾਰ ਜਿਵੇਂ ਸ਼ੁੱਧ ਮਲਾਰ, ਸੂਰ ਮਲਾਰ, ਮੀਆਂ ਕੀ ਮਲਾਰ ਅਤੇ ਮੇਘ ਮਲਾਰ ਦੀਆਂ ਬੰਦਸ਼ਾਂ ਸੁਣਾਈਆਂ। ਹਰ ਬੰਦਸ਼ ਬਾਰੇ ਦੱਸ ਰਹੇ ਸੀ ਕਿ ਚਵਿੰਡੇ ਵਾਲਿਆਂ ਦੀ ਹੈ ਜਾਂ ਉਸਤਾਦ ਓਦੋ ਖਾਂ, ਭਾਈ ਕਾਲੂ ਜਾਂ ਭਾਈ ਤਾਬਾ ਦੀ ਹੈ। ਦੱਸਿਆ ਕਿ ਮਲਾਰ ਦੇ ੩੦ ਪ੍ਰਕਾਰ ਹਨ ਜੋ ਇਨਾਂ ਨੂੰ ਕਰਾਏ ਹੋਏ ਹਨ। ਉਸ ਤੋਂ ਬਾਅਦ ਰਾਗ ਕਾਨੜਾ ਸ਼ੁਰੂ ਕਰ ਦਿੱਤਾ। ਇਸ ਦੇ ਵੀ ਕੁਝ ਪ੍ਰਕਾਰ ਜਿਵੇਂ ਕਾਨੜਾ, ਦਰਬਾਰੀ ਕਾਨੜਾ, ਕੌਂਸੀ ਕਾਨੜਾ ਦੀਆਂ ਬੰਦਸ਼ਾਂ ਸੁਣਾਈਆਂ। ਕਾਨੜੇ ਦੇ ਵੀ ਕਹਿੰਦੇ ਕਿ ਬੱਚਿਆਂ ਨੂੰ ੩੩ ਪ੍ਰਕਾਰ ਕਰਾਏ ਹੋਏ ਹਨ। ਅੱਜਕਲ ਦੇ ਬਹੁਤੇ ਰਾਗੀਆਂ ਨੂੰ ਤਾਂ ਗੁਰੂ ਗ੍ਰੰਥ ਸਾਹਿਬ ਦੇ ੩੧ ਰਾਗਾਂ ਦਾ ਵੀ ਗਿਆਨ ਨਹੀਂ ਪਰ ਸਤਿਗੁਰੂ ਜੀ ਨੇ ਇਨਾਂ ਬੱਚਿਆਂ ਨੂੰ ਹੋਰ ਰਾਗਾਂ ਦੇ ਵੀ ਕਈ ਕਈ ਪ੍ਰਕਾਰ ਸਿਖਾਏ ਹੋਏ ਸਨ। ਫਿਰ ਇਹ ਬੰਦਸ਼ਾਂ ਕਈ ਤਾਲਾਂ ਜਿਵੇਂ ਇਕ ਤਾਲ, ਤੀਨ ਤਾਲ, ਚਾਰ ਤਾਲ, ਰੂਪਕ ਤਾਲ, ਧੁਰਪਦ, ਧਮਾਰ ਅਤੇ ਹੋਰ ਵਿਕਟ ਤਾਲਾਂ ਵਿਚ ਸਨ ਜਦਕਿ ਅੱਜਕਲ ਦੇ ਬਹੁਤੇ ਰਾਗੀ ਦਾਦਰਾ ਜਾਂ ਕਹਿਰਵਾ ਤਾਲ ਵਿਚ ਹੀ ਗਾਉਂਦੇ ਹਨ। ਸਤਿਗੁਰੂ ਜੀ ਆਪ ਤਾਲ ਗਿਆਨ ਵਿਚ ਏਨੇ ਪ੍ਰਵੀਨ ਸਨ ਕਿ ਉਸਤਾਦ ਅੱਲਾ ਰਖਾ, ਪੰਡਿਤ ਕਿਸ਼ਨ ਮਹਾਰਾਜ, ਪੰਡਿਤ ਸ਼ਾਂਤਾ ਪ੍ਰਸ਼ਾਦ ਵਰਗੇ ਮਹਾਨ ਵਾਦਕ ਵੀ ਉਨ੍ਹਾਂ ਦੀ ਤਾਲ ਪ੍ਰਵੀਨਤਾ ਦੇ ਕਾਇਲ ਹੋ ਜਾਂਦੇ ਸੀ। ਮਲਾਰ੍ਹ ਅਤੇ ਕਾਨੜੇ ਤੋਂ ਇਲਾਵਾ ਹੋਰ ਵੀ ਕਈ ਰਾਗਾਂ ਦੀਆਂ ਬੰਦਸ਼ਾਂ ਸੁਣਾਈਆਂ। ਇਹ ਪ੍ਰੋਗਰਾਮ ਕੋਈ ੩ ਘੰਟੇ ਤੋਂ ਵਧ ਚਲਦਾ ਰਿਹਾ ਜਿਸ ਵਿਚ ਉਨ੍ਹਾਂ ਨੇ ੩੦ ਤੋਂ ਵਧ ਬੰਦਸ਼ਾਂ ਸੁਣਾਈਆਂ। ਇਸ ਤਰ੍ਹਾਂ ਲੱਗਦਾ ਸੀ ਕਿ ਸਭ ਰਾਗ ਰਾਗਣੀਆਂ ਤਿਆਰ ਹੋ ਕੇ ਉਨ੍ਹਾਂ ਦੇ ਹੁਕਮ ਵਿਚ ਖੜੀਆਂ ਹਨ ਕਿ ਪਤਾ ਨਹੀਂ ਕਿਸਨੂੰ ਅਵਾਜ਼ ਪੈ ਜਾਣੀ ਹੈ। ਸਤਿਗੁਰੂ ਜੀ ਨੂੰ ਸੈਂਕੜੇ ਰਾਗਾਂ ਦੀਆਂ ਸੈਂਕੜੇ ਬੰਦਸ਼ਾਂ ਜ਼ੁਬਾਨੀ ਯਾਦ ਸਨ। ਮੈਂ ਵੀ ਸੰਗੀਤ ਦਾ ਵਿਦਿਆਰਥੀ ਰਿਹਾ ਹਾਂ ਅਤੇ ਉਨ੍ਹਾਂ ਦਾ ਸੰਗੀਤ ਗਿਆਨ ਦੇਖ ਕੇ ਬੜਾ ਮੁਤਾਸਰ ਹੋਇਆ। ਮੈਂ ਕਿਹਾ ਕਿ ਤੁਹਾਡੇ ਪਾਸ ਸੰਗੀਤ ਦਾ ਏਡਾ ਖਜ਼ਾਨਾ ਹੈ ਕਿ ਰੀਕਾਰਡ ਹੋਣਾ ਚਾਹੀਦਾ ਹੈ ਤਾਂ ਕਹਿਣ ਲੱਗੇ ਕਿ ਮਹਾਰਾਜ ਬੀਰ ਸਿੰਘ ਹੁਰਾਂ ਪਾਸ ਤਾਂ ਮੇਰੇ ਨਾਲੋਂ ਵੀ ਜ਼ਿਆਦਾ ਹੈ। ਰਹੀ ਗੱਲ ਰੀਕਾਰਡ ਦੀ ਸੋ ਇਨ੍ਹਾਂ ਬੱਚਿਆਂ ਨੂੰ ਸਭ ਦੇ ਦਿੱਤਾ ਹੈ।



ਸਾਰੰਗੀ ਵਾਦਕ ਸੁਰਜੀਤ ਸਿੰਘ

ਭੈਣੀ ਸਾਹਿਬ ਰਹਿਣ ਕਰਕੇ ਪਤਾ ਲੱਗਾ ਕਿ ਸੰਗੀਤ ਨਾਲ ਆਪ ਜੀ ਦਾ ਰਿਸ਼ਤਾ ਸਵੇਰੇ ੩ ਵਜੇ ਤੋਂ ਆਸਾ ਦੀ ਵਾਰ ਦੇ ਕੀਰਤਨ ਤੋਂ ਹੀ ਸ਼ੁਰੂ ਹੋ ਜਾਂਦਾ ਸੀ ਜੋ ਸੂਰਜ ਓਦੇ ਹੋਣ ਤੱਕ ਚੱਲਦਾ ਸੀ। ਇਸ ਕੀਰਤਨ ਵਿਚ ਆਪ ਵੀ ਹਿੱਸਾ ਲੈਂਦੇ ਅਤੇ ਦਿਲਰੁਬਾ ਵੀ ਵਜਾਂਦੇ ਸੀ। ਦੋਪਹਿਰ ਦੇ ਨਾਮ ਸਿਮਰਨ ਤੋਂ ਬਾਅਦ ਫਿਰ ਇਕ ਡੇਢ ਘੰਟਾ ਕੀਰਤਨ ਹੁੰਦਾ ਜਿਸ ਵਿਚ ਵੀ ਆਪ ਸਵੇਰ ਵਾਂਗ ਗਾਉਂਦੇ ਵੀ ਤੇ ਦਿਲਰੁਬਾ ਵੀ ਵਜਾਉਂਦੇ ਸੀ। ਇਸ ਤੋਂ ਬਾਅਦ ਸ਼ਾਮ ਤੋਂ ਸ਼ੁਰੂ ਹੋ ਕੇ ਦੇਰ ਰਾਤ ਤੱਕ ਸੰਗੀਤ ਕਲਾਸ ਜਿਸਦਾ ਜ਼ਿਕਰ ਪਹਿਲਾਂ ਕਰ ਚੁੱਕਾ ਹਾਂ। ਭੈਣੀ ਸਾਹਿਬ ਨੂੰ ਤਾਂ ਆਪ ਜੀ ਨੇ ਸਰਗਮਪੁਰੀ ਹੀ ਬਣਾ ਦਿੱਤਾ ਸੀ ਜਿਥੇ ਸੰਗੀਤ ਦਾ ਪ੍ਰਵਾਹ ਚਲਦਾ ਹੀ ਰਹਿੰਦਾ ਸੀ। ਭਾਰਤ ਦੇ ਨਾਮੀ ਸੰਗੀਤਕਾਰ ਜਿਨ੍ਹਾਂ ਦਾ ਗਾਣਾ ਸੁਨਣ ਨੂੰ ਸਰੋਤੇ ਤਰਸਦੇ ਰਹਿੰਦੇ ਸੀ ਅਕਸਰ ਭੈਣੀ ਸਾਹਿਬ ਆ ਕੇ ਸਤਿਗੁਰੂ ਜੀ ਦੀ ਸੰਗੀਤਕ ਸੰਗਤ ਵਿਚ ਬੈਠ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਕੇ ਅਨੰਦ ਮਾਣਦੇ ਸਨ। ੧੯੪੭ ਤੋਂ ਬਾਅਦ ਸੰਗੀਤ ਦੇ ਉਸਤਾਦ ਅਤੇ ਰਬਾਬੀ ਜੋ ਮੁਸਲਮਾਨ ਸਨ ਦੇ ਪਾਕਿਸਤਾਨ ਜਾਣ ਕਰਕੇ ਸੰਗੀਤ ਦੇ ਖੇਤਰ ਵਿਚ ਇਕ ਖਲਾਆ ਪੈਦਾ ਹੋ ਗਿਆ ਸੀ ਜਿਸ ਦੀ ਸਤਿਗੁਰੂ ਜੀ ਨੇ ਨਾਮਧਾਰੀ ਸੰਗੀਤਕਾਰ ਬਣਾ ਕੇ ਭਰਵਾਈ ਕੀਤੀ।

Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

**B.L.–12 Bore**

# GUNS

# MODERN GUN WORKS

**OPP. INDUSTRIAL ESTATE,**

**JAMMU CANTT.**

Namdhari Elibrary NamdhariElibrary@gmail.com

# ਸ਼ਹੀਦ ਅਮਰਜੀਤ ਸਿੰਘ ਸੰਧੂ



ਜਗੀਰ ਕੌਰ ਸੰਧੂ



ਇਸ ਤੋਂ ਪਹਿਲਾਂ ਕਿ ਮੈਂ ਸ਼ਹੀਦ ਅਮਰਜੀਤ ਸਿੰਘ ਸੰਧੂ ਦੀ ਸ਼ਹਾਦਤ ਬਾਰੇ ਲਿਖਾਂ, ਮੈਂ ਉਨ੍ਹਾਂ ਦੇ ਪਿਛੋਕੜ ਬਾਰੇ ਕੁਛ ਦੱਸਣਾਂ ਚਾਹਾਂਗੀ। ਅਮਰਜੀਤ ਸਿੰਘ ਦੇ ਪਿਤਾ ਜੀ ਸ. ਅਰਬੇਲ ਸਿੰਘ ਸੰਧੂ ਨਾਮਧਾਰੀ ਪੰਥ ਵਿਚ ਇਕ ਮੰਨੀ ਪ੍ਰਮੰਨੀ ਸ਼ਖਸ਼ੀਅਤ ਸਨ ਉਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਦਰਬਾਰ ਦੇ ਪ੍ਰਧਾਨ ਸਨ, ਨਾਲ ਹੀ ਉਹ ਸਰਕਾਰੇ ਦਰਬਾਰੇ ਵੀ ਚੰਗੀ ਪਹੁੰਚ ਰੱਖਦੇ ਸਨ। ਉਨ੍ਹਾਂ ਨੂੰ ਸਰਕਾਰ ਦੇ ਘਰ ਵਿਚ "ਚੇਅਰਮੈਨ" ਦਾ ਅਹੁਦਾ ਵੀ ਮਿਲਿਆ ਹੋਇਆ ਸੀ, ਇਸ ਵਾਸਤੇ ਗੁਰੂ ਘਰ ਦੇ ਵਿਚ ਤੇ ਸਰਕਾਰ ਦੇ ਘਰ ਵਿਚ ਚੰਗੀ ਇੱਜ਼ਤ ਤੇ ਸਤਿਕਾਰ ਪ੍ਰਾਪਤ ਕਰਦੇ ਸਨ। ਉਹ ਮੇਰੇ ਚਾਚਾ ਜੀ ਸਨ, ਉਨ੍ਹਾਂ ਦੇ ਘਰੋਂ ਮੇਰੇ ਚਾਚੀ ਜੀ, ਮੇਰੇ ਮਾਸੀ ਜੀ ਵੀ ਸਨ। ਮੇਰੇ ਮਾਸੀ ਜੀ ਨੇ ਹੀ ਮੇਰੇ ਬੀਜੀ (ਆਪਣੇ ਛੋਟੀ ਭੈਣੀ ਦਾ ਰਿਸ਼ਤਾ ਮੇਰੇ ਪਿਤਾ ਜੀ ਵਲ ਕਰਵਾਇਆ ਸੀ, ਕਿਉਂਕਿ ਮੇਰੇ ਪਿਤਾ ਜੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟਾਇਮ ਪਹਿਲਵਾਨ ਸਨ ਤੇ ਉਨ੍ਹਾਂ ਦੇ ਹੁਕਮ ਅਨੁਸਾਰ ਘੁਲਦੇ ਹੁੰਦੇ ਸਨ, ਇਸ ਪਹਿਲਵਾਨੀ ਦੇ ਸ਼ੌਕ ਕਰਕੇ ਵਿਆਹ ਉਨ੍ਹਾਂ ਨੇ ਲੇਟ ਹੀ ਕਰਵਾਇਆ ਸੀ।

ਮੇਰੇ ਚਾਚੀ ਜੀ ਜਾਂ (ਮਾਸੀ ਜੀ) ਦਾ ਪੇਕਾ ਨਾਂ ਤਾਰੋ ਸੀ। ਸਾਡੇ ਕੋਲ ਸਹੁਰੇ ਪਰਿਵਾਰ ਵਿਚ ਉਨ੍ਹਾਂ ਦਾ ਨਾਂ ਸੁਖਵੰਤ ਕੌਰ ਰੱਖਿਆ ਗਿਆ ਸੀ ਪਰ ਸੱਚੇ ਪਾਤਸ਼ਾਹ ਉਨ੍ਹਾਂ ਨੂੰ 'ਬੀਬੀ ਤਾਰੋ' ਕਹਿ ਕੇ ਹੀ ਬੁਲਾਂਦੇ ਸਨ, ਕਿਉਂਕਿ ਸਾਡੇ ਮਾਸੀ ਜੀ ਗੁਰੂ ਘਰ ਨਾਲ ਤੇ ਸਤਿਗੁਰੂ ਜੀ ਦੇ ਚਰਨਾਂ ਨਾਲ ਅਥਾਹ ਪ੍ਰੇਮ ਰੱਖਦੇ ਸਨ, ਜਿਸਦਾ ਸਬੂਤ ਇਹ ਸੀ ਕਿ ਉਹ ਜਦੋਂ ਵੀ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਅੰਦਰੂਨੀ ਖਿੱਚ ਨਾਲ ਯਾਦ ਕਰਦੇ ਸਨ ਤਾਂ ਉਹ ਜ਼ਰੂਰ ਹੀ ਦਰਸ਼ਨ ਦੇਣ ਆ ਜਾਂਦੇ। ਉਹ ਹਮੇਸ਼ਾ ਹੀ ਵੱਡੀ ਸੋਧ (ਮਰਿਆਦਾ) ਰੱਖਦੇ ਸਨ। ਕਈ ਵਾਰ ਉਹ ਲੰਗਰ ਤਿਆਰ ਕਰਕੇ ਰੱਖਦੇ ਤੇ ਕਿਸੇ ਨੂੰ ਵੀ ਪ੍ਰਸ਼ਾਦਾ ਨਾ ਛਕਾਉਂਦੇ, ਇਹੋ ਆਖਦੇ ਕਿ ਸੱਚੇ ਪਾਤਸ਼ਾਹ ਆ ਕੇ ਭੋਗ ਲਾਉਣਗੇ ਤਾਂ ਪ੍ਰਸ਼ਾਦਾ ਛਕਾਂਗੇ, ਸੋ ਉਨ੍ਹਾਂ ਦੀ ਪ੍ਰੇਮ ਖਿਚ ਸੱਚੇ ਪਾਤਸ਼ਾਹ ਜੀ ਦੇ ਕੋਲ ਜਾ ਪਹੁੰਚਦੀ ਤੇ ਉਹ ਜ਼ਰੂਰ ਹੀ ਪ੍ਰੇਮ ਦੇ ਖਿਚੇ ਹੋਏ ਆ ਕੇ ਮਾਸੀ ਜੀ ਦੇ ਹੱਥ ਦਾ ਪੱਕਿਆ ਹੋਇਆ ਪ੍ਰਸ਼ਾਦਾ ਜ਼ਰੂਰ ਹੀ ਆ ਕੇ ਛਕਦੇ।

ਮੇਰੇ ਮਾਸੀ ਜੀ (ਚਾਚੀ ਜੀ) ਦੇ ਘਰ ਪ੍ਰਮਾਤਮਾ ਜੀ ਦੀ ਕ੍ਰਿਪਾ ਨਾਲ (ਜਿਹੜੀ ਕਿ ਉਦੋਂ ਕ੍ਰਿਪਾ ਹੀ ਸਮਝੀ ਤੇ ਕਹੀ ਜਾਂਦੀ ਸੀ) ਉਨ੍ਹਾਂ ਦੇ ਚਾਰ ਪੁੱਤਰ ਤੇ ਦੋ ਧੀਆਂ, ਨੇ ਜਨਮ ਲਿਆ ਸੀ, ਉਨ੍ਹਾਂ ਦੇ ਛੇਵਾਂ ਬੱਚਿਆਂ ਵਿਚੋਂ ਹੁਣ ਉਨ੍ਹਾਂ ਦੀ ਵੱਡੀ ਲੜਕੀ ਸੁਰਜੀਤ ਹੀ ਰਹਿ ਗਈ ਹੈ ਜਿਹੜੀ ਕਿ ਹਾਰਨੀਆ ਸ. ਜੋਗਿੰਦਰ ਸਿੰਘ ਨੰਬਰਦਾਰ ਗੁਰੂਚੱਕ ਵਾਲਿਆਂ ਦੀ ਪਤਨੀ ਹੈ। ਉਹਨਾਂ ਦਾ ਵੱਡਾ ਪੁੱਤਰ ਸਰਦਾਰ ਬਲਦੇਵ ਸਿੰਘ, ਕਿਸਾਨ ਸੀ, ਦੂਸਰਾ ਸ਼ਿਵਦੇਵ ਸਿੰਘ ਸੂਬੇਦਾਰ ਤੇ ਅਮਰਜੀਤ ਸਿੰਘ ਉਨ੍ਹਾਂ ਦਾ ਤੀਸਰਾ ਪੁੱਤਰ ਸੀ, ਅਮਰਜੀਤ ਸਿੰਘ ਪਾਇਲਟ ਸੀ ਤੇ ਉਨ੍ਹਾਂ ਤੋਂ ਛੋਟਾ ਉਨ੍ਹਾਂ ਦਾ ਵੀਰ ਸੁਖਦੇਵ ਸਿੰਘ ਸੀ ਉਹ ਵੀ ਪਾਇਲਟ ਸੀ। ਜੋ ਕਿ ਅਮਰਜੀਤ ਸਿੰਘ ਤੋਂ ਦੋ ਕੁ ਸਾਲ ਪਹਿਲਾਂ ਹੀ ਹਵਾਈ ਹਾਦਸੇ ਵਿਚ ਪੂਰੇ ਹੋ ਗਏ ਸਨ।

ਸ਼ਹੀਦ ਅਮਰਜੀਤ ਸਿੰਘ ਸੰਧੂ ਦਾ ਜਨਮ ਪਾਕਿਸਤਾਨ ਜ਼ਿਲ੍ਹਾ ਲਾਇਲਪੁਰ, ਤਹਿਸੀਲ ਜੜ੍ਹਾਂਵਾਲਾ ਪਿੰਡ ਇਕ ਸੌ ਨੌ (੧੦੯) ਚੱਕ ਵਿਚ ਜਨਵਰੀ ੧੯੩੩ ਵਿਚ ਸ. ਅਰਬੇਲ ਸਿੰਘ


Namdhari Elibrary NamdhariElibrary@gmail.com

ਤੇ ਬੀਬੀ ਤਾਰੋ ਦੇ ਘਰ ਹੋਇਆ, ਅੱਠਵੀਂ ਜਮਾਤ ਤੱਕ ਦੀ ਪੜ੍ਹਾਈ ਉਨ੍ਹਾਂ ਨੇ ਜੜਾਂ ਵਾਲੇ ਵਿਚ ਕੀਤੀ। ਉਨ੍ਹੀ ਸੌ ਸੰਤਾਲੀ ਤੋਂ ਬਾਅਦ ਉਹ ਹਿੰਦੋਸਤਾਨ ਆਏ। ਉਨ੍ਹਾਂ ਨੇ ਦੱਸਵੀਂ ਤੱਕ ਦੀ ਪੜ੍ਹਾਈ ਕਿਲ੍ਹਾ ਰਾਏਪੁਰ ਵਿਚ ਕੀਤੀ। ਉਨ੍ਹਾਂ ਨੇ ਬਾਕੀ ਦੀ ਪੜ੍ਹਾਈ ਖਾਲਸਾ ਕਾਲਿਜ ਅੰਮ੍ਰਿਤਸਰ ਵਿਚ ਕੀਤੀ ਤੇ ਸੰਨ ੧੯੫੪ ਵਿਚ ਅਮਰਜੀਤ ਸਿੰਘ ਏਅਰ ਫੋਰਸ ਵਿਚ ਸਲੈਕਟ ਹੋਏ। ਚਾਰ ਸਾਲ ਹਵਾ ਵਿਚ ਉਡਾਰੀਆਂ ਲਾਉਣ ਤੋਂ ਬਾਅਦ ਅਮਰਜੀਤ ਦੀ ਸ਼ਾਦੀ ਦਿੱਲੀ ਦੇ ਰਹਿਣ ਵਾਲੇ ਸੰਤ ਹਜ਼ਾਰਾ ਸਿੰਘ (ਜਿਨ੍ਹਾਂ ਨੂੰ ਹਜ਼ਾਰਾ ਸਿੰਘ 'ਮਾਫੀ' ਵੀ ਕਹਿੰਦੇ ਸਨ) ਹੋਰਾਂ ਦੀ ਵੱਡੀ ਲੜਕੀ 'ਚਰਨਜੀਤ' ਨਾਲ ਹੋ ਗਈ, ਉਨ੍ਹਾਂ ਦੇ ਦੋ ਪੁੱਤਰ ਹਨ ਵੱਡਾ ਸੁਖਜੀਤ ਸਿੰਘ ਜੋ ਇਸ ਵਕਤ ਟਾਟਾ ਕੰਪਨੀ ਕਲਕਤੇ ਵਿਚ ਡਿਪਟੀ ਮੈਨੇਜਰ ਹੈ ਤੇ ਛੋਟਾ ਪੁੱਤਰ ਅਜੈਪਾਲ ਸਿੰਘ ਜਰਮਨ ਵਿਚ ਹੈ।

ਅਮਰਜੀਤ ਸਿੰਘ ਤੇ ਚਰਨਜੀਤ ਹੋਰਾਂ ਦੀ ਜ਼ਿੰਦਗੀ ਸੁਹਣੀ, ਇਕਸਾਰ ਵਧੀਆ ਚਲ ਰਹੀ ਸੀ ਕਿ ੧੯੬੫ ਵਿਚ ਹਿੰਦੋਸਤਾਨ ਤੇ ਪਾਕਿਸਤਾਨ ਦੀ ਜੰਗ ਲੱਗ ਗਈ। ਬਹਾਦਰਾਂ ਦੇ ਖ਼ੂਨ ਗਰਮ ਹੋਣ ਲੱਗੇ। ਪਾਕਿਸਤਾਨ ਵਲੋਂ ਹੁੰਦੀਆਂ ਜ਼ਿਆਦਤੀਆਂ ਨੂੰ ਉਨ੍ਹਾਂ ਕੋਲੋ ਸਹਾਰਨਾ ਔਖਾ ਹੋ ਗਿਆ। ਉਹ ਚਾਹੁੰਦੇ ਸਨ ਆਪਣੇ ਸਾਹਿਬ ਦਾ ਇਸ਼ਾਰਾ–

ਉਹ ਸੂਰਬੀਰ ਅਣਖੀਲੇ ਲੋਚਨ ਜਿਤ ਦੇ ਨਾਅਰੇ ਨੂੰ।
ਹੁਣ ਜ਼ੁਲਮ ਸਿਹਾ ਨਹੀਂ ਜਾਂਦਾ, ਸਾਹਿਬ ਜੀ ਕਰੋ ਇਸ਼ਾਰੇ ਨੂੰ।
ਹੁਣ ਦੁਸ਼ਮਣ ਵਾਧੇ ਕਰਦਾ, ਸਿਰ ਤੇ ਚੜਦਾ ਆਉਂਦਾ ਏ।
ਉਹ ਭਾਰਤ ਦੀ ਹੱਦ ਉਤੇ ਧਾਵਾ ਕਰਦਾ ਆਉਂਦਾ ਏ।
ਹੁਣ ਸਾਥੋਂ ਰਹਿ ਨਹੀਂ ਹੁੰਦਾ, ਬਖਸ਼ੋ ਸਾਡੇ ਕਾਰੇ ਨੂੰ.......।
ਇਹ ਜ਼ੁਲਮ ਸਿਹਾ ਨਹੀਂ ਜਾਂਦਾ, ਸਾਹਿਬ ਜੀ ਕੋਰ ਇਸ਼ਾਰੇ ਨੂੰ
ਇਹ ਧਰਤੀ ਸਾਡੀ ਮਾਂ, ਇਹਦੇ ਹਾਂ ਪੁੱਤਰ ਸ਼ੇਰ ਅਸੀਂ,
ਤੁਸੀਂ ਪਰਖ ਲਵੋ ਤੇ ਵੇਖੋ, ਕਿਨੇ ਹਾਂ ਦਲੇਰ ਅਸੀਂ।
ਅਸੀਂ ਧਰਤੀ ਅਤੇ ਅਕਾਸ਼ ਦੇ ਰਖੀਏ, ਮੇਟ ਕੇ ਪਾੜੇ ਨੂੰ
ਹੁਣ ਜ਼ੁਲਮ ਸਿਹਾ ਨਹੀਂ ਜਾਂਦਾ, ਸਾਹਿਬ ਜੀ ਕਰੋ ਇਸ਼ਾਰੇ ਨੂੰ
ਅਸਾਂ ਕੌਮ ਅਣਖ ਤੇ ਦੇਸ਼ ਦੀ ਖਾਤਰ, ਲੜਨਾ ਸਿਖਿਆ ਏ
ਅਸਾਂ ਹੱਸ ਹੱਸ ਜਾਨਾਂ ਵਾਰ ਕੇ ਸੂਲੀ ਚੜਨਾ ਸਿਖਿਆ ਏ।
ਅਸੀਂ 'ਜੇ. ਕੇ. ਸੰਧੂ' ਮਾਰਾਂਗੇ ਜ਼ਾਲਮ ਹਤਿਆਰੇ ਨੂੰ
ਹੁਣ ਜ਼ੁਲਮ ਸਿਹਾ ਨਹੀਂ ਜਾਂਦਾ, ਸਾਹਿਬ ਜੀ ਕਰੋ ਇਸ਼ਾਰੇ ਨੂੰ

ਅਮਰਜੀਤ ਸਿੰਘ ਨੇ ਕਿਹਾ "ਸਾਹਿਬ ਸਾਡੇ ਕੋਲੋਂ ਇਹ ਕੁਝ ਬਰਦਾਸ਼ਤ ਨਹੀਂ ਹੁੰਦਾ, ਅਸੀਂ ਵੀ ਦੁਸ਼ਮਣ ਨੂੰ ਆਪਣੀ ਬਹਾਦੁਰੀ ਨਾਲ ਉਸਦੀ ਬੁਰੀ ਨੀਤੀ ਦਾ ਫਲ ਚਖਾਉਣਾ ਚਾਹੁੰਦੇ ਹਾਂ ਤੁਸੀਂ ਸਾਨੂੰ ਛੁਟੀਆਂ ਦਿਉ ਦੁਸ਼ਮਣ ਨਾਲ ਦੋ ਹਥ ਕਰਨ ਦੀਆਂ।"

ਕਿਉਂਕਿ ਦੁਸ਼ਮਣ ਪੈਰੋ ਪੈਰ ਅੱਗੇ ਵਧਦਾ ਆ ਰਿਹਾ ਸੀ ਤੇ ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਹੋਇਆ ਸਾਹਿਬ ਨੇ ਫੌਜ ਨੂੰ ਦੁਸ਼ਮਣ ਦਾ ਮੁਕਾਬਲਾ ਕਰਨ ਦੀ ਇਜਾਜ਼ਤ ਦੇ ਦਿੱਤੀ। ਅਮਰਜੀਤ ਨੇ ਆਪਣੇ ਸਤਿਗੁਰੂ ਜੀ ਦੇ ਅੱਗੇ ਜਿੱਤ ਤੇ ਆਪਣੀ ਕਾਮਯਾਬੀ ਦੀ ਅਰਦਾਸ ਕੀਤੀ ਤੇ ਦੁਸ਼ਮਣ ਦੇ ਅੱਡੇ ਤੇ ਬੰਬ ਸੁੱਟਣ ਦੇ ਇਰਾਦੇ ਨਾਲ ਸ਼ੇਰ ਜਹਾਜ਼ ਵਿਚ ਜਾ ਬੈਠਾ। ੧੯੬੫ ਦੀ ਇਸ ਜੰਗ ਵਿਚ ਅਮਰਜੀਤ ਨੇ ੧੯ ਸਤੰਬਰ ਵਾਲੇ ਦਿਨ ਦੁਸ਼ਮਣ ਦਾ ਅੱਡਾ ਤਬਾਹ ਕਰ ਦਿੱਤਾ। ਉਦੋਂ ਅਮਰਜੀਤ ਸਿੰਘ ਨੂੰ ਪਠਾਨਕੋਟ ਵਿਚ ਰਾਸ਼ਟਰਪਤੀ ਰਾਧਾ ਕ੍ਰਿਸ਼ਨ ਨੇ ਵੀਰ ਚੱਕਰ ਦੇ ਕੇ ਸਨਮਾਨਿਆ।

ਉਸ ਤੋਂ ਬਾਦ ੧੯੭੧ ਵਿਚ ਫੇਰ ਜੰਗ ਲੱਗ ਗਈ। ਭਾਰਤੀ ਸੂਰਬੀਰ ਬਹਾਦਰਾਂ ਨੇ ਬੜੀਆਂ ਹੀ ਬਹਾਦਰੀਆਂ ਵਖਾਈਆਂ ਤੇ



ਪਿਤਾ ਜੀ
ਸ. ਅਰਬੇਲ ਸਿੰਘ ਸੰਧੂ



ਅਮਰਜੀਤ ਸਿੰਘ ਦੇ
ਮਾਤਾ ਜੀ ਸੁਖਵੰਤ ਕੌਰ
(ਬੀਬੀ ਤਾਰੋ)



ਅਮਰਜੀਤ ਸਿੰਘ ਦੀ
ਪਤਨੀ
ਚਰਨਜੀਤ ਕੌਰ



ਵੱਡਾ ਵੀਰ
ਬਲਦੇਵ ਸਿੰਘ ਸੰਧੂ

ਦੁਸ਼ਮਣ ਦੇ ਦੰਦ ਖੱਟੇ ਕੀਤੇ। ਇਕ ਵੇਰ ਅਮਰਜੀਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਤਿੰਨ ਜਹਾਜ਼ ਪਾਕਿਸਤਾਨ ਦੇ ਘੇਰੇ ਵਿਚ ਆ ਗਏ, ਅਕਾਸ਼ ਵਿਚ ਹੀ ਹਵਾਈ ਫਾਇਰ ਹੋਣ ਲੱਗ ਪਏ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਦੋਹਾਂ ਧਿਰਾਂ ਦੇ ਯੋਧੇ ਇਕ ਦੂਸਰੇ ਕੋਲੋਂ ਕੋਈ ਪੁਰਾਨਾ ਵੈਰ ਲੈਣ ਦਾ ਯਤਨ ਕਰ ਰਹੇ ਹੋਣ। ਸੂਰਮੇ ਹਵਾ ਦੇ ਵਿਚ ਗੋਲੀਆਂ ਚਲਾ ਕੇ ਆਪੋ ਆਪਣਾ ਗੁੱਸਾ ਠੰਡਾ ਕਰਨ ਦਾ ਯਤਨ ਕਰ ਰਹੇ ਸਨ। ਆਖਿਰ ਭਾਰਤੀ ਜਹਾਜ਼ ਦੁਸ਼ਮਣ ਦੇ ਚਾਰ ਜਹਾਜ਼ਾਂ ਵਿਚੋਂ ਇੰਝ ਬਚ ਕੇ ਨਿਕਲ ਗਏ, ਜਿਵੇਂ ਕਮਾਨ ਵਿਚੋਂ ਤੀਰ ਨਿਕਲਦਾ ਸੀ।

ਜਦੋਂ ਜ਼ਾਲਮਾਂ ਵੇਖਿਆ ਹਾਰ ਹੁੰਦੀ,
ਨਾਲ ਧਰਤੀ ਦੇ ਟਕਰਾਂ ਮਾਰਦੇ ਸੀ,
ਨਾ ਕੋਈ ਖਾਣ ਨਾ ਪੀਣ ਸੀ ਰਿਹਾ ਜਾਣੇ,
ਸੋਚਾਂ ਵਿਚ ਉਹ ਸਮਾਂ ਗੁਜ਼ਾਰਦੇ ਸੀ।
ਅਮਰਜੀਤ ਤੇ ਸਾਥੀਆਂ ਹੱਦ ਉਤੇ,
ਸੁਤੇ ਦੁਸ਼ਮਣਾਂ ਤਾਈਂ ਲਲਕਾਰ ਦਿੱਤਾ
ਉਨ੍ਹਾਂ ਪਾਇਆ ਜਹਾਜ਼ਾਂ ਨੂੰ ਆਣ ਘੇਰਾ,
ਮੁੱਲ ਉਨ੍ਹਾਂ ਸਰਕਾਰ ਦਾ ਤਾਰ ਦਿੱਤਾ।
ਬੜੇ ਜੌਹਰ ਵਿਖਾਏ ਅਕਾਸ਼ ਉਤੇ,
ਮੌਕੇ ਤਾੜ ਕੇ ਘੁਤੀਆਂ ਮਾਰਦੇ ਸੀ।
ਲਾ..ਅ..ਲਾ, ਲਾ..ਅ..ਲਾ ਸੀ ਹਵਾ ਦੇ ਵਿਚ ਹੁੰਦੀ,
ਗੋਲੀ ਮਾਰ ਕੇ ਨਾਲ ਲਲਕਾਰਦੇ ਸੀ
ਦੁਸ਼ਮਣ ਆਖਦਾ ਅੱਜ ਨਹੀਂ ਜਾਣ ਦੇਣਾ,
ਸੱਜਣ ਆਖਦਾ ਵੇਲਾ ਵਿਹਾ ਰਿਹਾ ਏ
ਅਮਰਜੀਤ ਦੇ ਸਾਥੀ ਤਾਂ ਗਏ ਨਿਕਲ,
ਅਮਰਜੀਤ ਵੀ ਛੱਕੇ ਛੁਡਾ ਰਿਹਾ ਏ।
ਰਿਹਾ ਜੂਝਦਾ ਚੌਹਾਂ ਦੇ ਨਾਲ ਕਲਾ,
ਆਖਿਰ ਉਤਾਂਹ ਨੂੰ ਉਸ ਉਡਾਨ ਭਰ ਲਈ
ਅੱਡੇ ਉਤੇ ਜਾਂ ਆਣ ਜਹਾਜ਼ ਲੱਥਾ,
ਖੁਸ਼ੀ ਫੋਰਸ ਦੇ ਵਿਚ ਅਪਾਰ ਹੋਈ
'ਜੇ.ਕੇ.ਸੰਧੂ' ਸੀ ਧੰਨ ਮਾਂ ਬਾਪ ਕਹਿੰਦੇ,
ਪੁੱਤ ਜਿਨਾਂ ਦੇ, ਦੀ ਜੈ ਜੈਕਾਰ ਹੋਈ।

ਅਮਰਜੀਤ ਸਿੰਘ ਨੇ ਆਪਣਾ ਜਹਾਜ਼ ਦੁਸ਼ਮਣ ਦੇ ਘੇਰੇ ਵਿਚੋਂ ਕੱਢ ਕੇ ਅੱਡੇ ਉਤੇ ਲਿਆ ਖਿਲਾਰਿਆ। ਚਾਰੇ ਪਾਸੇ ਖੁਸ਼ੀਆਂ ਹੀ ਖੁਸ਼ੀਆਂ ਛਾ ਗਈਆਂ। ਤਿੰਨ ਬਹਾਦੁਰ ਆਪਣੇ ਤਿੰਨਾਂ ਜਹਾਜ਼ਾਂ ਨੂੰ ਦੁਸ਼ਮਣ ਦੇ ਚੌਹਾਂ ਜਹਾਜ਼ਾਂ ਵਿਚੋਂ ਮੱਖਣ ਵਿਚੋਂ ਵਾਲ ਵਾਂਗ ਕੱਢ ਕੇ ਲੈ ਆਏ ਸਨ। ਸਾਡੇ ਵੱਡੇ ਦੱਸਦੇ ਹੁੰਦੇ ਸਨ ਕਿ ਅਮਰਜੀਤ ਸਿੰਘ ਦੇ ਦਾਦਾ ਜੀ, ਜੋ ਫੌਜ ਵਿਚ ਸੂਬੇਦਾਰ ਸਨ ਉਨ੍ਹਾਂ ਵੀ ਬਹੁਤ ਬਹਾਦਰੀਆਂ ਕੀਤੀ ਸਨ, ਤੇ ਬਹੁਤ ਵੱਡੇ ਵੱਡੇ ਇਨਾਮ ਪ੍ਰਾਪਤ ਕੀਤੇ ਸਨ। ਤਾਹੀਓਂ ਲੋਕ ਆਖਦੇ ਹਨ ਕਿ ਬਹਾਦਰਾਂ ਦਾ ਖ਼ੂਨ ਬਹਾਦੁਰ ਹੀ ਪੈਦਾ ਕਰਦਾ ਹੈ। ਸੋ ਬਹਾਦੁਰ ਅਮਰਜੀਤ ਸਿੰਘ ਦੇ ਚਾਰ ਜਹਾਜ਼ਾਂ ਵਿਚੋਂ ਆਪਣਾ ਜਹਾਜ਼ ਕੱਢ ਕੇ ਲੈ ਆਉਣ ਨਾਲ ਉਸਦੀ ਜੈ ਜੈ ਕਾਰ ਹੋ ਗਈ ਸੀ, ਇਸ ਖੁਸ਼ੀ ਭਰੀ ਖਬਰ ਦਾ ਜਦੋਂ ਘਰ ਸੁਨੇਹਾ ਆਇਆ ਤਾਂ ਲੋਕ ਵਧਾਈਆਂ ਲੈ ਲੈ ਕੇ ਆਏ, ਘਰ ਘਰ ਲੱਡੂ ਵੰਡੇ ਘਰ ਆਇਆ ਨੂੰ ਪ੍ਰਸੰਨ ਕੀਤਾ। ਉਸ ਵਕਤ ਦੀ ਬਹਾਦੁਰੀ ਕਰਨ ਤੇ ਅਮਰਜੀਤ ਸਿੰਘ ਨੂੰ 'ਵਾਯੂ ਸੈਨਾ' ਦਾ ਮੈਡਲ ਪ੍ਰਾਪਤ ਹੋਇਆ। ਸਰਕਾਰ ਵਲੋਂ ਅਮਰਜੀਤ ਦੀ ਰਿਹਾਇਸ਼ ਉਸ ਵਕਤ ਅੰਬਾਲੇ ਵਿਚ ਸੀ ਤੇ ਪੋਸਟਿੰਗ ਇਲਾਹਾਬਾਦ ਸੀ। ਪੁੱਤਰ ਦੀ ਇਸ ਬਹਾਦਰੀ ਨੇ ਮਾਪਿਆਂ ਦਾ ਸਿਰ ਹੋਰ ਵੀ ਉਚਾ ਕਰ ਦਿੱਤਾ ਸੀ।

ਸੰਧੂ ਪਰਿਵਾਰ ਦੀ ਸੀ ਕੁਲ ਸੁੱਚੀ ਹੋਈ,
ਬਾਪੂ ਜੀ ਦੀ ਪੱਗ ਵੀ ਸੀ ਹੋਰ ਉਚੀ ਹੋਈ
ਜਦੋਂ ਖੁਸ਼ੀਆਂ ਦੀ ਘਰ ਵਿਚ ਤਾਰ ਆ ਗਈ
ਭੈਣਾਂ ਅਤੇ ਵੀਰਾਂ ਕੋਲੋਂ ਖੁਸ਼ੀ ਨਾ ਸੰਭਾਲ ਹੋਵੇ,
ਬਾਗਾਂ ਵਿਚ ਝੂਮਦੀ ਬਹਾਰ ਆ ਗਈ
ਮੋਗੀਵਾਲਾ ਪਿੰਡ ਪਿੰਡਾਂ ਵਿਚੋਂ ਸਿਰਮੌਰ ਹੋਇਆ,
ਜਗ ਵਿਚ ਇਹਦਾ ਕੋਈ ਸਾਨੀ ਨਾ
ਲਖ ਵੇਰ ਕਰੋ ਪ੍ਰਣਾਮ ਇਸ ਧਰਤੀ ਨੂੰ,
ਸੂਰਮੇ ਦੀ ਭੁਲਿਓ ਕਹਾਨੀ ਨਾ
ਜਿਨ੍ਹਾਂ ਗਲੀਆਂ ਦੇ ਵਿਚ ਹਾਸਿਆਂ ਦੀ ਮਹਿਕ ਵੰਡੀ,
ਉਨ੍ਹਾਂ ਵਿਚ ਖੁਸ਼ੀ ਸੀ ਅਪਾਰ ਆ ਗਈ।
ਭੈਣਾਂ ਅਤੇ ਵੀਰ ਕੋਲੋਂ ਖੁਸ਼ੀ ਨਾ ਸੰਭਾਲ ਹੋਵੇ,
ਬਾਗਾਂ ਵਿਚ ਝੂਮਦੀ ਬਹਾਰ ਆ ਗਈ।
ਪੁੱਤਰਾਂ ਦੇ ਜੰਮਣੇ ਤੇ ਜਿੱਤਾਂ ਦੀਆਂ ਖੁਸ਼ੀਆਂ ਵੀ,
ਦਿਲਾਂ ਤਾਈ ਦੇਂਦੀਆਂ ਹੁਲਾਰੇ ਨੇ,
ਜੱਗ ਵਿਚ ਰੋਸ਼ਨੀ ਖਲਾਰਦੀਆਂ ਐਉਂ,
ਜਿਵੇਂ ਅੰਬਰਾਂ ਦੇ ਉਤੇ ਚੰਨ ਤਾਰੇ ਨੇ,
ਦੇਸ਼ ਦੀ ਅਜ਼ਾਦੀ ਦਾ ਵੀ ਮੁਲ ਉਹੋ ਜਾਨਦੇ ਨੇ,
ਜਿਨਾਂ ਨੂੰ ਅਜ਼ਾਦੀਆਂ ਦੀ ਸਾਰ ਆ ਗਈ।
ਭੈਣਾਂ ਅਤੇ ਵੀਰਾਂ ਕੋਲੋਂ ਖੁਸ਼ੀ ਨਾ ਸੰਭਾਲ ਹੋਵੇ,
ਬਾਗਾਂ ਵਿਚ ਝੂਮਦੀ..............................
ਪੁਛੋ ਜਾ ਕੇ ਉਹਨਾਂ ਕੋਲੋਂ, ਦੁਖਾਂ ਦਿਆਂ ਮਾਰਿਆਂ ਤੋਂ,
ਜਿਨਾਂ ਸੀ ਗੁਲਾਮੀ ਤਾਈਂ ਤੱਕਿਆ

ਖਾਧੀਆ ਅਨੇਕ ਮਾਰਾਂ, ਫਾਂਸੀਆਂ ਦੇ ਫੰਦ ਪਾਏ,
'ਜੇ.ਕੇ.ਸੰਧੂ' ਪੋਟਾ ਪੋਟਾ ਕੱਟਿਆ।
ਮਾਰੀ ਹੋਈ ਮਾਰ ਉਤੇ ਅਸੀਂ ਵੀ ਦਲੇਰ ਹੋਏ,
ਆਖਦੇ ਹਾਂ ਸਾਡੀ ਸਰਕਾਰ ਆ ਗਈ।
ਭੈਣਾਂ ਅਤੇ ਵੀਰਾਂ ਕੋਲੋਂ ਖੁਸ਼ੀ ਨਾ ਸੰਭਾਲ ਹੋਵੇ,
ਬਾਗਾਂ ਵਿਚ ਝੂਮਦੀ ਬਹਾਰ ਆ ਗਈ।

੧੯੭੧ ਦੇ ਜੰਗ ਵਿਚ ਵੀਰ ਅਮਰਜੀਤ ਸੰਧੂ ਨੇ ਹੋਰ ਵੀ ਬਹੁਤ ਕਾਰਨਾਮੇ ਤੇ ਬਹਾਦਰੀਆਂ ਵਿਖਾਈਆਂ, ਜਿਸ ਕਰਕੇ ਉਹਨਾਂ ਨੂੰ ਹੋਰ ਵੀ, "ਵਸ਼ੇਸ਼ ਮੈਡਲ" ਦਾ ਇਨਾਮ ਮਿਲਿਆ।

ਇਸ ਤਰ੍ਹਾਂ ਦੀਆਂ ਬਹਾਦਰੀਆਂ ਵਿਖਾਉਣ ਸਦਕਾ ਉਹਨਾਂ ਦੀ ਬਹਾਦਰੀ ਦੁਸ਼ਮਣ ਦੀ ਅੱਖ ਵਿਚ ਰੋੜ ਬਣ ਕੇ ਚੁੱਭਣ ਲੱਗ ਪਈ ਸੀ, ਜੀਹਦੇ ਕਰਕੇ ਪਾਕਿਸਤਾਨ ਸਰਕਾਰ ਨੇ ਉਸਦੇ ਮਾਰਣ ਦਾ ਇਨਾਮ ਇਕ ਲੱਖ ਰੁਪਿਆ ਰਖਿਆ ਸੀ ਜੋ ਕਿ ਉਸ ਵਕਤ ਇਕ ਲੱਖ ਵੀ ਦਸ ਲੱਖ ਵਰਗਾ ਸੀ।

ਬਹਾਦੁਰ ਅਮਰਜੀਤ ਸਿੰਘ ਆਪਣੀ ਬਹਾਦਰੀ ਵਿਚ ਮਸਤ ਸੀ ਉਹਨੂੰ ਨਹੀਂ ਸੀ ਪਤਾ ਕਿ ਉਸ ਦੀ ਜ਼ਿੰਦਗੀ ਦੀ ਕਹਾਣੀ ਹੁਣ ਕਿਸੇ ਹੋਰ ਹੀ ਮੋੜ ਦਾ ਰੁੱਖ ਕਰ ਰਹੀ ਸੀ।

ਅੱਸੂ ਦੀ ਠੰਡੀ ਮਿਠੀ ਬਹਾਰ ਸੀ, ਅਮਰਜੀਤ ਸਿੰਘ ਕੁਛ ਦਿਨਾਂ ਦੀ ਛੁੱਟੀ ਲੈ ਕੇ ਅੰਬਾਲੇ ਆਪਣੇ ਬੱਚਿਆਂ ਨੂੰ ਮਿਲਣ ਵਾਸਤੇ ਆਇਆ। ਉਸ ਵਕਤ ਉਹਨਾਂ ਦਾ ਛੋਟਾ ਬੇਟਾ ਅਜੈਪਾਲ ਸਿੰਘ ਅੱਠ ਮਹੀਨੇ ਦਾ ਸੀ, ਲੜਾਈ ਅਜੇ ਮੁਕੀ ਨਹੀਂ ਸੀ ਅਮਰਜੀਤ ਸਿੰਘ ਦੇ ਅਜੇ ਛੁੱਟੀ ਦੇ ਦਿਨ ਮੁਕੇ ਨਹੀਂ ਸਨ ਕਿ ਪਿਛੋਂ ਤਾਰ ਆ ਗਈ, ਸਰਕਾਰ ਨੇ ਅਮਰਜੀਤ ਸਿੰਘ ਨੂੰ ਸੱਦ ਲਿਆ, ਭਾਬੀ ਜੀ ਨੇ ਕਿਹਾ "ਛੁਟੀਆਂ ਤਾਂ ਪੂਰੀਆਂ ਕਰ ਲਵੋ" ਪਰ ਅਮਰਜੀਤ ਸਿੰਘ ਨੇ ਜਵਾਬ ਦਿੱਤਾ ਕਮਲੀਏ...

ਜਦੋਂ ਦੇਸ਼ ਤੇ ਸੰਕਟ ਬਣਦਾ ਏ,
ਉਦੋਂ ਪੈਂਦੀ ਲੋੜ ਸ਼ਹੀਦਾਂ ਦੀ,
ਕੋਈ ਵਿਰਲਾ ਸਿਰ ਦੀ ਲਾ ਬਾਜੀ,
ਕਟਦਾ ਏ ਥੋੜ ਸ਼ਹੀਦਾਂ ਦੀ
ਕੋਈ ਸੂਰਬੀਰ ਦਿਲ ਵਾਲਾ ਹੀ,
ਜਿੰਦ ਜਾਨ ਦੀ ਬਾਜੀ ਲਾਉਂਦਾ ਏ,
ਜੋ ਦੇਸ਼ ਦੀ ਖਾਤਿਰ ਲੜਦਾ ਹੈ,
ਉਹ ਸੂਰਬੀਰ ਕਹਿਲਾਉਂਦਾ ਏ।
ਉਹ ਆਪਣੇ ਸ਼ਮਾ ਤੇ ਜਾ ਸੜਦੇ,
ਨਾ ਰਹੇ ਗੁੰਜਾਇਸ਼ ਤਾਕੀਦਾਂ ਦੀ,
ਜਦ ਦੇਸ਼ ਤੇ ਸੰਕਟ ਬਣਦਾ ਏ,
ਪੈਂਦੀ ਏ ਲੋੜ ਸ਼ਹੀਦਾਂ ਦੀ।
ਉਹ ਗੋਦ ਸੁਲਖਣੀ ਕਹਿੰਦੇ ਨੇ,
ਜੋ ਅਣਖੀ ਸੂਰੇ ਜੰਮਦੀ ਏ,
ਜੋ ਅੰਨ ਦੇ ਦੁਸ਼ਮਣ ਜੰਮਦੀ ਏ,
ਉਹ ਕੋਖ ਕਿਸੇ ਨਾ ਕੰਮ ਦੀ ਏ।
ਸਿਰ ਦੇ ਕੇ ਯਾਰ ਮਨਾਉਣਾ ਏ,
ਬਾਕੀ ਹੈ ਖੇਡ ਨਸੀਬਾਂ ਦੀ
ਜਦ ਦੇਸ਼ ਤੇ ਸੰਕਟ ਬਣਦਾ ਏ
ਪੈਂਦੀ ਏ ਲੋੜ ਸ਼ਹੀਦਾਂ ਦੀ
ਜੋ ਅਣਖ ਦੀ ਖਾਤਿਰ ਜੀਉਂਦੇ ਨੇ,
ਤੇ ਅਣਖ ਦੀ ਖਾਤਿਰ ਮਰਦੇ ਨੇ
ਜੋ 'ਜੇ.ਕੇ.ਸੰਧੂ' ਦੇਸ਼ ਲਈ
ਜਿੰਦ ਜਾਨ ਤਲੀ ਤੇ ਧਰਦੇ ਨੇ।
ਉਹ ਸਿਧੀ ਟਿਕਟ ਕਟਾਉਂਦੇ ਨੇ,
ਨਾ ਪੈਂਦੀ ਲੋੜ ਰਸੀਦਾਂ ਦੀ
ਜਦ ਦੇਸ਼ ਤੇ ਸੰਕਟ ਬਣਦਾ ਏ
ਤਾਂ ਪੈਂਦੀ ਲੋੜ ਸ਼ਹੀਦਾਂ ਦੀ

ਅਮਰਜੀਤ ਸਿੰਘ ਦਾ ਜਵਾਬ ਸੁਣ ਕੇ ਚਰਨਜੀਤ ਦਾ ਦਿਲ ਧੜਕਣ ਲੱਗਾ। ਅਖਾਂ ਭਰ ਆਈਆਂ। ਪਤਾ ਨਹੀਂ ਕੀ ਹੋਣ ਵਾਲਾ ਏ, ਉਹਦੇ ਮਨ ਵਿਚ ਆਈ, "ਨਹੀਂ..." ਅਮਰਜੀਤ ਨਹੀਂ। ਚਰਨਜੀਤ ਦੀਆਂ ਭਰੀਆਂ ਅੱਖਾਂ ਵਲ ਵੇਖ ਕੇ ਕਿਹਾ ਪੂੰਝ ਸੁੱਟ ਇਹ ਅੱਥਰੂ... ਇਕ ਬਹਾਦਰ ਸੂਰਬੀਰ ਦੀ ਪਤਨੀ ਹੋ ਕੇ..." ਤੇ ਅਮਰਜੀਤ ਸਿੰਘ ਨੇ ਚਰਨਜੀਤ ਦੇ ਅੱਥਰੂ ਪੂੰਝ ਸੁੱਟੇ ਸਨ ਤੇ ਫਿਰ ਭਰੀਆਂ ਅੱਖਾਂ ਨਾਲ, ਜੋ ਕਿ ਇਕ ਬਹਾਦਰੀ ਪਤਨੀ ਹੋਣ ਕਰਕੇ ਸ਼ਾਇਦ ਕਿਸੇ ਚੰਗੀ ਸੋਚ ਸਦਕਾ ਹੀ ਅੱਖੀਆਂ 'ਚ ਜਲ ਭਰ ਆਇਆ ਹੋਵੇ। ਚਰਨਜੀਤ ਨੇ ਆਪਣੇ ਬਹਾਦਰ ਪਤੀ ਨੂੰ ਫਿਰ ਚਲਦੇ ਜੰਗ ਵਲ ਤੋਰ ਦਿੱਤਾ ਸੀ। ਅਮਰਜੀਤ ਸਿੰਘ ਫਿਰ ਆਪਣੇ ਫੋਰਸ ਵਿਚ ਜਾਂ ਹਾਜ਼ਿਰ ਹੋਇਆ ਉਨ੍ਹਾਂ ਨੂੰ ਕੀ ਪਤਾ ਸੀ ਕਿ ਹੋਣੀ ਉਸਦਾ ਰਾਹ ਵੇਖ ਰਹੀ ਹੈ।

ਸਾਹਿਬ ਦੇ ਹੁਕਮ ਨਾਲ ਉਸਦੇ ਜਹਾਜ਼ ਦੀ ਸਫ਼ਾਈ ਕਰਵਾਈ ਗਈ ਸਫਾਈ ਹੋ ਰਹੀ ਸੀ, ਤੇ ਉਹ ਅਤੀਤ ਵਿਚ ਕਿਸੇ ਡੂੰਘੀ ਸੋਚ ਵਿਚ ਜਾ ਡੁੱਬਾ ਸੀ ਜਦੋਂ ਪਿਛਲੇ ਸਾਲ ਦੁਸ਼ਮਣ ਦੇ ਘੇਰੇ ਵਿਚ ਆ ਕੇ ਉਸਦੇ ਬਹੁਤ ਯਤਨ ਕਰਨ ਤੇ ਵੀ ਉਹ ਨਿਕਲ ਨਹੀਂ ਸੀ ਸਕਿਆ ਤੇ ਜਹਾਜ਼ ਨੂੰ ਬੇਵੱਸ, ਪਾਕਿਸਤਾਨ ਦੇ ਅੱਡੇ ਤੇ ਉਤਾਰਨਾ ਪਿਆ ਸੀ, ਤੇ ਫੋਰਸ ਦੇ ਪਾਕਿਸਤਾਨੀ ਪਾਇਲਟ ਕੁਛ ਮਖੌਲ ਦੇ ਅੰਦਾਜ਼ ਵਿਚ ਉਹਨੂੰ ਕਹਿੰਦੇ ਸਨ ਕਿਉਂ ਅਮਰਜੀਤ

Namdhari Elibrary NamdhariElibrary@gmail.com

ਸਿੰਘ ਸੰਧੂ ਤੂੰ ਹੀ ਏਂ? ਤੇ ਇਸ ਨੇ ਜਵਾਬ ਦਿੱਤਾ ਸੀ "ਹਾਂ ਅਮਰਜੀਤ ਸਿੰਘ ਸੰਧੂ ਮੈਂ ਹੀ ਹਾਂ" ਤੇ ਉਹ ਆਪਸ ਵਿਚ ਗੱਲਾਂ ਕਰਦੇ ਤੇ ਹੱਸਦੇ ਜਾ ਰਹੇ ਸਨ, ਏਨੇ ਚਿਰ ਨੂੰ ਉਸ ਅੱਡੇ ਤੇ ਇਕ ਜਹਾਜ਼ ਆ ਕੇ ਰੁਕਿਆ, ਜਿਸ ਨੂੰ ਚਲਾਉਣ ਵਾਲਾ ਉੱਤਰ ਕੇ ਉਹਨਾਂ ਸਾਰਿਆਂ ਦੇ ਵਿਚ ਜਾ ਬੈਠਾ ਸੀ ਪਰ ਜਹਾਜ਼ ਸਟਾਰਟ ਹੀ ਸੀ ਸ਼ਾਇਦ ਫੇਰ ਕਿਸੇ ਲੈ ਕੇ ਜਾਣਾ ਸੀ ਪਰ ਅਮਰਜੀਤ ਨੇ ਮੌਕਾ ਤਾੜਿਆ ਤੇ ਝੱਟ ਪੱਟ ਹੀ ਜਹਾਜ਼ ਵਿਚ ਜਾ ਬੈਠਾ ਤੇ ਸਾਰਿਆਂ ਦੇ ਵੇਖਦਿਆਂ ਵੇਖਦਿਆਂ ਤੇ ਭੱਜਦੇ ਹੋਇਆ ਨੂੰ ਜਹਾਜ਼ ਅਕਾਸ਼ ਵਿਚ ਉਡਾਰੀਆਂ ਮਾਰ ਗਿਆ ਸੀ, ਉਹ ਆਪਣੇ ਜਹਾਜ਼ ਦੇ ਥਾਂ ਤੇ ਪਾਕਿਸਤਾਨ ਦਾ ਜਹਾਜ਼ ਲੈ ਆਇਆ ਸੀ, ਤੇ ਵਾਇਰਲੈਸ ਕਰਕੇ ਉਸਨੂੰ ਆਪਣੇ ਭਾਰਤੀ ਅੱਡੇ ਤੇ ਲਾਹੁਣ ਦਾ ਇੰਤਜ਼ਾਮ ਕਰ ਲਿਆ ਸੀ, ਉਸ ਵਕਤ ਵੀ ਉਸਨੇ ਸਰਕਾਰ ਪਾਸੋਂ ਬਹੁਤ ਖੁਸ਼ੀਆਂ ਤੋਂ ਇਨਾਮ ਪ੍ਰਾਪਤ ਕੀਤੇ ਸਨ, ਤੇ ਹੁਣ ਜੰਗ ਜ਼ੋਰਾਂ ਤੇ ਸੀ ਤੇ ਉਹ ਜਾਣ ਵਾਲਾ ਸੀ ਆਪਣੀ ਭਾਰਤ ਮਾਂ ਦੀ ਰਖਵਾਲੀ ਲਈ ਜਹਾਜ਼ ਲੈ ਕੇ..."।

ਜਹਾਜ਼ ਦੀ ਸਫ਼ਾਈ ਕਰਕੇ ਚੈਕ ਵੀ ਕੀਤਾ ਗਿਆ ਤੇ ਫੇਰ ਪਤਾ ਨਹੀਂ ਕਦੋਂ ਤੇ ਕਿਹੜੇ ਵੇਲੇ ਹੋਣੀ ਆ ਕੇ ਉਸ ਸੂਰਮੇ ਦੇ ਨਾਲ ਆ ਕੇ ਉਸਦੇ ਜਹਾਜ਼ ਵਿਚ ਬਹਿ ਗਈ, ਉਹਨਾਂ ਨੇ ਜਹਾਜ਼ ਦੀ ਉਡਾਨ ਭਰੀ, ਪਰ ਕੁਛ ਹੀ ਪਲਾਂ ਵਿਚ ਵਾਇਰਲੈਸ ਆ ਗਈ ਕਿ ਮੇਰਾ ਤਾਂ ਦਮ ਘੁਟਦਾ ਜਾ ਰਿਹਾ ਹੈ ਪਤਾ ਨਹੀਂ ਕਿਹੋ ਜਿਹੀ ਗੈਸ ਮੇਰੇ ਜਹਾਜ਼ ਵਿਚ ਰਖੀ ਗਈ ਹੈ?"

ਅਗੋਂ ਉਹਨਾਂ ਨੂੰ ਜਵਾਬ ਮਿਲਿਆ ਕਿ ਉਹ ਆਪਣਾ ਜਹਾਜ਼ ਛੇਤੀ ਤੋਂ ਟਾਇਮ ਤੋਂ ਪਹਿਲਾਂ ਹੀ ਅੱਡੇ ਤੇ ਲੈ ਆਉਣ ਪਰ ਅਗੋਂ ਕੋਈ ਉੱਤਰ ਨਾ ਮਿਲਿਆ। ਜਹਾਜ਼ ਬੇਕਾਬੂ ਹੋ ਕੇ ਧਰਤੀ ਦੀ ਕੁੱਖ ਵਿਚ ਧੱਸ ਚੁੱਕਾ ਸੀ। ਜਿਸ ਧਰਤੀ ਮਾਂ ਦੀ ਕੁੱਖ ਵਿਚੋਂ ਬਹਾਦਰ ਸੂਰਮੇ ਨੇ ਜਨਮ ਲਿਆ ਸੀ ਉਸੇ ਧਰਤੀ ਮਾਂ ਦੀ ਕੁੱਖ ਵਿਚ ਉਹ ਸਮਾ ਗਿਆ ਸੀ।

ਉਹਨਾਂ ਦੇ ਬਹਾਦਰ ਸਰੀਰ ਦਾ ਕੋਈ ਅੰਗ ਮਿਲਿਆ ਜਾਂ ਨਾ, ਪਰ ਵੇਖਣ ਵਾਸਤੇ ਉਹਨਾਂ ਨੇ ਇਕ ਬੋਡੀ ਬੌਕਸ ਰਖਿਆ ਸੀ, ਜਿਸਦਾ ਸਸਕਾਰ ਕੀਤਾ ਗਿਆ ਸੀ। ਘਰ ਸੁਨੇਹਾ ਆ ਗਿਆ। ਖੁਸ਼ੀਆਂ ਅਲੋਪ ਹੋ ਗਈਆਂ, ਹੱਸਦੇ ਖੇਡਦੇ ਵਿਹੜੇ ਵਿਚ ਸੋਗ ਛਾ ਗਿਆ ਸੀ, ਅੰਬਰ ਵੀ ਰੋਇਆ ਤੇ ਧਰਤੀ ਵੀ ਰੋਈ ਤੂੰ ਦੱਸਦੇ ਖੁਦਾ ਇਹ ਹੋਣੀ ਕੀ ਹੋਈ।

ਵੀਰ ਬਹਾਦੁਰ ਅਮਰਜੀਤ ਸਿੰਘ ਸੰਧੂ ਦੀ ਬਹਾਦਰੀ ਅਮਰ ਰੱਖਣ ਵਾਸੇਤ ਗੌਰਮਿੰਟ ਨੇ ਉਨ੍ਹਾਂ ਦਾ ਸਰਸੇ ਸ਼ਹਿਰ ਵਿਚ ਬੁੱਤ ਮਨਜ਼ੂਰ ਕੀਤਾ ਸੀ, ਉਨ੍ਹਾਂ ਦੇ ਨਾਂ ਤੇ ਪਿੰਡ ਵਿਚ ਮੇਲਾ ਲੱਗਣ ਲੱਗਾ, ਉਨ੍ਹਾਂ ਦੇ ਪਵਿੱਤਰ ਨਾ ਉਤੇ ਪਿੰਡ ਮੋਰੀਵਾਲੇ ਦਾ ਨਾਂ ਅਮਰਜੀਤਪੁਰਾ ਰਖਿਆ ਗਿਆ ਤੇ ਮੋਰੀਵਾਲੇ ਨਾਂ ਦਾ ਬੋਰਡ ਲਾਹ ਕੇ 'ਅਮਰਜੀਤਪੁਰਾ' ਦਾ ਬੋਰਡ ਬਸ ਸਟੈਂਡ ਉਤੇ ਲਾਇਆ ਗਿਆ ਪਰ ਅਫਸੋਸ ਕਿ 'ਸਾਈਆਂ ਬਾਝੋਂ ਸਾਉਣ ਤਰਹਾਈਆਂ' ਵਾਲੀ ਗੱਲ ਹੋਈ ਉਸ ਸੂਰਬੀਰ ਯੋਧੇ ਦੀ ਸੂਰਬੀਰਤਾ ਦੀ ਪੈਰਵਾਈ ਕਰਨ ਵਾਲਾ ਉਸ ਪਿੰਡ ਵਿਚ ਹੀ ਕੋਈ ਨਹੀਂ ਸੀ ਰਿਹਾ। ਜਿਨਾਂ ਦੀ ਕੋਸ਼ਿਸ਼ ਨਾਲ ਸਭ ਕੁਝ ਹਾਸਿਲ ਹੋਇਆ ਸੀ। ਉਹਨਾਂ ਦੇ ਸੁਪਨੇ ਵੀ ਸੁਪਨੇ ਬਣ ਕੇ ਰਹਿ ਗਏ ਉਹਨਾਂ ਦੇ ਵੱਡੇ ਵੀਰ ਜੀ ਸ. ਬਲਦੇਵ ਸਿੰਘ ਹੋਰਾਂ ਦੀ ਕੀਤੀ ਹੋਈ ਮੇਹਨਤ ਵੀ ਐਵੇਂ ਹੀ ਚਲੀ ਗਈ ਜਦੋਂ ਕਿ ਉਹ ਆਪ ਹੀ ਦੋ ਛੋਟੇ ਵੀਰ ਤੇ ਜਵਾਨ ਪੁੱਤਰ ਦੀ ਮੌਤ ਨੂੰ ਵੀ ਝੋਲੀ ਵਿਚ ਪਾ ਕੇ ਕੁਛ ਕਰਨ ਨੂੰ ਤਿਆਰ ਸੀ, ਪਰ ਨਰ ਚਾਹਤ ਕਿਛੁ ਔਰ, ਔਰੇ ਕੀ ਔਰੇ ਭਈ ਦੇ ਮਹਾਂਵਾਕ ਅਨੁਸਾਰ ਨਕੋੜੇ ਆਪਣੇ ਰਿਸ਼ਤੇਦਾਰਾਂ ਦੇ ਘਰ ਗਏ ਤੇ ਉਥੇ ਹੀ ਹਾਰਟ ਅਟੈਕ ਹੋਣ ਕਰਕੇ ਇਸ ਦੁਨੀਆਂ 'ਚੋਂ ਚਲੇ ਗਏ। ਹਰਿਆਣਾ ਸਰਕਾਰ ਭਜਨ ਲਾਲ ਨੇ ਉਸ ਵਕਤ ੫੦੦੦੦ ਰੁਪਿਆ ਅਮਰਜੀਤ ਦੀ ਬਹਾਦਰੀ ਦਾ ਚਰਨਜੀਤ ਹੋਰਾਂ ਨੂੰ ਦਿੱਤਾ, ਤੇ ਨਾਲ ਹੀ ਢਾਈ ਹਜ਼ਾਰ ਰੁਪਿਆ ਮਹੀਨਾ ਉਨ੍ਹਾਂ ਦੀ ਪੈਨਸ਼ਨ ਲਾ ਦਿੱਤੀ। ੯੦੦ ਰੁਪਿਆ ਵੀਰ ਚੱਕਰ ਦਾ ਸਲਾਨਾ ਇਨਾਮ ਰੱਖਿਆ। ਬੱਚਿਆਂ ਨੂੰ ਅਠਾਰਾਂ ਸਾਲ ਤੱਕ ਪੜ੍ਹਨ ਵਾਸਤੇ ਪੈਨਸ਼ਨ ਲਾ ਦਿੱਤੀ। ਇਸ ਤਰ੍ਹਾਂ ਅਮਰਜੀਤ ਸਿੰਘ ਸੰਧੂ ਆਪਣੀਆਂ ਅਨੇਕ ਹੀ ਯਾਦਾਂ ਇਸ ਧਰਤੀ ਤੇ ਖਲਾਰ ਗਿਆ ਸੀ।

ਉਨ੍ਹਾਂ ਦੀ ਮਾਤਾ 'ਜਿਨਾਂ ਨੂੰ ਸੱਚੇ ਪਾਤਸ਼ਾਹ ਜੀ ਵੀ ਬੀਬੀ ਤਾਰੋ ਕਹਿ ਕੇ ਤਾਰਦੇ ਸਨ ਉਹ ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਯਾਦ ਕਰਦੇ ਤਾਂ ਉਹਨਾਂ ਦੀਆਂ ਅੱਖਾਂ ਵਿਚੋਂ ਪ੍ਰੇਮ ਦੇ ਮੋਤੀ ਕਿਰਨ ਲੱਗ ਜਾਂਦੇ, ਉਹ ਭੈਣ ਨਾਨਕੀ ਵਾਂਗ ਲੰਗਰ ਤਿਆਰ ਕਰਕੇ ਆਪਣੇ ਨਾਨਕ ਨੂੰ ਯਾਦ ਕਰਦੇ ਤਾਂ ਉਹਨਾਂ ਦੀ ਰੂਹਾਨੀ ਤਾਰ ਖੜਕ ਜਾਂਦੀ ਤੇ ਸੱਚੇ ਪਾਤਸ਼ਾਹ ਉਸਦੀ ਭਗਤੀ ਪੂਰੀ ਕਰਕੇ ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਨਾਨਕ ਰਾਮ ਕ੍ਰਿਸਨ ਬਣ ਕੇ ਉਸਦੇ ਪ੍ਰੇਮ ਦੇ ਖਿਚੇ ਹੋਏ ਉਸਦੇ ਸਾਮਹਣੇ ਆ ਖਲੋਂਦੇ।

ਧੰਨ ਸੀ ਉਹ ਮਾਤਾ 'ਤਾਰੋ ਗੁਰੂ ਘਰ ਤੇ ਭਰੋਸਾ ਰੱਖਣ ਵਾਲੀ ਸਿਦਕਵਾਨ ਜਿਨਾਂ ਨੇ ਆਪਣੇ ਪੁੱਤਰਾਂ ਦੀ ਮੌਤ ਤੇ ਇਕ ਵੀ ਅੱਥਰੂ ਨਹੀਂ ਸੀ ਸੁਟਿਆ ਸਗੋਂ ਸਭ ਦੇ ਸਿਰ ਤੇ ਹੱਥ ਫੇਰ ਕੇ ਇਹੋ ਹੀ ਕਹਿ ਕੇ ਹੌਸਲਾ ਦੇਂਦੇ ਸਨ ਕਿ ਬੀਬਾ ਅਕਾਲ ਪੁਰਖ ਦਾ ਭਾਣਾ ਮੰਨੋ, ਆਪਣਾ ਕੁਛ ਨਹੀਂ, ਸਭ ਕੁਝ ਹੀ ਉਸ ਮਾਲਕ ਦਾ ਹੈ ਤੇ ਫਿਰ ਉਹ ਵੈਰਾਗ ਵਿਚ ਕਹਿਣ ਲੱਗ ਪੈਂਦੇ-

ਦਾਤਿਆ,...ਮੇਰਾ ਮੁਝ ਮੇਂ ਕੁਝ ਨਹੀਂ ਜੋ ਕੁਝ ਹੈ ਸੋ ਤੇਰਾ
ਤੇਰਾ ਤੁਝਕੋ ਸੌਂਪ ਤੇ ਕਿਆ ਲਾਗੇ ਮੇਰਾ।
ਮੇਰੀ ਕਲਮ ਇਹ ਲਿਖਣੋਂ ਨਹੀਂ ਰਹਿ ਸਕਦੀ
ਦੇਸ਼ ਕੌਮ ਨਾਲ ਪਿਆਰ ਜਿਨਾਂ ਨੂੰ ਉਹ ਕਰਦੇ ਕੁਰਬਾਨੀ।
ਕੌਮੀ ਸ਼ਮਾਂ ਦੇ ਬਣ ਕੇ ਪਤੰਗੇ ਵਾਰ ਦੇਂਦੇ ਜ਼ਿੰਦਗਾਨੀ
ਅਮਰਜੀਤ ਸਿੰਘ ਵੀਰ ਬਹਾਦੁਰ ਗੱਭਰੂ ਸੀ ਅਣਖੀਲਾ।
ਦੁਸ਼ਮਣ ਦੇ ਨਾਲ ਰਿਹਾ ਜੂਝਦਾ ਸੂਰਬੀਰ ਫੁਰਤੀਲਾ
ਜਾਨ ਤਲੀ ਤੇ ਧਰ ਕੇ ਲੜਿਆ, ਸੂਰਾ ਉਹ ਲਾਸਾਨੀ।
ਦੇਸ਼ ਕੌਮ ਨਾਲ ਪਿਆਰ ਜਿਨਾਂ ਨੂੰ ਉਹ ਕਰਦੇ ਕੁਰਬਾਨੀ
ਸੰਧੂ ਕੁਲ ਦੀ ਉਹ ਰੁਸ਼ਨਾਈ, ਮਾਂ ਤਾਰੋ ਦਾ ਤਾਰਾ,
ਪਿਤਾ ਅਰਬੇਲ ਸਿੰਘ ਦਾ ਪੁੱਤਰ, ਅਮਰਜੀਤ ਸਿੰਘ ਪਿਆਰਾ
ਤਾਇਆ, ਉਸ ਤੇ ਸਦਕੇ ਜਾਂਦਾ, ਲਛਮਣ ਸਿੰਘ ਗਿਆਨੀ
ਦੇਸ਼ ਕੌਮ ਨਾਲ ਪਿਆਰ ਜਿਨਾਂ ਨੂੰ ਉਹ ਕਰਦੇ ਕੁਰਬਾਨੀ
ਬਲਦੇਵ ਸਿੰਘ ਸ਼ਿਵਦੇਵ ਸਿੰਘ ਸਨ ਦੋਵੇਂ ਵਡੇ ਵੀਰੇ
ਅਮਰਜੀਤ ਸੁਖਦੇਵ ਸੀ ਦੋਵੇਂ ਛੋਟੇ ਕੰਮ ਦੇ ਹੀਰੇ
ਵਿਹੜੇ ਵਿਚ ਸੀ ਰੌਣਕ ਲਾਉਂਦੇ ਕਰਦੇ ਬਹੁਤ ਸ਼ੈਤਾਨੀ
ਦੇਸ਼ ਕੌਮ ਨਾਲ ਪਿਆਰ ਜਿਨਾਂ ਨੂੰ ਉਹ ਕਰਦੇ ਕੁਰਬਾਨੀ।
ਹਸਮੁਖ ਸੀ ਸੁਖਦੇਵ ਦਾ ਚਿਹਰਾ, ਖਿੜਿਆ ਜਿਵੇਂ ਗੁਲਾਬ
ਮੁਖੜੇ ਵਲ ਸੀ ਜਿਹੜਾ ਵੇਂਹਦਾ, ਝਲ ਨਾ ਸਕਦਾ ਤਾਬ
ਉਨ੍ਹਈ ਸੌ ਸੀ ਚੌਂਠ, ਸਾਉਣ ਵਿਚ, ਉਹਦੀ ਮਿਟੀ ਨਿਸ਼ਾਨੀ
ਦੇਸ਼ ਕੌਮ ਨਾਲ ਪਿਆਰ ਜਿਨ੍ਹਾਂ ਨੂੰ, ਉਹ ਕਰਦੇ ਕੁਰਬਾਨੀ
ਅੰਬਰੀਂ ਉਡਦੇ ਵੀਰ ਦਾ ਲੱਗਾ, ਅਮਰਜੀਤ ਨੂੰ ਧੱਕਾ
ਦੇਸ਼ ਦੀ ਖਾਤਿਰ ਜਾਨ ਦਿਆਂਗਾ, ਲਿਆ ਇਰਾਦਾ ਪੱਕਾ
ਛੋਟਾ ਵੀਰ ਦੇ ਗਿਆ ਧੋਖਾ, ਰਹੀ ਨਾ ਕੋਈ ਰਵਾਨੀ।
ਸੂਰਬੀਰ ਦਾ ਖੂਨ ਖੌਲਿਆ ਫਰਕਣ ਲੱਗੇ ਡੌਲੇ,
ਜੰਗ ੧੯੬੫ 'ਚ ਲੱਗਿਆ ਅੰਬਰੋ ਸੁਟੇ ਗੋਲੇ
ਦੁਸ਼ਮਣ ਦੇ ਦੰਦ ਖਟੇ ਕਰਨੇ, ਦਿਲ ਦੇ ਵਿਚ ਸੀ ਠਾਨੀ
ਦੇਸ਼ ਕੌਮ ਨਾਲ ਪਿਆਰ ਜਿਨ੍ਹਾਂ ਨੂੰ, ਉਹ ਦੇਂਦੇ ਕੁਰਬਾਨੀ
ਚਾਰ ਵੀਰ ਸਨ ਦੋ ਭੈਣਾਂ ਦੇ, ਜਿੰਦ ਜਾਨ ਤੋਂ ਪਿਆਰੇ
ਇਂਞ ਉਹ ਵਾਰੋ ਵਾਰੀ ਮਿਟ ਗਏ, ਜਿਉਂ ਅੰਬਰਾਂ ਦੇ ਤਾਰੇ
'ਜੇ. ਕੇ. ਸੰਧੂ' ਬਹਾਰਾਂ ਰੁਸੀਆਂ, ਰੁਸ ਗਈ ਚੜ੍ਹੀ ਜਵਾਨੀ
ਦੇਸ਼ ਕੌਮ ਨਾਲ ਪਿਆਰ ਜਿਨ੍ਹਾਂ ਨੂੰ, ਉਹ ਕਰਦੇ ਕੁਰਬਾਨੀ
ਕੌਮ ਸ਼ਮਾਂ ਦੇ ਬਣ ਕੇ ਪਤੰਗੇ, ਵਾਰ ਦੇਂਦੇ ਜ਼ਿੰਦਗਾਨੀ

*ਐਲਨਾਬਾਦ, ਨਮਸਤੇ ਚੌਕ*
*ਮਮੇਰਾਂ ਰੋਡ, ਜ਼ਿਲ੍ਹਾ ਸਿਰਸਾ (ਹਰਿਆਣਾ)*
*ਮੋਬ-੦੯੦੬੮੮੦੪੧੦੪*

# "ਪੰਜਾਬੀ ਪਾਠਕ ਅਤੇ ਸੁਨਹਿਰੀ ਕਿੰਗਰਿਆਂ ਦਾ ਫ਼ਿਕਰ"



ਭੂਪਿੰਦਰ ਉਸਤਾਦ

੧੪ ਅਪ੍ਰੈਲ ਦੀ ਟ੍ਰਿਬਿਊਨ ਵਿਚ ਦੋ ਲੇਖ ਪੜ੍ਹਨ ਨੂੰ ਮਿਲੇ। ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਜੀ ਦਾ 'ਪੰਜਾਬੀ ਵਿਚ ਪਾਠਕ ਸੰਕਟ' ਅਤੇ ਡਾ. ਗੁਰਮਿੰਦਰ ਸਿੱਧੂ ਜੀ ਦਾ 'ਕਾਲੇ ਬੱਦਲ ਸੁਨਹਿਰੀ ਕਿੰਗਰੇ'। ਨਾਮ ਵੀ ਸਿੱਧੂ ਜੀ ਕਵਿਤਾ ਵਰਗਾ ਹੈ। ਦੋਹਾਂ ਨੇ ਆਪਣੇ ਆਪਣੇ ਢੰਗ ਨਾਲ ਪੰਜਾਬੀ ਦੇ ਲੋਪ ਹੋਣ ਸਬੰਧੀ ਫਿਕਰਮੰਦੀ ਜ਼ਾਹਰ ਕੀਤੀ ਹੈ। ਪੰਜਾਬੀ ਪਿਆਰਿਆਂ ਲਈ ਇਹ ਹੈ ਵੀ ਫ਼ਿਕਰ ਵਾਲੀ ਗੱਲ। ਪ੍ਰੋ. ਸਾਹਿਬ ਦਾ ਫਿਕਰ ਹੈ ਕਿ ਪੰਜਾਬੀ ਪਾਠਕਾਂ ਦਾ ਗ੍ਰਾਫ ਹੇਠਾਂ ਵੱਲ ਨੂੰ ਜਾ ਰਿਹਾ ਹੈ। ਇਹ ਹੈ ਵੀ ਚਿੰਤਾ ਦਾ ਸਬੱਬ। ਉਤੋਂ ਯੂਨੇਸਕੋ ਵਾਲਿਆਂ ਦਾ ਅਨੁਮਾਨ ਹੈ ਕਿ ਆਉਂਦੇ ਪੰਜਾਹ ਸਾਲਾਂ ਵਿਚ ਪੰਜਾਬੀ ਬੋਲੀ ਦੇ ਲੋਪ ਹੋਣ ਦਾ ਖਤਰਾ ਵੀ ਸਾਡੇ ਸਿਰਾਂ ਤੇ ਮੰਡਰਾ ਰਿਹਾ ਹੈ। ਪੰਜਾਬੀ ਭਾਸ਼ਾ ਨੂੰ ਪਿਆਰ ਕਰਨ ਵਾਲੇ ਤਾਂ ਕਈ ਸਾਲਾਂ ਤੋਂ ਇਸ ਫਿਕਰ ਵਿਚ ਗ੍ਰਸੇ ਹੋਏ ਹਨ।

ਪ੍ਰੋ. ਹੁਰਾਂ ਨੇ ਵੀ ਜੋ ਅੰਕੜੇ ਪੰਜਾਬ ਦੇ ਸਕੂਲਾਂ ਵਿਚ ਪੰਜਾਬੀ ਅਤੇ ਪੰਜਾਬੀ ਮਾਸਟਰਾਂ ਬਾਰੇ ਦਿੱਤੇ ਹਨ, ਉਨ੍ਹਾਂ ਨਾਲ ਇਹ ਚਿੰਤਾ ਹੋਰ ਵੀ ਵੱਧ ਜਾਂਦੀ ਹੈ। ਉਨ੍ਹਾਂ ਤਾਂ ਏਥੋਂ ਤੱਕ ਲਿਖਿਆ ਹੈ ਕਿ ੧੯੭੨ ਸਰਕਾਰੀ ਸਕੂਲਾਂ ਵਿਚ ਸਰਕਾਰ ਨੇ ਧੰਨ ਇਕੱਠਾ ਕਰਨ ਲਈ ਸ਼ਰਾਬ ਦੇ ਠੇਕੇ ਖੋਲ੍ਹ ਰੱਖੇ ਹਨ। ਸਿਤਮ ਦੀ ਗੱਲ ਇਹ ਹੈ ਕਿ ਬਾਕੀ ਚੱਲ ਰਹੇ ਸੈਕੰਡਰੀ ਸਕੂਲਾਂ ਵਿਚ ੨੫੦੦੦ ਤੋਂ ਵੱਧ ਮਾਸਟਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਮੈਨੂੰ ਨਹੀਂ ਪਤਾ ਸਰਕਾਰ ਨੇ ਗੋਆ ਦੇ ਸਮੁੰਦਰ ਵਿਚ ਚੁਭੀਆਂ ਮਾਰਦੇ ਹੋਏ, ਇਨ੍ਹਾਂ ਅਸਾਮੀਆਂ ਬਾਰੇ ਕੁਝ ਸੋਚਿਆ ਕਿ ਨਹੀਂ?

ਪ੍ਰੋ. ਹੁਰਾਂ ਨੇ ਇਹ ਫ਼ਿਕਰ ਕੀਤਾ ਹੈ ਕਿ ਪੰਜਾਬੀ ਦੇ ਅਧਿਆਪਕ ਖੁਦ ਪੰਜਾਬੀ ਦੇ ਪਾਠਕ ਨਹੀਂ ਹਨ। ਜਿਹੜੇ ਆਪ ਹੀ ਪੰਜਾਬੀ ਪੜ੍ਹਣ ਲਈ ਮਰਜ਼ੀ ਨਹੀਂ ਉਹ ਆਪਣੇ ਵਿਦਿਆਰਥੀਆਂ ਨੂੰ ਕਿਵੇਂ ਪੰਜਾਬੀ ਪੜ੍ਹਣ ਲਈ ਤਿਆਰ ਕਰਨਗੇ?

NamdhariElibrary NamdhariElibrary@gmail.com

ਸਾਡੀ ਇਕ ਮੁਸ਼ਕਲ ਏਹ ਵੀ ਹੈ ਕਿ ਪੰਜਾਬੀ ਦੇ ਅਖਬਾਰ-ਮਹੀਨੇਵਾਰ ਪੇਪਰ ਹਿੰਦੀ ਨਾਲੋਂ ਮਹਿੰਗੇ ਹੋਣ ਕਰਕੇ, ਬਹੁਤੇ ਲੋਕ ਇਨ੍ਹਾਂ ਤੋਂ ਪਾਸਾ ਵੱਟ ਲੈਂਦੇ ਹਨ। ਹਰ ਕੋਈ ਕਿਤਿਓਂ ਵੀ ਪੈਸਾ ਬਚਾਉਣ ਦਾ ਯਤਨ ਕਰਦਾ ਹੈ। ਇਸ ਯਤਨ ਵਿਚ ਵੀ ਪੰਜਾਬੀ ਦੇ ਪਰਚੇ ਪਿੱਛੇ ਰਹਿ ਜਾਂਦੇ ਹਨ।

ਪੰਜਾਬ ਸਰਕਾਰ ਜੋ ਪਰਚੇ ਕੱਢ ਰਹੀ ਹੈ, ਉਹ ਸਸਤੇ ਤਾਂ ਹਨ, ਪਰ ਕਿਸੇ ਸਟਾਲ ਤੋਂ ਮਿਲਦੇ ਨਹੀਂ। ਕਿਉਂਕਿ ਪਤਾ ਹੀ ਨਹੀਂ ਉਹ ਕਦੋਂ ਛਪਦੇ ਹਨ ਤੇ ਕਿੱਥੇ ਵਿਕਦੇ ਹਨ। 'ਜਾਗ੍ਰਤੀ' ਜਦੋਂ ਨਵੇਂ ਪ੍ਰਬੰਧ ਹੇਠ ਆਈ ਤਾਂ ਸੰਪਾਦਕ ਹੁਰਾਂ ਸਲਾਹ ਪੁੱਛੀ। ਅਸੀਂ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਸਭ ਤੋਂ ਪਹਿਲਾਂ ਪਰਚੇ ਨੂੰ ਰੈਗੂਲਰ ਕੀਤਾ ਜਾਏ ਤੇ ਹਰ ਸ਼ਹਿਰ ਦੇ ਬੁੱਕ-ਸਟਾਲ 'ਤੇ ਪਹੁੰਚਦਾ ਕੀਤਾ ਜਾਏ ਤਾਂ ਕਿ ਪਾਠਕ ਨੂੰ ਪਤਾ ਹੋਵੇ ਜਾਗ੍ਰਤੀ ਫਲਾਨੇ ਸਟਾਲ ਤੋਂ ਮਿਲ ਜਾਏਗਾ। ਮੈਨੂੰ ਚੇਤਾ ਹੈ ੭੦-੭੧ ਵਿਚ ਮੈਂ ਕਪੂਰਥਲੇ ਹੁੰਦਾ ਸਾਂ ਓਥੇ ਚੌੜੇ ਬਾਜ਼ਾਰ ਵਿਚ ਕਿਤਾਬਾਂ ਦੀ ਦੂਕਾਨ ਹੁੰਦੀ ਸੀ ਉਥੋਂ 'ਜਨ ਸਾਹਿਤ' ਤੇ 'ਪੰਜਾਬੀ ਦੁਨੀਆ' 'ਜਾਗ੍ਰਤੀ' ਵੀ ਮਿਲ ਜਾਂਦੇ ਸਨ। ਮੈਨੂੰ ਤਾਰੀਕ ਦਾ ਚੇਤਾ ਨਹੀਂ, ਜਦੋਂ ਕਦੇ ਮੈਂ ਲੇਟ ਹੋ ਜਾਣਾ ਤਾਂ ਪੇਪਰ ਨਾ ਮਿਲਣਾ। ਉਸਨੇ ਦੱਸਣਾ ਕਿ ਸਾਰੇ ਵਿਕ ਗਏ ਹਨ। ਲੋਕ ਤਾਂ ਉਡੀਕਦੇ ਰਹਿੰਦੇ ਸਨ। ਫਿਰ ਪਤਾ ਨਹੀਂ ਕੀ ਹਵਾ ਵੱਗੀ, ਕਦੀ ਪੰਦਰਾਂ ਦਿਨ ਤੇ ਕਦੀ ਮਹੀਨਾ ਲੇਟ ਹੁੰਦੇ ਹੁੰਦੇ ਹੁਣ ਤਾਂ ਕਈ ਮਹੀਨੇ ਲੇਟ ਹਨ।

ਪਬਲਿਕ ਰਿਲੇਸ਼ਨ ਵਾਲਿਆਂ ਤੋਂ ਜਾ ਕੇ ਪੁੱਛਦੇ ਹਾਂ ਤਾਂ ਉਨ੍ਹਾਂ ਦਾ ਜੁਆਬ ਹੁੰਦਾ ਹੈ ਜੀ ਤਿੰਨ ਮਹੀਨੇ ਹੋ ਗਏ ਕੋਈ ਪੇਪਰ ਨਹੀਂ ਆਇਆ। ਭਾਸ਼ਾ ਵਿਭਾਗ ਵਾਲਿਆਂ ਤੋਂ ਪੁੱਛੋ ਤਾਂ ਓਥੋਂ ਵੀ ਅਜਿਹਾ ਹੀ ਉੱਤਰ ਮਿਲੇਗਾ। ਪੰਜਾਬ ਸਰਕਾਰ ਹੀ ਜਦੋਂ ਪੰਜਾਬੀ ਨੂੰ ਗੁੱਠੇ ਲਾਉਣ ਤੇ ਤੁਲੀ ਹੋਈ ਹੈ ਤਾਂ ਵਿਚਾਰੀ ਪੰਜਾਬੀ ਕੀ ਕਰੇ। ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦਾ ਪਰਚਾ 'ਸ਼ਬਦ ਬੂੰਦ' ਮਹੀਨੇ ਦੀ ੮-੯ ਤਾਰੀਕ ਨੂੰ ਆ ਆਵਾਜ਼ ਦਿੰਦਾ ਹੈ। ਸ਼ਾਨਦਾਰਾ ਦਿੱਖ ਵਾਲਾ ੧੦੦ ਸਫ਼ੇ ਦਾ ਪਰਚਾ ੧੦ ਰੁ. ਪੜ੍ਹਣ ਵਾਲਾ ਹੱਸ ਕੇ ਦਿੰਦਾ ਹੈ।

ਪ੍ਰੋ. ਸਾਹਿਬ ਕਿਸ ਬਾਹਰ ਦੀ ਗੱਲ ਕਰਦੇ ਹਨ, ਜਿੱਥੇ ਪੰਜਾਬੀ ਦੀ ਸਥਿਤੀ ਤਸੱਲੀਬਖਸ਼ ਹੈ। ਕੀ ਉਥੇ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਜਾਂਦੀ ਹੈ, ਲਿਖਾਈ ਜਾਂਦੀ ਹੈ ਤੇ ਬੋਲੀ ਜਾਂਦੀ ਹੈ? ਬਾਹਰ ਤੁਹਾਨੂੰ ਬੋਲਣ ਵਾਲੇ ਤਾਂ ਬਹੁਤ ਮਿਲ ਜਾਣਗੇ। ਉਮਾਨ ਵਿਚ ਮੈਂ ਆਪਣੇ ਨਾਲ ਕੰਮ ਕਰਦੇ ਰਾਜਸਥਾਨੀ ਤੇ ਯੂਪੀ ਦੇ ਕਾਮਿਆਂ ਨੂੰ ਪੰਜਾਬੀ ਸਿਖਾਈ। ਉਹ ਬੋਲ ਤਾਂ ਲੈਂਦੇ ਸਨ ਪਰ ਉਹ ਲਿਖ ਪੜ੍ਹ ਨਹੀਂ ਸੀ ਸਕਦੇ। ਸਿਰਫ ਕੋਈ ਜ਼ੁਬਾਨ ਬੋਲਣ ਨਾਲ ਹੀ, ਜ਼ੁਬਾਨ ਦੀ ਤਰੱਕੀ ਨਹੀਂ ਹੁੰਦੀ। ਇੰਗਲੈਂਡ ਵਿਚ ਬਹੁਤ ਬੰਦੇ ਮਿਲੇ ਜੋ ਅੰਗਰੇਜ਼ੀ ਬੋਲ ਤਾਂ ਲੈਂਦੇ ਹਨ ਪਰ ਲਿਖ ਪੜ੍ਹ ਨਹੀਂ ਸਕਦੇ। ਉਹ ਜ਼ੁਬਾਨ ਉਨ੍ਹਾਂ ਦੇ ਨਾਲ ਹੀ ਖਤਮ ਹੋ ਜਾਏਗੀ। ਕਿਸੇ ਵੀ ਜ਼ੁਬਾਨ ਦਾ ਪਸਾਰ ਉਦੋਂ ਹੀ ਹੋਏਗਾ ਜਦੋਂ ਉਹ ਲਿਖੀ-ਪੜ੍ਹੀ ਜਾਏਗੀ। ਮੇਰੀ ਸੋਚ ਤਾਂ ਇਹੋ ਹੈ।

ਪੰਜਾਬ ਵਿਚ ਜਦੋਂ ਦਾ ਅੰਗਰੇਜ਼ੀ ਮੀਡੀਅਮ ਦਾ ਚਲਨ ਹੋਇਆ ਹੈ। ਪੰਜਾਬੀ ਦਾ ਬੇੜਾ ਗਰਕ ਹੋਈ ਜਾ ਰਿਹਾ। ਹਰ ਕੋਈ ਅੰਗਰੇਜ਼ ਬਣਨ ਦੀ ਦੌੜ ਵਿਚ ਲੱਗਾ ਹੋਇਆ ਹੈ। ਆਪਣੀ ਜ਼ੁਬਾਨ ਦੀ ਕਿਸੇ ਨੂੰ ਫ਼ਿਕਰ ਨਹੀਂ। ਮੈਂ ਕਈ ਪੰਜਾਬੀ ਦੇ ਲੇਖਕਾਂ ਨੂੰ ਜਾਣਦਾ ਹਾਂ, ਉਹ ਅਖਬਾਰ ਪੜ੍ਹਣਗੇ ਤਾਂ ਅੰਗਰੇਜ਼ੀ। ਕੋਈ ਸੱਦਾ ਪੱਤਰ ਛਪਵਾਉਣਾ ਹੋਵੇ ਤਾਂ ਅੰਗਰੇਜ਼ੀ। ਪੰਜਾਬੀ ਵਿਚ ਹੀ ਜਾਣ ਵਾਲੇ ਕਿਸੇ ਖ਼ਤ ਉੱਤੇ ਸਰਨਾਵਾਂ ਲਿਖਣਾ ਹੋਵੇ ਤਾਂ ਅੰਗਰੇਜ਼ੀ। ਇਹ ਸਭ ਕੁਝ ਪੰਜਾਬੀ ਵਿਚ ਹੀ ਹੋਣਾ ਚਾਹੀਦਾ।

ਜਿਵੇਂ ਕਿ ਪ੍ਰੋ. ਹਮਦਰਦ ਵੀਰ ਹੁਰਾਂ ਲਿਖਿਆ ਹੈ ਕਿ ਹਰ ਸਕੂਲ ਵਿਚ ਲਾਇਬ੍ਰੇਰੀ ਅਤੇ ਲਾਇਬ੍ਰੇਰੀਅਨ ਹੋਵੇ। ਇਕ ਪੀਰਡ ਹੋਵੇ ਹਰ ਜਮਾਤ ਦੇ ਬੱਚੇ ਲਾਇਬ੍ਰੇਰੀ ਵਿਚ ਜਾ ਕੇ ਪੜ੍ਹਣ ਤੇ ਉਨ੍ਹਾਂ ਦੀ ਰੁਚੀ ਪੰਜਾਬੀ ਪੜ੍ਹਣ ਵਲ ਲਾਈ ਜਾਵੇ। ਪੰਜਾਬ ਦੀਆਂ ਅਦਾਲਤਾਂ ਦਾ ਸਾਰਾ ਕੰਮ ਪੰਜਾਬੀ ਤੇ ਸਿਰਫ਼ ਪੰਜਾਬੀ ਵਿਚ ਹੀ ਹੋਵੇ।

ਦੂਸਰੀਆਂ ਬੋਲੀਆਂ ਦੀਆਂ ਵਧੀਆਂ ਕਿਤਾਬਾਂ ਪੰਜਾਬੀ ਵਿਚ ਅਨੁਵਾਦ ਕਰਾਕੇ ਸਸਤੇ ਭਾਅ ਉੱਤੇ ਵੇਚੀਆਂ ਜਾਣ ਤਾਂ ਜੋ ਪੰਜਾਬੀ ਪੜ੍ਹਣ ਦੀ ਰੁਚੀ ਪੈਦਾ ਹੋ ਸਕੇ। ਨਹੀਂ ਤਾਂ ਯੂਨੈਸਕੋ ਵਾਲਿਆਂ ਦਾ ਅੰਦਾਜ਼ਾ ਸੱਚ ਸਾਬਤ ਹੋਣ ਨੂੰ ਕੋਈ ਨਹੀਂ ਰੋਕ ਸਕਦਾ, ਕਿਉਂਕਿ ਸਾਡੀ ਜੋ ਅਗਲੀ ਪਨੀਰੀ ਹੈ ਉਸਦਾ ਰੁਝਾਨ ਅੰਗਰੇਜ਼ੀ ਵੱਲ ਹੈ। ਜਿਵੇਂ ਜਿਵੇਂ ਸਾਡੀ ਪੀੜ੍ਹੀ ਮੁੱਕਦੀ ਜਾਏਗੀ ਪੰਜਾਬੀ ਵੀ ਖਤਮ ਹੋਣ ਵੱਲ ਨੂੰ ਤੁਰ ਪਏਗੀ।

ਡਾ. ਗੁਰਮਿੰਦਰ ਸਿੱਧੂ ਨੇ ਵੀ ਏਥੇ ਆਸ ਨਾਲ ਕਾਲੇ ਬੱਦਲਾਂ ਨੂੰ ਸੁਨਹਿਰੀ ਕਿੰਗਰੇ ਲਾਏ ਹਨ ਕਿ ਉਨ੍ਹਾਂ ਨੂੰ ਕਨੇਡਾ ਦੇ ਸਫ਼ਰ ਦੌਰਾਨ ਪੰਜਾਬੀ ਗੱਲਬਾਤ ਕਰਨ ਵਾਲੇ ਸੱਜਣ ਮਿਲਦੇ ਰਹੇ। ਰੱਬ ਮਿਹਰ ਕਰੇ ਸਾਡੀ ਸਰਕਾਰ ਉੱਤੇ, ਉਹ ਪੰਜਾਬੀ ਦੀ ਤਰੱਕੀ ਲਈ ਚਿੰਤਨ ਕਰਕੇ ਚੰਗੇ ਫੈਸਲੇ ਲਵੇ ਤਾਂ ਜੋ ਇਹ ਸੁਨਹਿਰੀ ਕਿੰਗਰੇ ਲੱਗੇ ਰਹਿਣ। ਆਮੀਨ!

*ਈ. ਜੀ. ੯੧੯ ਗੋਬਿੰਦਗੜ੍ਹ,*
*ਜਲੰਧਰ ਸ਼ਹਿਰ-੧੪੪੦੦੧,*
*ਜੇਬ-੯੮੭੬੨-੦੮੫੪੨*


NamdhariElibrary NamdhariElibrary@gmail.com

ਕਹਾਣੀ

# ਬਿਜੜੇ ਦਾ ਆਹਲਣਾ



ਲਖਵਿੰਦਰ ਸਿੰਘ ਬਾਜਵਾ

ਰਣਬੀਰ ਨੇ ਟਰੈਕਟਰ ਬੰਦ ਕੀਤਾ। ਟਿਊਬਵੈਲ ਦੀ ਡਿੱਗੀ 'ਚੋਂ ਬੁੱਕ ਭਰ ਕੇ ਪਾਣੀ ਪੀਤਾ ਤੇ ਬੋਰ ਲਾਗੇ ਲੱਗੀ ਨਿੰਮ ਦੀ ਸੰਘਣੀ ਛਾਂ ਹੇਠਾਂ ਆ ਕੇ ਪਲਾਸਟਕ ਦੇ ਖਾਦ ਵਾਲੇ ਥੈਲਿਆਂ ਦੀ ਬਣਾਈ ਚਾਦਰ ਵਿਛਾ ਕੇ ਲੇਟ ਗਿਆ। ਉਸ ਨੇ ਨਿੰਮ ਵੱਲ ਉਪਰ ਤੱਕਿਆ। ਨਿੰਮ ਦੀਆਂ ਟਹਿਣੀਆਂ ਨਾਲ ਬਿਜੜਿਆਂ ਦੇ ਕੁਝ ਆਹਲਣੇ ਲਟਕੇ ਹੋਏ ਸਨ। ਉਹ ਉਹਨਾ ਵੱਲ ਗਹੁ ਨਾਲ ਵੇਖਣ ਲੱਗਾ।

ਉਹ ਜਦੋਂ ਵੀ ਨਿੰਮ ਥੱਲੇ ਆ ਕੇ ਬੈਠਦਾ, ਉਸ ਨੂੰ ਬਿਜੜਿਆਂ ਦੀ ਚੀਂ ਚੀਂ ਸੁਣਾਈ ਦੇਂਦੀ। ਜਿਵੇਂ ਉਹ ਆਪਸ ਵਿਚ ਕੋਈ ਪਿਆਰ ਭਰੀਆਂ ਗੱਲਾਂ ਕਰ ਰਹੇ ਹੋਣ ਜਾਂ ਫਿਰ ਝਗੜ ਰਹੇ ਹੋਣ ਕੀ ਪਤਾ।

ਉਹਨਾਂ ਆਹਲਣਿਆਂ ਵਿਚ ਇਕ ਆਹਲਣਾ ਅਜਿਹਾ ਵੀ ਸੀ, ਜਿਸਨੂੰ ਬਿਜੜੇ ਨੇ ਅਧੂਰਾ ਛੱਡ ਦਿੱਤਾ ਸੀ। ਬਿਜੜਾ ਉਸ ਉਤੇ ਆ ਕੇ ਬੈਠਦਾ ਤਾਂ ਸੀ ਪਰ ਉਸਨੂੰ ਬਣਾਉਣਾ ਉਸ ਨੇ ਬੰਦ ਕਰ ਦਿੱਤਾ ਸੀ।

ਉਸ ਦੇ ਮਨ ਵਿਚ ਕਈ ਤਰਾਂ ਦੇ ਖਿਆਲ ਆਉਂਦੇ। ਇਹ ਬਿਜੜਾ ਆਹਲਣਾ ਅਧੂਰਾ ਕਿਓਂ ਛੱਡ ਬੈਠੇ। ਫੇਰ ਉਸ ਨੂੰ ਖਿਆਲ ਆਉਂਦਾ ਕਿ ਕਹਿੰਦੇ ਨੇ ਮਾਦਾ ਬਿਜੜਾ ਆਹਲਣਾ ਨਹੀਂ ਬਣਾਉਂਦੀ ਸਿਰਫ ਨਰ ਹੀ ਬਣਾਉਂਦਾ ਹੈ। ਤੇ ਜੇਕਰ ਮਾਦਾ ਨੂੰ ਉਹ ਆਹਲਣਾ ਪਸੰਦ ਨਾ ਆਵੇ ਤਾਂ ਉਹ ਉਸ ਨੂੰ ਛੱਡ ਕੇ ਚਲੀ ਜਾਂਦੀ ਹੈ। ਉਹ ਹੋਰ ਆਹਲਣਾ ਬਣਾਉਂਦਾ ਹੈ ਉਸ ਤੋਂ ਖੂਬਸੂਰਤ ਤਾਂ ਜੋ ਮਾਦਾ ਨੂੰ ਪਸੰਦ ਆ ਜਾਵੇ ਜਾਂ ਕਿਸੇ ਹੋਰ ਮਾਦਾ ਨੂੰ ਲੁਭਾ ਸਕੇ।

ਪਰ ਇਸ ਬਿਜੜੇ ਨੇ ਨਾ ਤਾਂ ਕੋਈ ਹੋਰ ਆਹਲਣਾ ਬਣਾਇਆ ਸੀ, ਤੇ ਨਾ ਹੀ ਇਸ ਨੂੰ ਪੂਰਾ ਕੀਤਾ ਸੀ। ਉਸਦੀ ਮਾਦਾ ਚਲੀ ਗਈ ਹੋਵੇਗੀ ਤੇ ਹੋਰ ਕੋਈ ਮਿਲੀ ਨਹੀਂ ਹੋਣੀ। ਇਸ ਲਈ ਇਹ ਇਕੱਲਾ ਹੀ ਏਥੇ ਬੈਠਾ ਰਹਿੰਦੈ। ਹੋਰ ਬਿਜੜੇ ਬੜੀ ਕਾਹਲੀ-ਕਾਹਲੀ ਕੰਮ ਕਰ ਰਹੇ ਸਨ। ਕੋਈ ਨੇੜੇ ਦੇ ਚਰ੍ਹੀ ਜਾਂ ਕਮਾਦ ਦੇ ਖੇਤ ਵਿਚੋਂ ਚੁੰਝ ਨਾਲ ਪੱਤੇ ਨਾਲੋਂ ਕੱਟਕੇ ਪਤਲੀ ਜਿਹੀ ਤਾਰ ਚੀਰ ਕੇ ਲੈ ਆਉਂਦਾ ਤੇ ਨਰ ਮਾਦਾ ਰਲ ਕੇ ਉਸ ਨੂੰ ਆਹਲਣੇ ਵਿਚ ਉਣ ਦੇਂਦੇ। ਪਰ ਉਹ ਬਿਜੜਾ ਉੱਡ ਜਾਂਦਾ, ਬਿਨਾ ਤੀਲਾ ਤੋੜੇ ਫੇਰ ਉਸ ਅਧੂਰੇ ਆਹਲਣੇ ਤੇ ਆ ਕੇ ਬੈਠ ਜਾਂਦਾ।

ਰਣਬੀਰ ਨੂੰ ਆਪਣਾ ਜੀਵਨ ਇਸ ਬਿਜੜੇ ਵਰਗਾ ਲੱਗਾ। ਉਸ ਨੂੰ ਤਰਸ ਆਇਆ ਬਿਜੜੇ ਉਤੇ ਜਾਂ ਆਪਣੇ ਉਤੇ ਪਤਾ ਨਹੀਂ। ਪਰ ਉਸ ਦੀ ਸੋਚਾਂ ਦੀ ਖਾਈ ਹੋਰ ਡੂੰਘੀ ਹੁੰਦੀ ਗਈ ਤੇ ਉਹ ਭੂਤ ਕਾਲ ਦੇ ਸੁਪਨਿਆਂ ਵਿਚ ਗਵਾਚ ਗਿਆ।

ਉਸ ਨੇ ਇਕ ਘਰ ਬਣਾਇਆ ਸੀ। ਸੁਪਨਿਆਂ ਦਾ ਘਰ, ਜਿਸ ਦੀ ਉਸ ਨੂੰ ਬੜੇ ਚਿਰ ਦੀ ਰੀਝ ਸੀ।

ਜਵਾਨੀ ਵਿਚ ਹੀ ਮਾਂ ਬਾਪ ਦੇ ਵਿਛੜ ਜਾਣ ਕਾਰਨ ਉਹ ਵੱਡੇ ਭਰਾ ਨਾਲ ਹੀ ਖੇਤੀ ਦਾ ਕੰਮ ਧੰਧਾ ਕਰਾਉਂਦਾ, ਟਰੈਕਟਰ ਚਲਾਉਂਦਾ। ਭਰਾ ਵੀ ਉਸ ਦਾ ਬੜਾ ਮਾਨ ਰੱਖਦਾ। ਗੁਜ਼ਾਰੇ ਜੋਗੀ ਜ਼ਮੀਨ ਕਾਫ਼ੀ ਸੀ। ਖ਼ਰਚਾ ਥੋੜਾ ਹੀ ਸੀ ਸੋ ਉਹ ਸਿਆਣਪ ਨਾਲ ਕੁਝ ਬਚਾ ਵੀ ਲੈਂਦੇ।

ਹੁਣ ਉਹ ਜਵਾਨ ਹੋ ਗਿਆ ਸੀ ਤੇ ਭਰਾ ਦਾ ਵਿਆਹ ਹੋਏ ਨੂੰ ਤਿੰਨ ਚਾਰ ਸਾਲ ਹੋ ਗਏ ਸਨ। ਭਰਾ ਨਾਲ ਤਾਂ ਉਸ ਦੀ ਚੰਗੀ ਨਿਭਦੀ ਸੀ ਪਰ ਭਰਜਾਈ ਨਾਲ ਉਸ ਦੀ ਅਣਬਣ ਹੋ ਜਾਂਦੀ। ਉਹ ਉਸ ਨੂੰ ਰਾਂਝੇ ਦੀਆਂ ਭਰਜਾਈਆਂ ਵਾਂਗ ਕੋਈ ਨਾ ਕੋਈ ਮਿਹਣਾ ਮਾਰਦੀ ਰਹਿੰਦੀ। ਜਿਸ ਨੂੰ ਉਹ ਜ਼ਹਿਰ ਦੇ ਘੁੱਟ ਵਾਂਗ ਅੰਦਰ ਹੀ ਅੰਦਰ ਪੀ ਕੇ ਚੁੱਪ ਕਰ ਰਹਿੰਦਾ। ਉਸ ਨੂੰ ਭਰਾ ਦੇ ਪਿਆਰ ਦਾ ਬੰਧਨ ਬਗਾਵਤ ਕਰਨ ਤੋਂ ਰੋਕੀ ਰੱਖਦਾ ਸੀ। ਭਰਾ ਨੇ ਚੰਗਾ ਘਰ ਵੇਖ ਕੇ ਉਹਦਾ ਵਿਆਹ ਕਰ ਦਿੱਤਾ ਤੇ ਆਪਣੇ ਫਰਜ਼ ਤੋਂ ਸੁਰਖਰੂ ਹੋ ਗਿਆ।

ਵਿਆਹ ਤੀਕ ਤਾਂ ਉਸ ਨੇ ਕਿਸੇ ਤਰ੍ਹਾਂ ਵਕਤ ਲੰਘਾ ਲਿਆ। ਪਰ ਵਿਆਹ ਹੋਣ ਤੋਂ ਦੋ ਮਹੀਨੇ ਬਾਅਦ ਹੀ ਅੱਡ ਹੋ ਗਿਆ। ਸ਼ਾਇਦ ਉਸ ਵਿਚ ਘਰ ਵਾਲੀ ਦਾ ਆਸਰਾ ਮਿਲਣ ਨਾਲ ਬਗਾਵਤ ਦੀ ਸ਼ਕਤੀ ਆ ਗਈ ਸੀ। ਆਪਣੇ ਹਿੱਸੇ ਦੀ ਜ਼ਮੀਨ ਤੇ ਬਚਤ 'ਚੋਂ ਕੁਝ ਪੈਸਾ ਵੀ ਉਸਦੇ ਹਿੱਸੇ ਆਇਆ। ਘਰ ਵਾਲਾ ਮਕਾਨ ਉਸ ਨੇ ਭਰਾ ਨੂੰ ਦੇ ਕੇ ਗਲੀ ਦੇ ਦੂਸਰੇ ਪਾਸੇ ਲੱਗਦਾ ਪਸ਼ੂਆਂ ਦੇ ਵਾੜੇ ਵਾਲਾ ਸਫੇਦ ਥਾਂ ਲੈ ਲਿਆ।

ਹੁਣ ਦੋਵੇਂ ਜੀ ਕੋਠੀ ਪਾਉਣ ਦੀਆਂ ਸਕੀਮਾਂ ਘੜਨ ਲੱਗੇ।

Namdhari Elibrary NamdhariElibrary@gmail.com

ਨਕਸ਼ਾ ਬਣਵਾਇਆ ਗਿਆ ਪਰ ਰਣਬੀਰ ਨੂੰ ਉਸ ਨਕਸ਼ੇ ਅਨੁਸਾਰ ਮਕਾਨ ਤੇ ਕੁਝ ਜ਼ਿਆਦਾ ਖਰਚਾ ਲੱਗਦਾ ਦਿਸਿਆ ਤੇ ਉਸ ਨੇ ਉਸ ਵਿਚ ਕੁਝ ਆਪਣੇ ਢੰਗ ਨਾਲ ਤਰਮੀਮ ਕਰ ਲਈ ਜੋ ਉਸ ਦੀ ਪਤਨੀ ਨੂੰ ਨਾ ਜਚੀ। ਉਹ ਪਹਿਲੇ ਨਕਸ਼ੇ ਦੇ ਹਿਸਾਬ ਹੀ ਮਕਾਨ ਬਣਵਾਉਣਾ ਚਾਹੁੰਦੀ ਸੀ। ਇਸ ਝਮੇਲੇ ਨੂੰ ਵਿਚ ਛੱਡ ਕੇ ਉਸ ਨੇ ਠੇਕੇਦਾਰ ਨਾਲ ਗੱਲ ਮੁਕਾ ਲਈ ਤੇ ਸਮਾਨ ਇਕੱਠਾ ਕਰਨ ਲੱਗਾ। ਉਹ ਟਰੈਕਟਰ ਟਰਾਲੀ ਤੇ ਇੱਟਾਂ, ਸੀਮਿੰਟ, ਬਜਰੀ, ਰੇਤਾ, ਸਰੀਆ ਵਗੈਰਾ ਢੋਂਦਾ ਰਹਿੰਦਾ। ਬੜਾ ਉਤਸ਼ਾਹ ਸੀ ਉਸ ਦੇ ਮਨ ਵਿਚ, ਪਰ ਘਰ ਵਾਲੀ ਨੂੰ ਉਸ ਦੇ ਮਕਾਨ ਦਾ ਨਕਸ਼ਾ ਜਚ ਨਹੀਂ ਸੀ ਰਿਹਾ। ਉਹ ਲੋਕਾਂ ਦੀਆਂ ਵੱਡੀਆਂ-ਵੱਡੀਆਂ ਕੋਠੀਆਂ ਦੇ ਉਧਾਹਰਨ ਪੇਸ਼ ਕਰਦੀ ਪਰ ਰਣਬੀਰ ਨੇ ਤਾਂ ਆਪਣਾ ਬਜਟ ਵੇਖਣਾ ਸੀ।

ਰਣਬੀਰ ਨੇ ਠੇਕੇਦਾਰ ਨੂੰ ਕਹਿ ਕੇ ਕੰਮ ਸ਼ੁਰੂ ਕਰਵਾ ਦਿੱਤਾ। ਉਸ ਨੇ ਸੋਚਿਆ ਮਕਾਨ ਬਣ ਗਿਆ ਤਾਂ ਸਭ ਠੀਕ ਹੋ ਜਾਵੇਗਾ। ਮਿਸਤਰੀ ਆਪਣਾ ਕੰਮ ਕਰਨ ਲੱਗੇ। ਆਪਣੀ ਮਰਜ਼ੀ ਮੁਤਾਬਕ ਕੰਮ ਨਾ ਹੁੰਦਾ ਵੇਖ ਕੇ ਪਤਨੀ ਨੇ ਮੂੰਹ ਵੱਟ ਲਿਆ ਤੇ ਫੇਰ ਹਰ ਰੋਜ਼ ਆਪੋ ਵਿਚ ਤਕਰਾਰ ਸ਼ੁਰੂ ਹੋ ਜਾਂਦੀ। ਰਾਜ ਮਿਸਤਰੀਆਂ ਦੇ ਸਾਹਮਣੇ ਤਾਂ ਉਹ ਚੁਪ ਵੱਟੀ ਰੱਖਦੇ ਤੇ ਘੁੱਟੇ-ਘੁੱਟੇ ਫਿਰਦੇ ਰਹਿੰਦੇ। ਪਰ ਉਹਨਾਂ ਦੇ ਜਾਣ ਤੋਂ ਬਾਅਦ ਸਾਰਾ ਉਬਾਲ ਬਾਹਰ ਆ ਜਾਂਦਾ। ਆਪੋ ਵਿਚ ਲੜ ਝਗੜ ਕੇ ਦੋਵੇਂ ਸੌਂ ਜਾਂਦੇ। ਉਹ ਦੋਵੇਂ ਹੀ ਤਾਂ ਘਰ ਵਿਚ ਸਨ। ਭਰਾ-ਭਰਜਾਈ ਆਉਂਦੇ ਤੇ ਗੇੜਾ ਮਾਰ ਕੇ ਚਲੇ ਜਾਂਦੇ। ਉਹਨਾਂ ਦਾ ਝਗੜਾ ਗੁਪਤ ਹੀ ਰਿਹਾ। ਇਸ ਲਈ ਸਮਝਾਉਂਦਾ ਕੌਣ।

ਉਸ ਦੀ ਪਤਨੀ ਜਿਸ ਦਾ ਨਾ ਚਰਨੋ ਸੀ, ਆਪਣੀ ਮਰਜ਼ੀ ਦਾ ਕਿਚਨ, ਬਾਥਰੂਮ ਤੇ ਹੋਰ ਬਹੁਤ ਕੁਝ ਬਣਾਉਣ ਲਈ ਜ਼ੋਰ ਦੇ ਰਹੀ ਸੀ। ਪਹਿਲਾਂ ਤਾਂ ਰਣਬੀਰ ਨੇ ਸਮਝਾਇਆ ਪਰ ਇਕ ਦਿਨ ਜ਼ਿਆਦਾ ਹੀ ਜ਼ਿਦ ਵੇਖ ਕੇ ਉਸ ਨੇ ਕਹਿ ਦਿੱਤਾ,

"ਪੇਕੇ ਤਾਂ ਜਿਸ ਤਰਾਂ ਡੱਬਲ ਸਟੋਰੀਆਂ ਵਿਚ ਰਹਿੰਦੀ ਐਂ?"

ਬੱਸ, ਔਰਤ ਹੋਰ ਸਭ ਕੁਝ ਬਰਦਾਸ਼ਤ ਕਰ ਸਕਦੀ ਹੈ ਪਰ ਆਪਣੇ ਪੇਕਿਆਂ ਦੀ ਹੇਠੀ ਉਹ ਬਰਦਾਸ਼ਤ ਨਹੀਂ ਕਰ ਸਕਦੀ।

ਗੱਲ ਵਧਦੀ-ਵਧਦੀ ਵਧ ਗਈ।

"ਜੇ ਤੂੰ ਮੇਰੀ ਗੱਲ ਨਹੀਂ ਮੰਨਣੀ ਤਾਂ ਮੈਂ ਫਿਰ ਏਥੇ ਕੀ ਕਰਨੈ?"

ਚਰਨੋ ਨੇ ਹੁਣ ਤ੍ਰਿਆ ਹਠ ਧਾਰ ਲਿਆ ਸੀ।

"ਜਾਹ ਚਲੀ ਜਾਹ ਮੈਂ ਕਦੋਂ ਰੋਕਿਐ", ਉਸ ਨੇ ਆਖਿਆ।

"ਜੇ ਮੇਰੇ ਬਿਨਾ ਮਕਾਨ ਬਣ ਜਾਊ ਤਾਂ ਹੋਰ ਕੰਮ ਵੀ ਹੋ ਜਾਣਗੇ। ਤੂੰ ਮੇਰੇ ਬਿਨਾ ਹੀ ਸਾਰੇ ਲਵੀਂ", ਚਰਨੋ ਭਰੀ ਪੀਤੀ ਬੋਲੀ।

"ਅੱਗੇ ਤੂੰ ਮਸਾਲਾ ਫੜੌਨੀ ਐਂ, ਦੋ ਕੱਪ ਚਾਹ ਦੇ ਨਾ ਬਣਨਗੇ ਤੇਰੇ ਬਗੈਰ।"

ਰਣਬੀਰ ਵੀ ਆਪਣੇ ਹਠ ਤੇ ਅੜ ਗਿਆ। ਆਖਰ ਉਹ ਵੀ ਤਾਂ ਆਪਣੇ ਆਪ ਨੂੰ ਮਰਦ ਸਮਝਦਾ ਸੀ ਤੇ ਇਹ ਗੱਲ ਉਸ ਨੂੰ ਆਪਣੀ ਮਰਦਾਨਗੀ ਤੇ ਚੋਟ ਜਾਪੀ।

ਉਸ ਨੇ ਕਿਹਾ, "ਚੰਗਾ ਫਿਰ ਮੈਂ ਚੱਲੀ ਆਂ।"

ਉਹ ਭਰੀ ਪੀਤੀ ਅੰਦਰ ਗਈ ਤੇ ਬੈਗ ਚੁੱਕ ਕੇ ਬਾਹਰ ਨਿਕਲ ਤੁਰੀ।

ਰਣਬੀਰ ਦਾ ਜੀ ਕਰਦਾ ਸੀ ਉਸ ਨੂੰ ਰੋਕ ਲਵੇ ਪਰ ਝੂਠੇ ਸਵੈਭਿਮਾਨ ਨੇ ਉਸ ਨੂੰ ਰੋਕੀ ਰੱਖਿਆ।

ਚਰਨਜੀਤ ਵੀ ਪਿੱਛੇ ਭਉਂ-ਭਉਂ ਕੇ ਵੇਖਦੀ ਜਾ ਰਹੀ ਸੀ। ਉਹ ਸੋਚਦੀ ਸੀ ਸ਼ਾਇਦ ਉਹ ਉਸ ਨੂੰ ਮੋੜ ਲਵੇਗਾ। ਪਿੱਛੇ ਪਰਤ ਜਾਣ ਨੂੰ ਉਸ ਦਾ ਵੀ ਦਿਲ ਕਰਦਾ ਸੀ, ਪਰ ਉਸ ਦੇ ਸਵੈਮਾਨ ਨੇ ਉਸ ਨੂੰ ਵਾਪਸ ਨਾ ਪਰਤਣ ਦਿੱਤਾ।

ਚਰਨਜੀਤ ਨੂੰ ਪੇਕੇ ਗਈ ਨੂੰ ਡੇਢ ਸਾਲ ਹੋ ਗਿਆ ਸੀ। ਮਿਸਤਰੀ ਆਪਣਾ ਕੰਮ ਨਬੇੜ ਕੇ ਚਲੇ ਗਏ ਸਨ। ਪਰ ਜਿੱਥੇ ਇੱਟ ਵੱਟਾ ਖਿਲਰਿਆ ਸੀ ਓਥੇ ਹੀ ਪਿਆ ਰਿਹਾ। ਰਣਬੀਰ ਨੇ ਉਸ ਨੂੰ ਇਕੱਠਾ ਕਰਨ ਦਾ ਯਤਨ ਵੀ ਨਾ ਕੀਤਾ। ਇਕ ਕਮਰੇ ਵਿਚ ਥੋੜੀ ਸਾਫ਼-ਸਫ਼ਾਈ ਕਰ ਕੇ ਸਮਾਨ ਰੱਖ ਦਿੱਤਾ, ਭਰਾ ਦੇ ਘਰੋਂ ਉਹ ਪਹਿਲਾਂ ਹੀ ਏਥੇ ਆ ਗਏ ਸਨ। ਪਸ਼ੂਆਂ ਵਾਲੇ ਕੋਠੇ ਵਿਚ ਸਮਾਨ ਰੱਖ ਕੇ ਇਕ ਬਿਨਾ ਗਾਰੇ ਤੋਂ ਇੱਟਾਂ ਦੀ ਓਟ ਬਣਾ ਕੇ ਚਰਨੋ ਨੇ ਟੈਂਮਪਰੇਰੀ ਚੌਂਕਾ ਬਣਾ ਲਿਆ ਸੀ। ਉਸੇ ਉਤੇ ਹੁਣ ਦੋ ਚਾਰ ਰੋਟੀਆਂ ਆਪ ਹੀ ਲਾਹ ਲੈਂਦਾ। ਭਰਾ ਨੇ ਮਨਾਉਣ ਦਾ ਯਤਨ ਕੀਤਾ ਪਰ ਉਸ ਨੂੰ ਪਤਾ ਸੀ ਮੈਂ ਭਰਜਾਈ ਦੇ ਮਿਹਣੇ ਨਹੀਂ ਸਹਾਰ ਸਕਦਾ, ਇਸ ਲਈ ਨਾ ਮੰਨਿਆ। ਭਾਂਡੇ ਉਸ ਨੇ ਜਿਵੇਂ ਕਦੇ ਮਾਂਜੇ ਹੀ ਨਾ ਹੋਣ। ਉਸ ਨੇ ਅੱਗੇ ਕਿਹੜਾ ਕਦੇ ਇਹ ਕੰਮ ਕੀਤਾ ਸੀ। ਕਮਰਿਆਂ ਵਿਚ ਧੂੜ ਜੰਮ ਗਈ ਸੀ। ਕਦੇ ਚੱਜ ਨਾਲ ਉਹਨੇ ਝਾੜੂ ਵੀ ਨਹੀਂ ਸੀ ਫੇਰਿਆ। ਨਵੇਂ ਮਕਾਨ ਦਾ ਮੱਕੜੀਆਂ ਨੇ ਬੜਾ ਫ਼ਾਇਦਾ ਉਠਾਇਆ। ਖੁੱਲੇ ਬੂਹੇ ਬਾਰੀਆਂ ਵਿਚੋਂ ਚਿੜੀਆਂ ਨੇ ਅੰਦਰ ਆਹਲਣੇ ਪਾ ਲਏ। ਤੀਲੇ ਲਿਆ-ਲਿਆ ਕੇ ਅੰਦਰ ਖਿਲਾਰ ਛੱਡੇ ਪਰ ਉਸਨੇ ਨਾ ਕਦੇ ਚਿੜੀਆਂ ਨੂੰ

Namdhari Elibrary NamdhariElibrary@gmail.com

ਰੋਕਿਆ ਤੇ ਨਾ ਕਦੇ ਕੱਖ ਕਾਣ ਹੂੰਝਣ ਦਾ ਹੀ ਯਤਨ ਕੀਤਾ। ਇਕ ਕਮਰੇ ਨੂੰ ਛੱਡ ਕੇ ਸਾਰਾ ਘਰ ਬੇ-ਅਬਾਦ ਹੋ ਗਿਆ ਸੀ।

ਉਹ ਅਣਮੰਨੇ ਮਨ ਨਾਲ ਖੇਤ ਜਾਂਦਾ। ਬਹੁਤ ਧਿਆਨ ਵੀ ਨਾ ਦੇਂਦਾ। ਇਸ ਲਈ ਫ਼ਸਲ ਵੀ ਕੋਈ ਏਨੀ ਵਧੀਆ ਨਹੀਂ ਸੀ, ਜਾ ਕੇ ਨਿੰਮ ਥੱਲੇ ਪਿਆ ਰਹਿੰਦਾ ਜਾਂ ਬਿਜੜਿਆਂ ਦੇ ਆਹਲਣਿਆਂ ਵੱਲ ਵੇਖਦਾ ਰਹਿੰਦਾ।

ਵਿਚੋਲੇ ਸਮਝੌਤੇ ਦੀ ਆਸ ਨਾਲ ਕਈ ਚੱਕਰ ਮਾਰ ਗਏ ਸਨ। ਭਾਵੇਂ ਉਹ ਨਾਂਹ ਨਹੀਂ ਸੀ ਕਰਦਾ ਪਰ ਹਾਂ ਵੀ ਨਹੀਂ ਸੀ ਕਰਦਾ।

ਇਕੋ ਅੜੀ ਸੀ, "ਆਪੇ ਗਈ ਐ ਆਪੇ ਆ ਜਾਵੇ,
ਮੈਂ ਵੀ ਤਾਂ ਮਕਾਨ ਓਸੇ ਵਾਸਤੇ ਹੀ ਬਣਵਾਇਆ ਏ।"
ਤੇ ਓਧਰ,
"ਜਿਸ ਨੇ ਕੱਢਿਐ ਆ ਕੇ ਲੈ ਜਾਵੇ।"

ਵਿਚੋਲੇ ਵਿਚਾਰੇ ਅੱਕ ਕੇ ਬਹਿ ਗਏ। ਸਾਰਿਆਂ ਨੇ ਸੋਚਿਆ, ਸਮਾਂ ਪਾ ਕੇ ਆਪੇ ਅਕਲ ਆ ਜਾਵੇਗੀ।

ਪਰ ਅੱਜ ਜਦੋਂ ਉਹ ਘਰ ਆਇਆ ਤਾਂ ਉਸਨੂੰ ਆਪਣਾ ਘਰ ਵੀ ਬਿਜੜੇ ਦੇ ਉਸ ਆਹਲਣੇ ਵਰਗਾ ਲੱਗਾ। ਅਧੂਰਾ-ਅਧੂਰਾ।

ਮਕਾਨ ਖੜੇ ਕਰਨ ਤੋਂ ਬਾਅਦ ਨਾ ਉਸ ਨੇ ਕੋਈ ਦਰਵਾਜ਼ਾ ਲਗਵਾਇਆ ਸੀ ਨਾਂ ਰੰਗ-ਰੋਗਨ ਤੇ ਨਾ ਹੀ ਇੱਟ ਵੱਟਾ ਸਾਂਭਿਆ ਸੀ। ਬਨੇਰੇ ਤੇ ਗਰਿਲ ਵਗੈਰਾ ਲੱਗਣ ਵਾਲੀ ਵੀ ਵਿਚੇ ਰਹਿ ਗਈ ਸੀ। ਭਾਵੇਂ ਠੇਕੇਦਾਰ ਨੇ ਵਿਚ ਲਾ ਕੇ ਦੇਣੀ ਕੀਤੀ ਹੋਈ ਸੀ, ਪਰ ਉਸ ਨੇ ਨਾ ਲਿਆ ਕੇ ਦਿੱਤੀ ਤੇ ਨਾ ਲੱਗੀ। ਥਾਂ ਥਾਂ ਤੇ ਚਿੜੀਆਂ ਦਾ ਖਿਲਰਿਆ ਗੰਦ, ਮਕੜੀ ਦੇ ਜਾਲੇ ਤੇ ਧੂੜ ਮਿੱਟੀ।

ਉਸ ਨੇ ਕਦੇ ਸਹੁਰਿਆਂ ਤੋਂ ਆਏ ਦਾਜ ਵਾਲੇ ਬੈਡ ਦੀ ਚਾਦਰ ਵੀ ਨਹੀਂ ਸੀ ਬਦਲੀ ਤੇ ਨਾ ਹੀ ਕਦੇ ਉਸ ਉਤੇ ਸੁੱਤਾ ਸੀ। ਉਸ ਦਾ ਆਪਣਾ ਹੁਲੀਆ ਵੀ ਵਿਗੜ ਗਿਆ ਸੀ। ਬਿਨਾ ਪ੍ਰੈਸ ਕੀਤੇ ਅੱਧ ਧੋਤੇ ਕਪੜੇ, ਸਿਰ ਤੇ ਬੱਧਾ ਵੱਟਾਂ ਵਾਲਾ ਸਾਫ਼ਾ ਜਿਵੇਂ ਉਸਦੀ ਉਦਾਸੀ ਦੀ ਗਵਾਹੀ ਭਰ ਰਿਹਾ ਹੋਵੇ। ਉਸ ਨੇ ਮੁੰਡਿਆਂ ਵਿਚ ਬਹਿਣਾ ਵੀ ਛੱਡ ਦਿੱਤਾ ਸੀ। ਬੱਸ ਖੇਤ ਚਲਿਆ ਜਾਂਦਾ। ਉਥੇ ਉਸ ਨੇ ਇਥ ਚਾਹ ਵਾਲੀ ਪਤੀਲੀ ਰੱਖੀ ਹੋਈ ਸੀ, ਜਿਸ ਉਤੇ ਧੂੰਏਂ ਦੀਆਂ ਕਈ ਪਰਤਾਂ ਜੰਮ ਗਈਆਂ ਸਨ। ਜਿਸ ਤਰਾਂ ਕਿਸੇ ਰੁੱਖ ਦੇ ਮੋਛੇ ਤੋਂ ਉਸਦੀ ਉਮਰ ਦਾ ਪਤਾ ਲਗਾਇਆ ਜਾ ਸਕਦੇ। ਇਸ ਤਰਾਂ ਸ਼ਾਇਦ ਇਹ ਪਤੀਲੀ ਵੀ ਆਪਣੇ ਉਪਰ ਚੜ੍ਹੀਆਂ ਧੂੰਏ ਦੀਆਂ ਪਰਤਾਂ ਤੋਂ ਦੱਸ ਰਹੀ ਸੀ ਕਿ ਉਸ ਨੂੰ ਏਨੀਆਂ ਦਿਨਾਂ ਤੋਂ ਕਿਸੇ ਨੇ ਨਹੀਂ ਮਾਂਜਿਆ।

ਰਣਬੀਰ ਦੇ ਅੰਦਰ ਵੀ ਉਸਨੂੰ ਜਾਪਦਾ, ਇਸ ਪਤੀਲੀ ਵਾਂਗ ਪਰਤ ਦਰ ਪਰਤ ਕਾਲਖ ਜੰਮਦੀ ਨਜ਼ਰ ਆ ਰਹੀ ਸੀ। ਝੂਠੇ ਸਵੈਭਿਮਾਨ ਦੀ ਕਾਲਖ। ਜਿਸ ਨੂੰ ਉਹ ਛੇਤੀ ਧੋ ਦੇਣਾ ਚਾਹੁੰਦਾ ਸੀ ਪਰ ਧੋ ਨਹੀਂ ਸੀ ਸਕਦਾ। ਇਹ ਕਾਲਖ ਭਾਈ ਵੀਰ ਸਿੰਘ ਦੇ ਕਥਨ ਅਨੁਸਾਰ, "ਵਿਛੜ ਕੇ ਕਾਲਖ ਸੀ ਆਈ ਬਿਨ ਮਿਲਿਆਂ ਨਹੀਂ ਲਹਿੰਦੀ", ਵਾਂਗ ਕਿਸੇ ਅੱਗ ਦੀ ਉਡੀਕ ਕਰ ਰਹੀ ਸੀ। ਤਾਂ ਜੋ ਬੁੱਝੇ ਹੋਏ ਕੋਇਲੇ ਵਿਚ ਫੇਰ ਲਾਲੀ ਚਮਕ ਉਠੇ।

ਪੱਠੇ ਪਾਉਣ ਵਾਸਤੇ ਉਸ ਨੇ ਕਾਮਾ ਰੱਖਿਆ ਹੋਇਆ ਸੀ। ਜਿਸ ਨੂੰ ਉਸ ਨੇ ਰੋਟੀ ਦੇਣੀ ਨਹੀਂ ਸੀ ਕੀਤੀ ਤੇ ਉਹ ਰੋਟੀ ਘਰੋਂ ਖਾਂਦਾ ਸੀ। ਘਰ ਆਉਂਦਾ ਆਪਣੇ ਲਈ ਦੋ ਰੋਟੀਆਂ ਕੱਚੀਆਂ ਪੱਕੀਆਂ ਲਾਹ ਕੇ ਖਾ ਕੇ ਪਿਆ ਰਹਿੰਦਾ।

ਅੱਜ ਉਸ ਨੂੰ ਆਪਣਾ ਘਰ ਕੁਝ ਜ਼ਿਆਦਾ ਸੁੰਨਸਾਨ ਤੇ ਉਦਾਸ ਲੱਗ ਰਿਹਾ ਸੀ। ਉਸ ਬਿਜੜੇ ਦੇ ਆਹਲਣੇ ਵਰਗਾ। ਅਧੂਰਾ-ਅਧੂਰਾ ਤੇ ਉਹ ਆਪਣੇ ਆਪ ਨਾਲ ਗੱਲਾਂ ਕਰਨ ਲੱਗਾ,

'ਮੈਂ ਹੀ ਉਸ ਨੂੰ ਮੋੜ ਲੈਂਦਾ",
ਫੇਰ ਆਖਦਾ,
"ਉਸ ਨੂੰ ਵੀ ਤਾਂ ਸੋਚਣਾ ਚਾਹੀਦਾ ਸੀ।"
...............",
"ਘਰ ਤਾਂ ਤੇਰਾ ਉਜੜਿਐ"।
...............",
"ਉਸ ਦਾ ਵੀ ਤਾਂ ਸੀ।"
"ਜੇ ਉਸ ਦਾ ਸੀ ਤਾਂ ਘਰੋਂ ਕਿਉਂ ਗਈ, ....?"
"ਤੂੰ ਹੀ ਰੋਕ ਲੈਂਦਾ।"
" ............।"
"ਜੇ ਕੀ ਵਿਗੜਿਐ.................।"

ਉਹ ਮੰਜੀ ਤੋਂ ਉਠਿਆ ਤੇ ਨਹਾਉਣ ਚਲਿਆ ਗਿਆ।

ਨਹਾ ਕੇ ਕਪੜੇ ਬਦਲੇ ਤੇ ਘਰੋਂ ਨਿਕਲ ਤੁਰਿਆ।

ਚਰਨਜੀਤ ਨੂੰ ਪੇਕੇ ਆਈ ਨੂੰ ਭਾਵੇਂ ਡੇਢ ਸਾਲ ਹੋ ਗਿਆ ਸੀ ਪਰ ਮਨ ਤਾਂ ਉਸਦਾ ਵੀ ਸਹੁਰੇ ਹੀ ਰਹਿੰਦਾ ਸੀ।

ਉਹ ਆਪਣੇ ਆਪ ਨਾਲ ਗੱਲਾਂ ਕਰਦੀ,
"ਕਿੰਨਾ ਚਿਰ ਪੇਕੇ ਬੈਠੀ ਰਹੇਂਗੀ?"
"......?"

Namdhari Elibrary NamdhariElibrary@gmail.com

"ਜਾਣ ਦਾ ਕੋਈ ਬਹਾਨਾ।"

"..............."

"ਪਤਾ ਨਹੀਂ ਕਿਸ ਹਾਲਤ ਵਿਚ ਹੋਵੇਗਾ।"

"..............."

"ਰੋਟੀ ਕੌਣ ਪਕਾਉਂਦਾ ਹੋਊ"?

"ਕੋਈ ਹੋਰ ਔਰਤ ..............ਮੇਰੇ ਘਰ?"

"ਪਰ ਮੇਰੀ ਵੀ ਤਾਂ ਕੋਈ ਇਜ਼ਤ ਹੈ।"

"ਨਹੀਂ ਜਾਵਾਂਗੀ.................।"

"ਜੇ ਬਹੁਤਾ ਔਖੈ ਤਾਂ ਆ ਕੇ ਲੈ ਜਾਵੇ।"

ਅਜੇ ਆਪਣੇ ਮਨ ਨਾਲ ਪਤਾ ਨਹੀਂ ਕਿੰਨਾ ਕੁ ਚਿਰ ਗੱਲਾਂ ਕਰਦੀ ਰਹਿੰਦੀ। ਉਸ ਨੂੰ ਭਰਜਾਈਆਂ ਦੀ ਘੁਸਰ-ਫੁਸਰ ਸੁਣਾਈ ਦਿੱਤੀ। ਜੋ ਦੂਜੇ ਕਮਰੇ ਵਿਚ ਗੱਲਾਂ ਕਰ ਰਹੀਆਂ ਸਨ।

"....ਏਹੋ ਜਿਹੀ ਐ......ਤਾਹੀਓਂ ਤਾਂ............।"

"ਏਨਾ ਕਰੜਾ ਦਿਲ ................।"

"............ਘਰ ਨੂੰ ਵੀ ਕੋਈ ਛਡਦੈ?"

"ਹੋਰ............ਸਾਨੂੰ ਗੱਲਾਂ ਕਰਵਾਉਣ ਨੂੰ।"

........................।

ਸੁਣੀਆਂ ਅਸਪਸ਼ਟ ਗੱਲਾਂ ਨੇ ਉਸ ਦੇ ਕੰਨਾਂ ਵਿਚ ਜਿਸ ਤਰਾਂ ਸੂਈਆਂ ਚੋਭ ਦਿੱਤੀਆਂ ਹੋਣ। ਭਾਵੇਂ ਉਸ ਨੂੰ ਪੂਰੀ ਗੱਲ ਦੀ ਸਮਝ ਨਹੀਂ ਸੀ ਪਈ, ਪਰ ਫੇਰ ਵੀ ਉਹ ਹੋਰ ਨਾ ਸੁਣ ਸੱਕੀ ਤੇ ਉੱਠ ਕੇ ਅੰਦਰ ਗਈ, ਕਪੜੇ ਬਦਲੇ, ਅਟੈਚੀ ਚੁੱਕ ਕੇ ਸਿਰਫ ਮਾਂ ਨੂੰ ਹੀ ਆਖਿਆ,

"ਮੰਮੀ ਮੈਂ ਆਪਣੇ ਘਰ ਚਲੀ ਆਂ।"

ਤੇ ਸਾਰਿਆਂ ਨੂੰ ਹੈਰਾਨੀ ਵਿਚ ਪਾ ਕੇ ਤੁਰ ਪਈ।

ਮਾਂ ਨੇ ਆਖਿਆ, "ਤੇਰਾ ਵੀਰ ਮੋਟਰ ਸਾਈਕਲ ਤੇ ਛੱਡ ਆਉਂਦੈ, ਚੰਨੀ।"

"ਨਹੀਂ, ਮੈਂ ਬੱਸ ਤੇ ਚਲੀ ਜਾਵਾਂਗੀ।"

ਇਹ ਆਖਦੀ ਨੇ ਪਿੱਛੇ ਭੌਂ ਕੇ ਵੀ ਨਾ ਵੇਖਿਆ।

ਜੀਵਨ ਨਗਰ ਅੱਡੇ ਤੋਂ ਉੱਤਰ ਕੇ ਚਰਨਜੀਤ ਨੇ ਡੱਬਵਾਲੀ ਵਾਲੀ ਬੱਸ ਫੜਨੀ ਸੀ। ਉਹ ਥੱਲੇ ਉਤਰੀ, ਉਸ ਨੇ ਵੇਖਿਆ, ਡੱਬਵਾਲੀ ਵੱਲੋਂ ਆਈ ਬੱਸ ਵਿਚੋਂ ਰਣਬੀਰ ਉੱਤਰ ਕੇ ਆ ਰਿਹਾ ਸੀ। ਪਹਿਲਾਂ ਉਹ ਝਿਜਕੀ ਪਰ ਰਣਬੀਰ ਨੂੰ ਆਪਣੇ ਵੱਲ ਆਉਂਦਾ ਵੇਖ ਕੇ ਉਧਰ ਪੈਰ ਮੋੜ ਲਏ।

"ਕਿੱਥੇ ਚੱਲੇ ਓ?"

"ਸਹੁਰੇ!................ਤੇ ਤੂੰ?"

"ਮੈਂ ਵੀ ਸਹੁਰੇ.......................।"

ਚੱਲ ਮੈਂ ਵੀ ਤੇਰੇ ਸਹੁਰੇ ਹੀ ਚੱਲਦਾਂ, ਆਖ ਕੇ ਰਣਬੀਰ ਨੇ ਉਸ ਦੇ ਹੱਥੋਂ ਅਟੈਚੀ ਫੜ ਲਿਆ ਤੇ ਮੁਸਕਰਾਉਣ ਦਾ ਯਤਨ ਕੀਤਾ।

ਅੱਗੋਂ ਉਹ ਬਹੁਤਾ ਨਾ ਬੋਲੇ, ਬੱਸ ਆ ਗਈ ਸੀ। ਉਸ ਵਿਚ ਚੜ੍ਹੇ ਤੇ ਪਿੰਡ ਆ ਗਏ। ਲੋਕਾਂ ਵਿਚ ਗੱਲ ਧੁੰਮ ਗਈ। ਰਣਬੀਰ ਵਹੁਟੀ ਲੈ ਆਇਐ।

ਘਰ ਆ ਕੇ ਜਦੋਂ ਉਸ ਨੇ ਘਰ ਦੀ ਹਾਲਤ ਨੂੰ ਵੇਖਿਆ ਤਾਂ ਜਿਵੇਂ ਉਸਨੂੰ ਆਪਣੇ ਹਠ ਤੇ ਗੁੱਸਾ ਆਇਆ ਹੋਵੇ। ਉਸ ਨੇ ਝਟ ਪਟ ਕਪੜੇ ਬਦਲੇ ਤੇ ਘਰ ਦੀ ਸਾਫ਼ ਸਫ਼ਾਈ ਵਿਚ ਜੁੱਟ ਗਈ। ਰਣਬੀਰ ਵੀ ਉਸ ਦਾ ਹੱਥ ਵਟਾਉਣ ਲਈ ਝਾੜੂ ਫੜ ਕੇ ਨਾਲ ਸਫ਼ਾਈ ਕਰਾਉਣ ਲੱਗਾ।

"....ਤੁਸੀਂ ਰਹਿਣ ਦਿਓ, ਪੁਰਾਣੇ ਘੱਟੇ ਨਾਲ ਤੁਹਾਨੂੰ ਜ਼ੁਕਾਮ ਹੋ ਜਾਊ।"

"........ਤੇ ਤੈਨੂੰ ਨਹੀਂ ਹੋਵੇਗਾ?"

ਕੁਝ ਕੰਮ ਸਵਾਰ ਕੇ ਕੁਝ ਕਲ ਤੇ ਛੱਡ ਕੇ ਉਹਨਾਂ ਨੇ ਰੋਟੀ ਖਾਧੀ। ਅੱਜ ਪਹਿਲੀ ਵਾਰ ਡੇਢ ਸਾਲ ਬਾਅਦ ਉਸ ਨੂੰ ਰੋਟੀ ਦਾ ਸੁਆਦ ਆਇਆ ਸੀ। ਸ਼ਾਇਦ ਉਹ ਭੁੱਲ ਹੀ ਗਿਆ ਸੀ ਕਿ ਰੋਟੀ ਵਿਚ ਵੀ ਸੁਆਦ ਹੁੰਦੈ, ਸਿਰਫ ਪੇਟ ਭਰਨ ਲਈ ਨਹੀਂ ਖਾਧੀ ਜਾਂਦੀ।

"ਚੰਗਾ, ਬਿਜਲੀ ਦੀ ਵਾਰੀ ਐ, ਮੈਂ ਛੀਂਹ ਲਾ ਕੇ ਜਲਦੀ ਆ ਜਾਨਾਂ।"

ਆਖ ਕੇ ਟਰੈਕਟਰ ਸਟਾਰਟ ਕੀਤਾ ਤੇ ਉਹ ਬਾਹਰ ਤੁਰ ਪਿਆ।

ਛੀਂਹ ਲਾ ਕੇ ਉਹ ਮੁੜਨ ਹੀ ਲੱਗਾ ਸੀ ਕਿ ਉਸ ਨੇ ਸੋਚਿਆ, ਥੋੜਾ ਹੋਰ ਠਹਿਰ ਕੇ ਮੋਟਰ ਚਲਦੀ ਵੇਖ ਕੇ ਹੀ ਜਾਵਾਂਗਾਂ ਤੇ ਜਾ ਕੇ ਨਿੰਮ ਥੱਲੇ ਪੱਲੀ ਵਿਛਾ ਕੇ ਪੈ ਗਿਆ। ਉਸ ਨੇ ਉਪਰ ਵੇਖਿਆ ਤਾਂ ਉਸ ਦੀ ਹੈਰਾਨੀ ਦੀ ਹੱਦ ਨਾ ਰਹੀ।

ਬਿਜੜਾ ਪੁਰਾਣੇ ਆਹਲਣੇ ਵਿਚ ਨਵੀਆਂ ਤੀਲਾਂ ਜੋੜ ਰਿਹਾ ਸੀ। ਸ਼ਾਇਦ ਉਸ ਦੀ ਸਾਥਣ ਵੀ ਪਰਤ ਆਈ ਸੀ।

*ਪਿੰਡ ਤੇ ਡਾਕ. ਹਰੀਪੁਰਾ (ਜਗਜੀਤ ਨਗਰ)*
*ਜ਼ਿਲ੍ਹਾ ਸਿਰਸਾ ਹਰਿਆਣਾ-੧੨੫੦੭੫*
*ਮੋ. ੯੪੧੬੭-੩੪੫੦੬*


Namdhari Elibrary NamdhariElibrary@gmail.com

# ਖ਼ਬਰਨਾਮਾ

## ਪ੍ਰਸਿੱਧ ਪੰਜਾਬੀ ਕਵਿੱਤਰੀ ਮਨਪ੍ਰੀਤ ਸੁਖਵਿੰਦਰ ਰਚਿਤ ਕਾਵਿ ਉਤੇ ਗੋਸ਼ਟੀ ਅਤੇ ਰੂਬਰੂ ਸਮਾਗਮ




ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਸਹਿਯੋਗ ਨਾਲ ਪੰਜਾਬੀ ਸਾਹਿਤ ਸਭਾ ਸੰਗਰੂਰ ਵਲੋਂ ਪ੍ਰਸਿੱਧ ਪੰਜਾਬੀ ਕਵਿੱਤਰੀ ਮਨਪ੍ਰੀਤ ਸੁਖਵਿੰਦਰ ਦੀ ਕਾਵਿ ਰਚਨਾ ਉਤੇ ਗੋਸ਼ਟੀ ਅਤੇ ਰੂਬਰੂ ਸਮਾਗਮ ਕੀਤਾ ਗਿਆ। ਇਸ ਸਾਹਿਤਕ ਸਮਾਗਮ ਦੀ ਪ੍ਰਧਾਨਗੀ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਡਾ. ਤੇਜਵੰਤ ਮਾਨ ਨੇ ਕੀਤੀ। ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿਚ ਡਾ. ਭਗਵੰਤ ਸਿੰਘ ਜ਼ਿਲ੍ਹਾ ਭਾਸ਼ਾ ਅਫਸਰ, ਸ਼ਿੰਗਾਰਾ ਸਿੰਘ ਚਹਿਲ ਗੀਤਕਾਰ, ਕ੍ਰਿਸਨ ਬੇਤਾਬ, ਮਿਲਖਾ ਸਿੰਘ ਸੁਨੇਹੀ, ਮਨਪ੍ਰੀਤ ਸੁਖਵਿੰਦਰ ਅਤੇ ਕਰਮ ਸਿੰਘ ਜ਼ਖ਼ਮੀ ਸ਼ਾਮਲ ਸਨ।

ਸਮਾਗਮ ਦਾ ਆਰੰਭ ਸ਼ਿੰਗਾਰਾ ਸਿੰਘ ਚਹਿਲ ਦੇ ਗੀਤ ਨਾਲ ਹੋਇਆ। ਉਪਰੰਤ ਸਮਾਗਮ ਦੀ ਵਿਸ਼ੇਸ਼ ਮਹਿਮਾਨ ਕਵਿੱਤਰੀ ਮਨਪ੍ਰੀਤ ਸੁਖਵਿੰਦਰ ਨੇ ਆਪਣੀਆਂ ਕਵਿਤਾਵਾਂ ਦੇ ਪਾਠਾਂ ਨਾਲ ਆਪਣੀ ਕਾਵਿ ਰਚਨਾ ਬਾਰੇ ਵਿਸਥਾਰ ਵਿਚ ਸਰੋਤਿਆਂ ਨਾਲ ਜਾਣ ਪਹਿਚਾਨ ਕਰਾਈ। ਮਨਪ੍ਰੀਤ ਨੇ ਆਪਣੀ ਕਾਵਿ ਰਚਨਾ ਪ੍ਰਕਿਰਿਆ ਵਿਚ ਆਪਣੇ ਬਾਪੂ ਜੀ ਅਤੇ ਪਤੀ ਸੁਖਵਿੰਦਰ ਦੇ ਯੋਗਦਾਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹਨਾਂ ਦੋਹਾਂ ਦੇ ਸਹਿਯੋਗ ਅਤੇ ਹੱਲਾਸ਼ੇਰੀ ਬਿਨਾਂ ਉਹ ਕਵੀ ਨਹੀਂਸੀ ਬਣ ਸਕਦੀ। ਦੁਆਲੇ ਦੀ ਸਮਾਜਿਕ, ਰਾਜਨੀਤਕ ਟੁੱਟ ਭੱਜ ਨੇ ਵੀ ਉਸ ਉਪਰ ਪ੍ਰਭਾਵ ਪਾਇਆ। ਕਵਿਤਰੀ ਨੇ ਸਪੱਸ਼ਟ ਕੀਤਾ ਕਿ ਉਹ ਇਸਤਰੀ ਨੂੰ ਤਰਾਸਦੀ ਪਾਤਰ ਨਹੀਂ ਬਣਾਉਣਾ ਚਾਹੁੰਦੀ ਅਤੇ ਨਾ ਹੀ ਆਦਮੀ ਨੂੰ ਜ਼ਾਲਮ ਅਤੇ ਨਿਰਦਈ ਸਮਝਦੀ ਹੈ। ਇਸਤਰੀ ਪ੍ਰਤੀ ਚੇਤਨਾ ਰਿਸ਼ਤਿਆਂ ਨੂੰ ਤੋੜਨਾ ਨਹੀਂ ਸਗੋਂ ਜੋੜਨਾ ਹੈ।

ਮਨਪ੍ਰੀਤ ਦੀ ਕਾਵਿ ਰਚਨਾ ਬਾਰੇ ਸੰਵਾਦ ਛੇੜਦਿਆਂ ਡਾ. ਇਕਬਾਲ ਸਿੰਘ, ਸ਼ਿੰਗਾਰਾ ਸਿੰਘ ਚਹਿਲ, ਅਮਰੀਕ ਗਾਗਾ, ਕ੍ਰਿਸ਼ਨ ਬੇਤਾਬ, ਡਾ. ਭਗਵੰਤ ਸਿੰਘ, ਡਾ. ਗੁਰਬਚਨ ਸਿੰਘ ਭਨੇੜੀ, ਪ੍ਰੋ. ਦੇਵ ਸਿੰਘ, ਦਲਵਾਰ ਸਿੰਘ ਧਨੌਲਾ ਅਤੇ ਡਾ. ਤੇਜਵੰਤ ਮਾਨ ਨੇ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਹੋਏ ਕਵੀ ਦਰਬਾਰ ਵਿਚ ਰਜਿੰਦਰ ਰਾਜਨ, ਲੱਕੀ ਪਾਤੜਾਂ, ਸੁਰਜੀਤ ਸਿੰਘ ਮੌਜੀ, ਦੇਸ਼ ਭੂਸ਼ਣ, ਦਰਬਾਰਾ ਸਿੰਘ ਬੀਰ ਕਲਾਂ, ਭੁਪਿੰਦਰ ਨਮੋਲ, ਅਮਰੀਕ ਗਾਗਾ, ਹਰਦੀਪ ਸਿੰਘ ਸਿੱਧੂ, ਮੇਘ ਰਾਜ ਗੋਇਲ, ਜੰਟੀ ਬੇਤਾਬ, ਮਨਜੀਤ ਸਿੰਘ ਬੰਟੀ, ਅਵਤਾਰ ਸਿੰਘ ਮਾਨ, ਦਲਵਾਰ ਸਿੰਘ, ਹਰੀ ਬਲਭ ਸ਼ਰਮਾ, ਸ਼ਿਵ ਕੁਮਾਰ ਅੰਬਾਲਵੀ, ਲਾਭ ਸਿੰਘ ਝੰਮਟ, ਤੁਸ਼ਾਰ ਸ਼ਰਮਾ, ਗੁਰਬਚਨ ਭਨੇੜੀ, ਜੰਗੀਰ ਸਿੰਘ ਰਤਨ, ਤਰਲੋਚਨ ਸਿੰਘ ਬਡਰੁੱਖਾਂ, ਪੰਮੀ ਫੱਗੂਵਾਲੀਆ, ਗੁਰਸੇਵਕ ਸਿੰਘ, ਮਿਲਖਾ ਸਿੰਘ ਸਨੇਹੀ, ਕ੍ਰਿਸ਼ਨ ਬੇਤਾਬ, ਕਰਮ ਸਿੰਘ ਜ਼ਖ਼ਮੀ, ਪਰਮਜੀਤ ਸਿੰਘ, ਬਲਵੀਰ ਸਿੰਘ, ਦਵਿੰਦਰ ਸਿੰਘ ਆਦਿ ਕਵੀਆਂ ਨੇ ਹਿੱਸਾ ਲਿਆ।

ਪ੍ਰਧਾਨਗੀ ਵਿਚਾਰ ਦਿੰਦਿਆ ਡਾ. ਤੇਜਵੰਤ ਮਾਨ ਨੇ ਕਿਹਾ ਕਿ ਮਨਪ੍ਰੀਤ ਸੁਖਵਿੰਦਰ ਇਸਤਰੀ ਮਰਦ ਦੇ ਹੀ ਸੰਕਲਪਾਂ ਤੋਂ ਪਾਰ ਦੀ ਕਵਿਤਰੀ ਹੈ। ਉਸਦਾ ਸਮਾਜੀ ਰਿਸ਼ਤਿਆਂ ਦੀ ਪਵਿੱਤਰਤਾ ਵਿਚ ਅਟੁੱਟ ਵਿਸ਼ਵਾਸ ਹੈ। ਉਸਦੀ ਕਵਿਤਾ ਪਾਠ ਆਨੰਦ ਦੀ ਕਵਿਤਾ ਹੋਣ ਕਰਕੇ ਵਿਚਾਰ ਉਕਸਾਊ ਹੈ। ਉਹ ਗੀਤ ਤੋਂ ਪਰਗੀਤ ਤੱਕ ਦਾ ਸਫ਼ਰ ਕਰਦੀ ਹੋਈ ਆਵੇਸ਼ ਤੋਂ ਪਰਵੇਸ਼ ਵੱਲ ਅਹੁਲਦੀ ਹੈ। ਡਾ. ਮਾਨ ਨੇ ਕਿਹਾ ਕਿ ਖੁੱਲ੍ਹੀ ਕਵਿਤਾ ਨੂੰ ਇਕ ਪਾਸੜ ਹੋ ਕੇ ਰੱਦ ਨਹੀਂ ਕੀਤਾ ਜਾ ਸਕਦਾ, ਬੇਸ਼ਕ ਲੋਕ ਚੇਤਨਾ ਨੂੰ ਅਰਥ ਭਰਪੂਰ ਛੰਦਬੱਧ ਕਵਿਤਾ ਵਧੇਰੇ ਟੁੰਬਦੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸ਼ਬਦ ਨੂੰ ਛੰਦ ਦੀ ਲੋੜ

Namdhari Elibrary
NamdhariElibrary@gmail.com

ਨਹੀਂ ਸਗੋਂ ਛੰਦ ਨੂੰ ਸ਼ਬਦ ਦੀ ਲੋੜ ਹੈ। ਕੇਵਲ ਧੁਨੀਆਂ ਦਾ ਸੁਰ-ਬੱਧ ਹੋਣਾ ਹੀ ਕਾਫੀ ਨਹੀਂ ਸਗੋਂ ਉਨ੍ਹਾਂ ਧੁਨੀਆਂ ਤੋਂ ਬਣੇ ਅਰਥ ਭਰਪੂਰ ਸ਼ਬਦ ਵਧੇਰੇ ਮਹੱਤਵਪੂਰਨ ਹਨ। ਡਾ. ਮਾਨ ਨੇ ਆਪਣੇ ਵਿਰਾਸਤੀ ਨਾਇਕ ਦੀ ਸਹੀ ਪਹਿਚਾਣ ਕਰਨ ਉਤੇ ਵੀ ਜ਼ੋਰ ਦਿੱਤਾ।

## ਡਾ. ਹਰਨੇਕ ਸਿੰਘ ਕੋਮਲ ਦੀ ਕਿਤਾਬ "ਰਹੇ ਸਲਾਮਤ ਸੱਚ" ਰਿਲੀਜ਼

ਮਲੋਟ-ਪੰਜਾਬੀ ਲੇਖਕ ਮੰਚ ਮਲੋਟ ਦੀ ਇਕ ਵਿਸ਼ੇਸ਼ ਅਦਬੀ ਮਹਿਫ਼ਿਲ 'ਚ ਪੰਜਾਬੀ ਸ਼ਾਇਰ ਡਾ. ਹਰਨੇਕ ਸਿੰਘ ਕੋਮਲ ਦੀ ਨਵ-ਪ੍ਰਕਾਸ਼ਿਤ ਪੁਸਤਕ "ਰਹੇ ਸਲਾਮਤ ਸੱਚ" ਅੰਗਰੇਜ਼ੀ ਤੇ ਪੰਜਾਬੀ ਦੇ ਵਿਦਵਾਨ ਸ਼ਾਇਰ ਡਾ. ਜੇ. ਐਸ. ਅਨੰਦ, ਪ੍ਰਿੰਸੀਪਲ, ਡੀ.ਏ.ਵੀ. ਕਾਲਿਜ, ਬਠਿੰਡਾ ਨੇ ਰਿਲੀਜ਼ ਕੀਤੀ। ਪੁਸਤਕ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਡਾ. ਅਨੰਦ ਨੇ ਕਿਹਾ ਕਿ ਡਾ. ਕੋਮਲ ਦੀ ਸ਼ਾਇਰੀ ਸੱਚ ਤੇ ਸੁੰਦਰਤਾ ਦਾ ਸੁਮੇਲ ਹੈ। ਡਾ. ਕੋਮਲ ਨੇ ਆਪਣੀ ਕਵਿਤਾ 'ਚ ਮਾਨਵ ਵਿਰੋਧੀ ਸੋਚ ਤੇ ਸ਼ਕਤੀਆਂ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਸੱਚ ਦੀ ਸਲਾਮਤੀ ਤੇ ਮਾਨਵਤਾ ਦੇ ਭਲੇ ਦੀ ਗੱਲ ਕੀਤੀ ਹੈ। ਵਿਸ਼ੇਸ਼ ਮਹਿਮਾਨ ਪ੍ਰੋ. ਭੁਪਿੰਦਰ ਸਿੰਘ ਜੱਸਲ, ਮੁਖੀ, ਪੰਜਾਬੀ ਵਿਭਾਗ, ਡੀ. ਏ. ਵੀ. ਕਾਲਿਜ, ਗਿੱਦੜਬਾਹਾ ਅਤੇ ਮਿੰਨੀ ਕਹਾਣੀ ਲੇਖਕ ਤੇ ਤ੍ਰੈ-ਮਾਸਿਕ ਮਿੰਨੀ ਦੇ ਸਹਿ-ਸੰਪਾਦਕ ਬਿਕਰਮਜੀਤ ਨੂਰ ਨੇ ਡਾ. ਕੋਮਲ ਦੀ ਸ਼ਖ਼ਸ਼ੀਅਤ ਤੇ ਸ਼ਾਇਰੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮਹਿਫ਼ਿਲ 'ਚ ਹਰਬੰਸ ਸਿੰਘ ਬਾਠ, ਬਿਕਰਮਜੀਤ ਨੂਰ, ਡਾ. ਜੇ. ਐਸ. ਆਨੰਦ ਅਤੇ ਡਾ. ਹਰਨੇਕ ਸਿੰਘ ਕੋਮਲ ਨੇ ਆਪਣੀਆਂ ਕਾਵਿ-ਰਚਨਾਵਾਂ ਪੜ੍ਹੀਆਂ। ਇਸ ਤੋਂ ਇਲਾਵਾ, ਮੁਕਟ ਬਿਹਾਰੀ ਸ਼ਰਮਾ ਨੇ "ਰਹੇ ਸਲਾਮਤ ਸੱਚ" ਵਿਚੋਂ ਡਾ. ਹਰਨੇਕ ਸਿੰਘ ਕੋਮਲ ਦੀ ਇਕ ਗ਼ਜ਼ਲ "ਜ਼ਿੰਦਗੀ ਦੇ ਆਸ਼ਕੋ ਹੁਣ ਜ਼ਿੰਦਗੀ ਦੀ ਖ਼ੈਰ ਮੰਗੋ" ਗਾ ਕੇ ਖ਼ੂਬ ਰੰਗ ਬੰਨ੍ਹਿਆ। ਮੰਚ ਸੰਚਾਲਨ ਪ੍ਰੋ. ਭੁਪਿੰਦਰ ਸਿੰਘ ਜੱਸਲ ਨੇ ਬਾਖ਼ੂਬੀ ਕੀਤਾ। ਗੁਰਵੰਤ ਸਿੰਘ ਨੇ ਹਾਜ਼ਿਰ ਅਦੀਬਾਂ ਦਾ ਧੰਨਵਾਦ ਕੀਤਾ।



'ਰਹੇ ਸਲਾਮਤ ਸੱਚ' ਰੀਲੀਜ਼ ਕਰਨ ਵੇਲੇ-ਪ੍ਰੋ. ਭੁਪਿੰਦਰ ਸਿੰਘ ਜੱਸਲ, ਡਾ. ਹਰਨੇਕ ਸਿੰਘ ਕੋਮਲ, ਡਾ. ਜੇ. ਐਸ. ਆਨੰਦ, ਹਰਬੰਸ ਸਿੰਘ ਬਾਠ, ਬਿਕਰਮਜੀਤ ਸਿੰਘ ਨੂਰ ਅਤੇ ਮੁਕਟ ਬਿਹਾਰੀ ਸ਼ਰਮਾ।

*ਰਿਪੋਰਟ-ਗੁਰਵੰਤ ਸਿੰਘ*

## ਤ੍ਰੈਲੋਚਨ ਲੋਚੀ ਦਾ ਗ਼ਜ਼ਲ ਸੰਗ੍ਰਹਿ 'ਦਿਲ ਦਰਵਾਜ਼ੇ' ਸੰਵੇਦਨਾ ਭਰਪੂਰ' ਮਹੱਤਵਪੂਰਨ ਕਿਤਾਬ-ਪ੍ਰੋ. ਗਿੱਲ

ਲੁਧਿਆਣਾ : ੨੧ ਅਪ੍ਰੈਲ — ਪੰਜਾਬੀ ਲੇਖਕ ਸਭਾ ਲੁਧਿਆਣਾ ਵਲੋਂ ਉੱਘੇ ਗ਼ਜ਼ਲਕਾਰ ਤ੍ਰੈਲੋਚਨ ਲੋਚੀ ਦੇ ਗ਼ਜ਼ਲ ਸੰਗ੍ਰਹਿ 'ਦਿਲ ਦਰਵਾਜ਼ੇ' ਦਾ ਪੰਜਾਬੀ ਭਵਨ ਵਿਖੇ ਦੂਜਾ ਸੰਸਕਰਣ ਲੋਕ-ਅਰਪਣ ਕਰਦਿਆਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਤ੍ਰੈਲੋਚਨ ਲੋਚੀ ਕੋਲ ਤਰਲ ਸੰਵੇਦਨਸ਼ੀਲ ਮਨ ਹੈ, ਜਿਸ ਰਾਹੀਂ ਉਹ ਵਕਤ ਦੀਆਂ ਪੇਚੀਦਗੀਆਂ ਅਤੇ ਕਸ਼ੀਦਗੀਆਂ ਨੂੰ ਆਤਮਸਾਤ ਕਰਕੇ ਗ਼ਜ਼ਲ ਦੀਆਂ ਰੇਸ਼ਮੀ ਤੰਦਾਂ ਕੱਤਦਾ ਹੈ। ਉਨ੍ਹਾਂ ਆਖਿਆ ਕਿ ਸਾਦਗੀ, ਸੰਵੇਦਨਾ, ਸਰਲਤਾ, ਸਾਰਥਕਤਾ ਅਤੇ ਸੁਰੀਲੇ ਬੋਲਾਂ ਨੂੰ ਜੇ ਪੁਸਤਕ ਰੂਪ ਵਿਚ ਵੇਖਣਾ ਹੋਵੇ ਤਾਂ 'ਦਿਲ ਦਰਵਾਜ਼ੇ' ਪੜ੍ਹਨੀ ਚਾਹੀਦੀ ਹੈ। ਇਸ ਕਿਤਾਬ ਬਾਰੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਅਨੂਪ ਸਿੰਘ ਨੇ ਆਖਿਆ ਕਿ ਨਵੀਂ ਪੀੜ੍ਹੀ ਦੇ ਸਮਰੱਥ ਗ਼ਜ਼ਲਕਾਰ ਵਜੋਂ ਤ੍ਰੈਲੋਚਨ ਲੋਚੀ ਹੁਣ ਕਿਸੇ ਪਛਾਣ ਦਾ ਮੁਹਤਾਜ ਨਹੀਂ ਹੈ। ਉਸ ਦੇ ਬੋਲ ਕਾਇਨਾਤ ਵਿਚ ਸੁਨੇਹਾ ਬਣ ਕੇ ਥਾਂ ਥਾਂ ਖ਼ੁਸ਼ਬੋਈ ਵੰਡ ਰਹੇ ਹਨ।

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਾਬਕਾ ਜਨਰਲ ਸਕੱਤਰ ਅਤੇ ਰਾਜ ਸਰਕਾਰ ਵਲੋਂ ਸਨਮਾਨਿਤ ਸ਼੍ਰੋਮਣੀ ਪੰਜਾਬੀ ਕਵੀ ਪ੍ਰੋ. ਸੁਰਜੀਤ ਜੱਜ ਨੇ ਤ੍ਰੈਲੋਚਨ ਲੋਚੀ ਦੀ ਸ਼ਾਇਰੀ ਨੂੰ ਵਕਤ ਨਾਲ ਵਾਰਤਾਲਾਪ ਅਤੇ ਸੁਰੀਲਾ ਸੰਵਾਦ ਕਿਹਾ। ਡਾ. ਜਗਵਿੰਦਰ



**ਪੰਜਾਬੀ ਭਵਨ ਵਿਖੇ ਤ੍ਰੈਲੋਚਨ ਦਾ ਗ਼ਜ਼ਲ ਸੰਗ੍ਰਹਿ 'ਦਿਲ ਦਰਵਾਜ਼ੇ' ਨੂੰ ਲੋਕ ਅਰਪਨ ਕਰਦੇ ਹੋਏ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ ਤੇ ਹੋਰ ਲੇਖਕ**

ਜੋਧਾ ਨੇ ਤ੍ਰੈਲੋਚਨ ਲੋਚੀ ਦੀ ਗ਼ਜ਼ਲ ਦੇ ਲੋਕ-ਗੀਤਕ ਮੁਹਾਂਦਰੇ ਦੀ ਪ੍ਰਸੰਸਾ ਕੀਤੀ। ਡਾ. ਗੁਰਇਕਬਾਲ ਸਿੰਘ ਮੀਤ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਨੇ ਲੋਚੀ ਦੀ ਔਰਤ ਪ੍ਰਤੀ ਸੰਵੇਦਨਸ਼ੀਲ ਪਹੁੰਚ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਦੀ ਧਰਤੀ ਦੀ ਮਰਿਆਦਾ ਵੀ ਇਹੀ ਹੈ। ਕੈਨੇਡਾ ਤੋਂ ਆਏ ਕਵੀ ਇਕਬਾਲ ਖ਼ਾਨ, ਸਤੀਸ਼ ਗੁਲਾਟੀ, ਜਨਮੇਜਾ ਸਿੰਘ ਜੌਹਲ, ਡਾ. ਬਲਵਿੰਦਰ ਸਿੰਘ ਭੀਖੀ, ਡਾ. ਗੁਲਜ਼ਾਰ ਸਿੰਘ ਪੰਧੇਰ ਸਕੱਤਰ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਉੱਘੇ ਕਵੀ ਸਵਰਨਜੀਤ ਸਵੀ ਅਤੇ ਕਵਿੱਤਰੀ ਜਸਲੀਨ ਕੌਰ ਵੀ ਹਾਜ਼ਰ ਸਨ।

ਇਸ ਮੌਕੇ ਤ੍ਰੈਲੋਚਨ ਲੋਚੀ ਨੇ ਆਖਿਆ ਕਿ ਧਰਤੀ ਦੇ ਦੁੱਖ-ਸੁੱਖ ਦਾ ਅਹਿਸਾਸ ਜਿਉਂਦਾ ਰੱਖ ਕੇ ਹੀ ਮੈਂ ਹਮੇਸ਼ਾਂ ਸਾਹਿਤ ਸਿਰਜਣਾ ਕੀਤੀ ਹੈ ਅਤੇ ਭਵਿੱਖ 'ਚ ਵੀ ਇਹ ਧਰਮ ਇਵੇਂ ਹੀ ਨਿਭੇਗਾ।

ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਧਨੋਆ ਨੇ ਧੰਨਵਾਦ ਦੇ ਸ਼ਬਦ ਬੋਲਦਿਆਂ ਕਿਹਾ ਕਿ ਪਾਠਕਾਂ ਦੀ ਸਮੱਸਿਆ ਦਾ ਸ਼ਿਕਵਾ ਕਰਨ ਵਾਲੇ ਲੇਖਕ ਦੋਸਤਾਂ ਨੂੰ ਇਹ ਪੁਸਤਕ ਤਸੱਲੀ ਦੇਵੇਗੀ ਕਿ ਜੇਕਰ ਸ਼ਬਦਾਂ ਵਿਚ ਜਾਨ ਅਤੇ ਸਾਰਥਕ ਸੁਨੇਹਾ ਹੋਵੇ ਤਾਂ ਪਾਠਕ ਹੁੰਗਾਰਾ ਭਰਦੇ ਹਨ। ਸਿਰਫ਼ ਡੇਢ ਸਾਲ 'ਚ ਹੀ ਪਹਿਲੇ ਐਡੀਸ਼ਨ ਦਾ ਵਿਕ ਜਾਣਾ ਪੰਜਾਬੀ ਸਾਹਿਤ ਲਈ ਤਸੱਲੀ ਬਖ਼ਸ਼ ਹੈ।

*ਮਨਜਿੰਦਰ ਸਿੰਘ ਧਨੋਆ*

# ਪੁਸਤਕ ਰੀਵਿਊ

ਪੁਸਤਕ ਦਾ ਨਾਂਅ— ਸ੍ਰੀ ਰਾਮ ਚਰਿਤ ਮਾਨਸ (ਰਮਾਇਣ)

ਮੂਲ ਲੇਖਕ— ਗੋਸੁਆਮੀ ਤੁਲਸੀ ਦਾਸ ਜੀ

ਅਨੁਵਾਦਕ— ਮਾਸਟਰ ਅਮਰੀਕ ਸਿੰਘ

ਪੰਨੇ— ੩੨੦, ਮੁੱਲ ੩੨੦

ਰਿਵਿਊਕਾਰ— ਜੋਗਿੰਦਰ ਕੌਰ ਅਗਨੀਹੋਤਰੀ, ਸਰਕਾਰੀ ਹਾਈ ਸਕੂਲ ਬਰੂਵਾਲੀ, ਫਸਟ ਜ਼ਿਲ੍ਹਾ ਸਿਰਸਾ

ਪ੍ਰਕਾਸ਼ਕ— ਉਡਾਨ ਪਬਲੀਕੇਸ਼ਨਜ਼, ਮਾਨਸਾ

ਸ੍ਰੀ ਰਾਮ ਚਰਿਤ ਮਾਨਸ (ਰਮਾਇਣ) ਮਾਸਟਰ ਅਮਰੀਕ ਸਿੰਘ ਦੁਆਰਾ ਅਨੁਵਾਦ ਕੀਤਾ ਮਹਾਂਕਾਵਿ ਹੈ ਅਤੇ ਆਪ ਜੀ ਦੀ ਸਤਾਰਵੀਂ ਪੁਸਤਕ ਹੈ। ਮਾਸਟਰ ਜੀ ਹਿੰਦੀ, ਪੰਜਾਬੀ ਅਤੇ ਉਰਦੂ ਦੇ ਕਵੀ ਹਨ ਤੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ ਨੇ ਆਪ ਨੂੰ ਆਪਣੇ ਸਭ ਤੋਂ ਵੱਡੇ ਪੁਰਸਕਾਰ 'ਹਰਿਆਣਾ ਪੰਜਾਬੀ ਗੌਰਵ' ਨਾਲ ਵੀ ਸਨਮਾਨਿਤ ਕੀਤਾ ਹੋਇਆ ਹੈ। ਇਸ ਪੁਸਤਕ ਵਿਚ ਕਵੀ ਨੇ ਗੋਸੁਆਮੀ ਤੁਲਸੀ ਦਾਸ ਅਤੇ ਰਾਮਾਇਣ ਬਾਰੇ ਆਪਣੇ ਵਿਚਾਰ ਵੀ ਖੁੱਲ੍ਹ ਕੇ ਪ੍ਰਗਟਾਏ ਹਨ। ਉਨ੍ਹਾਂ ਨੇ ਮਾਤਾ ਸੀਤਾ ਦੇ ਦੁੱਖਾਂ ਦੇ ਸੰਤਾਪ ਨੂੰ ਆਪਣੇ ਵਲੋਂ ਸ਼ਬਦਾਂ ਵਿਚ ਬਿਆਨ ਕਰਦਿਆਂ ਕਿਹਾ ਹੈ ਕਿ ਰਾਮਾਇਣ ਦਾ ਨਾਂ ਹੀ ਸੀਤਾਇਣ ਰੱਖਣਾ ਚਾਹੀਦਾ ਸੀ, ਆਪ ਨੇ ਆਪਣੇ ਵਲੋਂ ਲਿਖਿਆ ਹੈ—

'ਰਾਮਾਇਣ ਦੀ ਥਾਵੇਂ ਤੁਲਸੀ ਰੱਖਦੇ ਨਾਂ ਸੀਤਾਇਣ,

ਇਹ ਨਾ ਉਹਦੀ ਦਰਦ ਕਹਾਣੀ, ਸੁਣੀ ਨਾ ਆਪ ਨਾਰਾਇਣ।

ਰਚਨਾਹਾਰਾ ਸੁਚੇਤ ਹੈ। ਉਸ ਨੇ ਰਾਮਾਇਣ ਪੜ੍ਹਕੇ ਤੇ ਫਿਰ ਅਨੁਵਾਦ ਕਰਨ ਵੇਲੇ ਇਸ ਕਮੀ ਨੂੰ ਮਹਿਸੂਸ ਕੀਤਾ ਕਿ ਸੀਤਾ ਨੇ ਜੋ ਦੁਖ ਹੰਢਾਏ, ਉਹ ਤਾਂ ਕਵੀ ਨੇ ਰਚ ਹੀ ਦਿੱਤੇ, ਪਰ ਲਛਮਣ ਦੀ ਪਤਨੀ ਉਰਮਿਲਾ ਨੇ ਵੀ ਕੁਰਬਾਨੀ ਘੱਟ ਨਹੀਂ ਕੀਤੀ।

'ਤੁਲਸੀ ਦਾਸ ਲਿਖੀ ਰਾਮਾਇਣ ਪਰ ਇਕ ਕਮੀ ਰਹੀ ਏ,

ਲਛਮਣ ਪਤਨੀ ਉਰਮਿਲਾ ਦੀ ਕਿਉਂ ਗੱਲ ਨਾ ਕਹੀ ਸੁਣੀ ਏ,

ਚੌਦਾਂ ਸਾਲ ਪਤੀ ਬਿਨ ਉਸ ਨੇ ਬਿਰਹਾ ਵਾਸ ਹੰਢਾਇਆ।

ਉਸ ਦਾ ਉਕਾ ਜ਼ਿਕਰ ਨਾ ਕਰਨਾ, ਇਹ ਗੱਲ ਜਚੀ ਨਹੀਂ ਹੈ।

ਇਸ ਤੋਂ ਇਲਾਵਾ ਇਹ ਅਨੁਵਾਦਤ ਰਚਨਾ ਹੈ ਕਾਵਿ ਰੂਪ ਵਿਚ ਬੰਨ੍ਹਣ ਲਈ ਕਵੀ ਨੇ ਘਟਨਾਵਾਂ ਨੂੰ ਸਿਲਸਿਲੇਵਾਰ ਪੇਸ਼ ਕਰਕੇ ਰਚਨਾ ਨੂੰ ਰੋਚਕ ਬਣਾਇਆ। ਛੰਦਾਬੰਦੀ ਇਨੇ ਵਧੀਆ ਢੰਗ ਨਾਲ ਕੀਤੀ ਹੈ ਕਿ ਪਾਠਕ ਇਸ ਨੂੰ ਪੜ੍ਹਦਿਆਂ ਕਿਤੇ ਰੁਕਦਾ ਨਹੀਂ। ਸ਼ਬਦਾਂ ਦੀ ਚੋਣ ਕਰਨ ਵਿਚ ਕਵੀ ਦੇ ਗੂੜ੍ਹ ਗਿਆਨ ਦੀ ਪੁਸ਼ਟੀ ਹੁੰਦੀ ਹੈ। ਭਾਸ਼ਾ ਸਰਲ ਤੇ ਰੋਚਕ ਹੈ। ਇਸ ਰਚਨਾ ਵਿਚ, ਸ਼ਿੰਗਾਰ ਰਸ, ਵੈਰਾਗ ਰਸ, ਰੌਦਰ ਰਸ, ਤੋਂ ਬਿਨਾਂ ਵਾਤਸਲ ਰਸ ਨਾਲ ਭਰਪੂਰ ਹੈ।

ਭਾਵੇਂ ਇਹ ਰਚਨਾ ਅਨੁਵਾਦ ਕੀਤੀ ਹੈ, ਪਰ ਅਨੁਵਾਦ ਕਰਨਾ ਵੀ ਇਕ ਕਲਾ ਹੈ। ਕਵੀ ਨੇ ਇਹ ਕਿਰਤ ਪੰਜਾਬੀ ਸਾਹਿਤ ਦੇ ਕੇ ਉਸ ਵਿਚ ਵਾਧਾ ਕੀਤਾ ਹੈ। ਮਾਸਟਰ ਜੀ ਵਧਾਈ ਦੇ ਹੱਕਦਾਰ ਹਨ। ਇਹ ਰਚਨਾ ਪੰਜਾਬੀ ਸਾਹਿਤ ਦੀ ਧਰੋਹਰ ਹੈ। ਇਸ ਨੂੰ ਸਾਂਭਣਾ ਜ਼ਰੂਰੀ ਹੈ।

# ਪ੍ਰਤੀਕਿਰਿਆ

ਮਈ ੨੦੧੩ ਦਾ 'ਵਰਿਆਮ' ਮਿਲ ਗਿਆ ਹੈ। ਧੰਨਵਾਦ! ਵਰਿਆਮ ਸੰਧੂ ਦੀ ਸਵੈ-ਜੀਵਨੀ 'ਗੁਫ਼ਾ ਵਿਚਲੀ ਉਡਾਣ' ਬਾਰੇ ਰਘਬੀਰ ਸਿੰਘ ਸਿਰਜਣਾ ਦੀ ਟਿੱਪਣੀ ਕਿ ਸੰਧੂ "ਸ਼ੁਧ ਸਾਹਿਤਕਾਰ" ਦੇ ਘੇਰੇ ਵਿਚ ਨਾ ਰਹਿ ਕੇ ਸਾਹਿਤ ਦੇ ਸਮਾਜਕ ਸਰੋਕਾਰਾਂ ਵਿਚ ਪ੍ਰਵੇਸ਼ ਕਰਨ ਦਾ ਹਾਮੀ ਹੈ, ਬੜੀ ਹੀ ਸਾਰਥਕ ਟਿੱਪਣੀ ਹੈ। ਮੇਰਾ ਮੰਨਣਾ ਹੈ ਕਿ ਸਵੈ-ਜੀਵਨੀਕਾਰ ਕੋਲ ਜੀਵਨ ਦਾ ਇਕ ਬਹੁ-ਦਿਸ਼ਾਵੀ, ਬਹੁ-ਪਰਤੀ ਅਨੁਭਵ ਹੋਣ ਦੇ ਨਾਲ-ਨਾਲ ਇਕ ਵਧੀਆ ਕਥਾਕਾਰ (Story Teller) ਦੀ ਕਲਾ ਵੀ ਹੋਣੀ ਚਾਹੀਦੀ ਹੈ ਜੋ ਵਰਿਆਮ ਸੰਧੂ ਕੋਲ ਹੈ। ਵਧੀਆ ਰੀਵਿਊ ਕਰਨ ਲੱਗਿਆ ਜਦੋਂ ਰਘਬੀਰ ਵਰਿਆਮ ਸੰਧੂ ਦੀ ਸਮਕਾਲੀਆਂ ਨਾਲ ਤੁਲਨਾ ਕਰਦਾ ਹੈ ਤਾਂ ਕਈ ਥਾਂ ਉਤੇ ਉਹ ਦੂਜਿਆਂ ਪ੍ਰਤੀ 'ਚਿੜ੍ਹ' (ਪੂਰਵ ਮਿਥਿਤ ਧਾਰਨਾ) ਦਾ ਭਾਗੀ ਹੋ ਜਾਂਦਾ ਹੈ। ਸਿਧਾਂਤਕ ਵਿਰੋਧ ਚਿੜ੍ਹ ਕੇ ਨਹੀਂ ਕੀਤਾ ਜਾਂਦਾ ਚਾਹੀਦਾ। ਐਤਕਾਂ ਦੇ ਵਰਿਆਮ ਦਾ ਕਵਿਤਾ ਭਾਗ ਬਹੁਤ ਮਿਆਰੀ ਹੈ।

ਪਰਚਾ 'ਵਰਿਆਮ' ਨਿਰੰਤਰ ਮਿਲ ਰਿਹਾ ਹੈ। ਧੰਨਵਾਦ! ਤਾਰਾ ਸਿੰਘ ਅਨਜਾਣ ਹੁਰਾਂ ਦੁਆਰਾ ਲਿਖੀ 'ਸਤਿਗੁਰ ਰਾਮ ਸਿੰਘ ਅਤੇ ਕੂਕਾ ਲਹਿਰ' ਪੁਸਤਕ ਦਾ ਅੰਗਰੇਜ਼ੀ ਰੂਪ ਪ੍ਰਕਾਸ਼ਤ ਹੋਣ ਦੀ ਜਾਣਕਾਰੀ ਪ੍ਰਾਪਤ ਕਰਕੇ ਖੁਸ਼ੀ ਹੋਈ। ਮੇਰਾ ਉਨ੍ਹਾਂ ਦੀ ਵਿਦਵਾਨ ਸ਼ਖਸੀਅਤ ਨਾਲ ਵਾਅਹ 'ਚਿੱਟੇ ਕਾਂ' ਮਾਸਿਕ ਅਤੇ 'ਪੂਜਾ' ਤ੍ਰੈਮਾਸਿਕ ਸਾਹਿਤਕ ਪਤਰਾਂ ਦੁਆਰਾ ਪਿਆ। ਮੇਰੀਆਂ ਕਈ ਕਹਾਣੀਆਂ ਇਨ੍ਹਾਂ ਪਰਚਿਆਂ ਵਿਚ ਪ੍ਰਕਾਸ਼ਤ ਹੋਈਆਂ। ਅਨਜਾਣ ਜੀ ਦਾ ਬਹੁਤ ਪਿਆਰਾ ੧੧-੪-੧੯੬੭ ਨੂੰ ਭਿਵਾਨੀ ਤੋਂ ਲਿਖਿਆ ਮੇਰੀਆਂ ਕਹਾਣੀਆਂ ਬਾਰੇ ਪੱਤਰ ਮੈਂ ਆਪਣੀ ਪੁਸਤਕ 'ਕਾਗਦਿ ਕੀਮਨਾ ਪਾਈ' ਵਿਚ ਇਕ ਯਾਦ ਵਜੋਂ ਪ੍ਰਕਾਸ਼ਤ ਕੀਤਾ ਹੈ।

ਵਰਿਆਮ ਸਿੰਘ ਸੰਧੂ ਦੀ ਸਵੈ-ਜੀਵਨੀ 'ਗੁਫਾ ਵਿਚਲੀ ਉਡਾਣ' ਦਾ ਰਘਬੀਰ ਸਿੰਘ ਸਿਰਜਣਾ ਦਾ ਲਿਖਿਆ ਮੁਖਬੰਦ ਪ੍ਰਕਾਸ਼ਤ ਕਰਕੇ ਤੁਸੀਂ ਚੰਗਾ ਕੀਤਾ। ਦਰਅਸਲ 'ਗੁਫਾ ਵਿਚਲੀ ਉਡਾਣ' ਦੇ ਮੇਟਾਫ਼ਰ ਨੂੰ ਖੋਹਲਿਆਂ ਸੰਧੂ ਦੀ ਇਸ ਸਵੈ-ਜੀਵਨੀ ਦਾ ਨਾਂ ਬਿਲਕੁਲ ਢੁਕਵਾਂ ਹੈ। ਸਵੈ-ਜੀਵਨੀ ਅੰਦਰੋਂ ਬਾਹਰ ਵਲ ਖੁੱਲ੍ਹਣ ਦੀ ਹੀ ਇਕ ਪ੍ਰਕਿਰਿਆ ਨੂੰ ਰੂਪਮਾਨ ਕਰਦੀ ਹੈ। ਇਸ ਸਾਹਿਤਕ-ਰੂਪ ਦਾ ਇਹੀ ਖਾਸਾ ਹੈ। ਡਾ. ਰਘਬੀਰ ਨੂੰ ਆਪਣੀ ਉਕਤੀ ਬਾਰੇ ਮੁੜ ਤੋਂ ਵਿਚਾਰਨਾ ਚਾਹੀਦਾ ਹੈ।

*ਤੁਹਾਡਾ ਹਿਤੂ*

*—ਤੇਜਵੰਤ ਸਿੰਘ ਮਾਨ (ਡਾ.)*

*ਸੰਗਰੂਰ*

## 'ਵਰਿਆਮ, ਅਪ੍ਰੈਲ ਦੀਆਂ ਗੱਲਾਂ, ਵਾਹ ਵਰਿਆਮ'

ਅੜਿਆ! ਤੈਨੂੰ ਕੇਹੜੀ ਕੇਹੜੀ ਗੱਲੋਂ 'ਵਾਹ ਵਰਿਆਮ' ਆਖਾਂ, ਇਕ 'ਵਾਹ ਵਰਿਆਮ' ਵੀ ਹੌਂਦੈ-ਓਹ ਨਹੀਂ।

ਸੰਪਾਦਕੀ 'ਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਬਾਰੇ ਨਵੀਂ ਜਾਣਕਾਰੀ, ਦਿਲਰੁਬਾ ਤੇ ਵਾਦਨ ਵਾਲੀ ਫੋਟੋ, ਦੁਬਾਰਾ

Namdhari Elibrary NamdhariElibrary@gmail.com

ਪ੍ਰਕਾਸ਼ਤ ਕਰਕੇ ਪੇਸ਼ਗੀ ਧੰਨਵਾਦ ਹਾਸਲ ਕਰੋ !

ਹੋਲੇ ਤੇ ਵੈਸਾਖੀ ਦਾ ਕਿਆ ਸੁਮੇਲ ਕੀਤਾ ਹੈ। ਵਿਰਕ ਨੂੰ ਵੀ ਵਾਹ ਆਖਣਾ ਪਏਗਾ, ਸਮੇਂ ਤੇ ਇਤਿਹਾਸ ਦੇ ਅਨੰਤ ਸਾਗਰੋਂ ਚੁਭੀਆਂ ਮਾਰ ਕੇ ਅਣਮੁੱਲ ਮੋਤੀ ਲੱਭ ਲਿਔਣੇ, ਕਿਸੇ ਵਿਰਲੇ ਟੋਭੇ ਦੇ ਹਿੱਸੇ ਔਂਦਾ ਹੈ।

ਲੌ ਜੀ ਇਕ ਹੋਰ ਵਾਹ ਵਰਿਆਮ। ਜਿਨੇਂ ਬਹੁਤ ਪੁਰਾਣੀ ਯਾਦ ਚੇਤੇ ਕਰਾ ਦਿੱਤੀ ਏ, ਜੇਹੜੀ ਪ੍ਰੀਤ ਮਿਲਣੀ ਦੀ ਗੱਲ ਕਰਦੇ ਨੇ। ਓਹਦੇ 'ਚ ਮੈਂ ਵੀ ਗਿਆ ਸਾਂ। ਜੁਝਾਰ ਬਾਰੇ ਕੁਝ ਰੌਲਾ ਜਿਹਾ ਸੁਣਿਆ ਸੀ। ਪਰ ਸਾਹਿਤਕ ਸੂਝੋਂ ਕੱਚਾ ਹੋਣ ਕਰ-ਪੂਰੀ ਸਮਝ ਨਹੀਂ ਸੀ ਆਈ। ਇਕ ਪਹਿਲੀ ਪ੍ਰੀਤਮਿਲਣੀ 'ਚ ਮੈਂ ਵੀ ਓਸੇ ਅਸਰ ਹੇਠ ਇਕ ਨਿੱਕੀ ਜਿਹੀ ਕਵਿਤਾ ਪੜ੍ਹੀ ਸੀ-

'ਰੇਲਵੇ ਬੁਕ ਸਟਾਲ ਤੋਂ ਲੈ ਕੇ ਇਕ ਦਿਨ ਪੜ੍ਹੀ ਪ੍ਰੀਤ ਦੀ ਲੜੀ,

ਅੱਖਾਂ ਦੇ ਰਾਹ ਅੰਮ੍ਰਿਤ ਵਾਂਗੂ ਪੋਲੇ ਪੈਰੀਂ ਦਿਲ ਵਿਚ ਵੜੀ।"

ਓਹਨਾਂ ਦਿਨਾਂ 'ਚ 'ਜੱਸ ਜੀਵਨ' ਪਹਿਲਾ ਭਾਗ ਪ੍ਰਕਾਸ਼ਤ ਕਰਾਣ ਦੇ ਕਾਰਨ ਤੇਜ ਪ੍ਰੈਸ ਕਟੜਾ ਸ਼ੇਰ ਸਿੰਘ, ਗੇੜੇ ਮਾਰਨਾ ਮੇਰਾ ਕੰਮ ਸੀ।

ਹਰਸ਼ਿੰਦਰ ਬੱਚੜੀ ਦੇ ਲੇਖ-ਦਿਲਾਂ ਨੂੰ ਝੰਜੋੜ ਕੇ ਰੁਆਣ ਅਤੇ ਸਮਝਾਣ ਦੀ ਤਾਕਤ ਨਾਲ ਭਰਪੂਰ ਹੋਂਦੇ ਨੇ। ਦਿਲ ਦਾ ਦਰਵਾਜ਼ਾ ਪਿਆਰੀ ਤੱਕਣੀ ਤੇ ਨਿਰਛਲ ਮਿੱਠੇ ਬੋਲਾਂ ਨਾਲ ਵੀ ਖੋਲਿਆ ਜਾ ਸਕਦਾ ਏ। ਸ਼ਾਲਾ ਇਵੇਂ ਈ ਸਦਾ ਲਿਖਦੀ ਰਹੇ।

ਪਿਆਰ ਬਾਰੇ ਫ਼ਰੀਦ-ਕਬੀਰ, ਵਾਰਿਸ-ਹਾਸ਼ਮ-ਸਿਰੇ ਦੀਆਂ ਗੱਲਾਂ ਕਰ ਗਏ ਨੇ।

ਬਹੁਤ ਪਹਿਲਾਂ ਮੈਨੂੰ ਇਕ ਹਰੀਜਨ ਮਿੱਤਰ ਨਾਲ ਪਰਲੀਕੇ ਜਾਣ ਦਾ ਮੌਕਾ ਮਿਲਿਆ। ਕੋਈ ਝਗੜੇ ਝਾਂਜੇ ਵਾਲਾ ਮਸਲਾ ਸੀ। ਨਾਲੇ ਮੈਂ ਓਦੋਂ ਨਿਰਾ ਕਿਸਾਨ- ਹਲਵਾਹਕ ਹੀ ਸਾਂ। ਲਿਖਣ ਤੋਂ ਪਹਿਲਾਂ ਦੀਆਂ ਗੱਲਾਂ ਨੇ। ਚਲੋ ਜੇ ਦੋ ਵਰਿਆਮ ਨੇ ਤਾਂ ਕਿਸਾਨ ਵੀ ਦੋ ਹੋ ਗਏ, ਪਰ ਇਹ ਕਿਸਾਨ ਤਾਂ ਬੜੀ ਦੂਰ ਦੀ ਕੌਡੀ ਖੇਡ ਰਿਹੈ। 'ਆ ਬਹਿ ਗੱਲਾਂ ਕਰੀਏ 'ਚ ਇਹਨੇ ਮੇਰੀ ਚਲੀ ਗਈ ਸਾਥਣ ਦਾ ਹੇਰਵਾ ਜਗਾ ਦਿੱਤੈ। ਕਿਸੇ ਵੇਲੇ ਕੁਝ ਲਿਖਣਾ ਪੈ ਸਕਦੈ।

ਗੈਲਰੀ ਸ਼ਹੀਦਾਂ, ਬਾਰੇ ਏਨੀਓਂ ਗੱਲ ਕੇ ਇਸ ਨਾਵਲ ਦੀ ਕਾਪੀ ਵੀ.ਪੀ.ਕਰਨ ਦੀ ਖੇਚਲ ਕਰੋ।

ਗ਼ਾਲਿਬ ਦੀਆਂ ਗੱਲਾਂ 'ਚੋਂ ਪਹਿਲੀ ਹੀ ਪਸੰਦ ਆਈ ਏ-

'ਮੀਠਾ ਹੋ ਔਰ ਬਹੁਤ ਹੋ,

ਅਗੇ ਆਪ ਸਮਝਦਾਰ ਹੋ।

ਅਜ਼ੀਰ ਤੇ ਮਾਧੋਪੁਰੀ ਵਲੋਂ ਜੀਵਨ ਜੁਗਤਾਂ ਦੇ ਰੀਵੀਊ ਦੀ ਧੰਨਵਾਦ ਸਹਿਤ ਸੋਧ ਕਰਨ ਦੀ ਖਿਮਾ ਚਾਹਾਂਗਾ। ਮੇਰੇ ਬੱਚੇ ਤਿੰਨ ਹਨ। ਅਤੇ ਸਾਲ ਬਾਦ ਅੱਸੂ ਮੇਲੇ ਮਗਰੋਂ ਬਿਸਤਰਾ ਬੋਰੀਆ ਅਗਲਾ ਬੱਚਾ ਚੁੱਕ ਲਿਜਾਂਦਾ ਹੈ।

ਇਹ ਤਾਂ ਪਰਮੇਸ਼ਰ ਹੀ ਜਾਣਦਾ ਹੈ ਕਿ ਏਹ 'ਡੇਰਾ ਬਦਲੀ' ਕਿੰਨਾ ਚਿਰ ਚੱਲਣੀ ਹੈ ਤੇ ਕਿੱਥੇ ਆਹ ਲੈ, ਹੋ ਜਾਣੀ ਏ। ਪੱਕਾ ਡੇਰਾ ਤਾਂ ਮਾਨ ਧਾਤਾ ਦਾ ਵੀ ਨਹੀਂ ਰਿਹਾ।

*—ਸਾਧੂ ਸਿੰਘ ਕਿਸਾਨ*

*ਵੀ. ਪੀ. ਓ ਝੁਰੜਆੜੀ*

*ਸਿਰਸਾ-੧੨੫੧੦੨ (ਹਰਿਆਣਾ)*

ਵਰਿਆਮ ਦੇ ਮਈ ਅੰਕ ਵਿਚ ਅਮਰੀਕ ਸਿੰਘ ਸ਼ੇਰ ਖਾਂ ਦਾ ਲਿਖਿਆ ਮੋਨੋਗ੍ਰਾਫ, ਗਰੀਬਾਂ ਦਾ ਮਸੀਹਾ ਸ. ਹਰਦੇਵ ਸਿੰਘ ਯੂ. ਕੇ. ਪੜ੍ਹ ਕੇ ਖੁਸ਼ੀ ਵੀ ਹੋਈ ਤੇ ਹੈਰਾਨੀ ਵੀ। ਬਦੇਸ਼ੀ ਡਾਲਰਾਂ ਪੌਂਡਾਂ ਨੂੰ ਰੁਪਈਆਂ ਵਿਚ ਏਕ ਕੇ ਪਚਾਸ ਏਕ ਪਚੱਤਰ ਕਹਿੰਦੇ ਗਿਣਦੇ ਕਈ ਸੁਣੇ ਸਨ। ਸਮਾਜ ਦੇ ਸਾਰੇ ਵੇਰਵਿਆਂ ਵਿਚੋਂ ਸਿਕਲੀਗਰਾਂ ਨੂੰ ਮਕਾਨ ਬਣਾ ਕੇ ਦੇਣ ਨਾਲ ਮਹਾਰਾਣਾ ਪ੍ਰਤਾਪ ਦੀ ਆਤਮਾ ਨੂੰ ਮਹਾਨ ਸ਼ਾਂਤੀ ਮਿਲੀ ਹੋਏਗੀ। ਹਲਦੀ ਘਾਟੀ ਦੀ ਜੰਗ ਹਾਰ ਕੇ ਉਸ ਨਾਲ ਦਰ ਬਦਰ ਹੋਣ ਵਾਲੇ ਸੂਰਮਿਆਂ ਦੀ ਸੰਤਾਨ ਹਨ ਇਹ ਗਾਡੀ ਲੁਹਾਰ। ਸ਼ਸਤ੍ਰ ਚਾਲਣ ਵਿਚ ਮਾਹਿਰ ਰਾਜਪੂਤ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਦਰਬਾਰ ਦੇ ਕੁਸ਼ਲ ਸ਼ਸਤ੍ਰ ਨਿਰਮਾਤਾ ਬਣ ਕੇ ਗੁਰੂ ਸ਼ਰਣਾਗਤ ਹੀ ਬਣੇ ਸਨ। ਸਮਾਂ ਪਾ ਕੇ ਪੁਰਾਣੇ ਡਰਮਾਂ ਦੀਆਂ ਕੜਾਹੀਆਂ-ਖੋਚੀਆਂ ਆਦਿਕ ਬਣਾ ਕੇ ਕਕਰਾਂ ਵਿਚ ਵਿਚਰਨਾ ਤੇ ਰੱਬ ਦਾ ਸ਼ੁਕਰ ਕਰਨ ਦੇ ਜੀਵਨ ਨਾਲ ਚੇਤੇ ਆਈ ਬਾਬਾ ਫਰੀਦ ਦੀ ਬਾਣੀ—

ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿਨ੍ਹਾਂ ਬਵਾਸੁ

ਕਕਰ ਚੁਗਣ ਥਲਿ ਵਸਨਿ ਰਬ ਨਾ ਛੋਡਨਿ ਪਾਸ॥

ਯੂਰੋਪ ਵਿਚ ਘੁਮਕੜ-ਰੋਮਾ-ਲੋਕਾਂ ਨੂੰ ਤਾਂ ਕਈ ਮੁਲਕਾਂ ਨੇ ਸਦੀਆਂ ਦੇ ਘੁਮਕੜਾਂ ਨੂੰ ਨਾਗਰਿਕਤਾ ਵੀ ਨਾ ਦਿੱਤੀ। ਹੁਣ ਬਸੇਰੇ ਮਿਲ ਜਾਣ ਤੋਂ ਬਾਦ ਇਹ ਲੋਕੀ ਰਾਜਨੀਤਕਾਂ ਦੇ ਵੋਟ ਬੈਂਕ ਦਾ ਹਿੱਸਾ ਜ਼ਰੂਰ ਬਣ ਜਾਣਗੇ ਅਤੇ ਨਾਗਰਿਕਤਾ ਦਾ ਅਹਿਸਾਸ ਵੀ ਮਹਿਸੂਸ ਕਰਨਗੇ। ਅਨੇਕ ਸਿਕਲੀਗਰ ਗੁਰੂ ਘਰ ਮੰਨਦੇ ਸੁਣੇ ਗਏ ਹਨ।

ਪੁਨ : ਮਈ ਅੰਕ ਵਿਚ ਛਪੀ ਪ੍ਰਤਿਕਿਰਿਆ ਵਿਚ ਨਾਮਧਾਰੀ ਛਪਿਆ ਹੈ। ਵੈਸੇ ਸਾਡੀ ਸੰਪ੍ਰਦਾ ਨਾ ਨਾਮ ਨੇਹਕਲੰਕ ਨਾਮਧਾਰੀ-ਇਸ ਤੇ ਸਵਾਮੀ ਨੇ ਦਿੱਤਾ ਹੈ।

*—ਕਰਤਾਰ ਸਿੰਘ ਨੀਲਧਾਰੀ*

*ਮੋਬ—੯੮੮੮੨੧੩੩੬੦, ੯੪੧੭੧੪੩੩੬੬*

Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

**ਚਮਕਦਾਰ ਅਤੇ ਪੱਕੇ ਰੰਗਾਂ ਵਾਲੇ**

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

# ਨਾਮਧਾਰੀ ਸੇਲਜ਼

10240/54 ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ-110006

**Furshi Durries & Carpets**

in Bright & Fast Colours

**Manufacturers :**

# Namdhari Sales

**10240/54 Library Road, Azad Market, Delhi-110005**

**Phone Office : 011-23516689, 911-23614784**

**Mobile Phone :** S. Charanjit Singh 98105-56398
S. Satvinder Singh 98116-55210



BBL FOODS PVT. LTD.

## India's Larget Second Hand Food Machines Dealer Cum Rebuilder

**750kgs Potato Chips Line**

**List of the projects, consultation and machines:**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11. Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.



*We arrange complete machines, manpower and training receipes with formulation*

**BBL FOODS (P) LTD.**

*SANTOSH NAGAR X ROADS, HYDERABAD- 5000059, INDIA*
*Tel : +91 40 24530680, Mobile : 91 98480-50607/ +91 98483 99702*
*e-mail:lakbir.mutchall@gmail.com*
*www.bblfoods.com www.mutchall.com*



BBL FOODS PVT. LTD.

## India's Larget Second Hand Food Machines Dealer Cum Rebuilder

**750kgs Potato Chips Line**

**Biscuit Plant & Equipment**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11 Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

*We arrange complete machines, manpower and training receipes with formulation*

**BBL FOODS (P) LTD.**

*SANTOSH NAGAR X ROADS, HYDERABAD- 5000059, INDIA*
*Tel : +91 40 24530680, Mobile : 91 98480-50607/ +91 98483 99702*
*e-mail:lakbir.mutchall@gmail.com*
*www.bblfoods.com www.mutchall.com*

Namdhari Elibrary NamdhariElibrary@gmail.com



ਬਸੰਤ ਮੇਲੇ ਦੇ ਸਬੰਧ ਵਿਚ ਪਿਛਲੇ ਦਿਨੀਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਅਤੇ ਸ੍ਰੀ ਮਾਤਾ ਚੰਦ ਕੌਰ ਜੀ ਸਿੱਖ ਸੇਵਕਾਂ ਸਹਿਤ ਜਲੰਧਰ ਸ਼ਹਿਰ ਪਧਾਰੇ ਅਤੇ ਲੰਗਰ-ਡੇਰਾ ਸ.ਚ ਨਿਰਮਲ ਸਿੰਘ ਸਟੋਰੇਕਸ ਬੇਟਰੀਜ਼ ਵਾਲਿਆਂ ਨਿਵਾਸ ਤੇ ਕੀਤਾ। ਤਸਵੀਰ ਵਿਚ ਸ. ਨਿਰਮਲ ਸਿੰਘ ਪਰਿਵਾਰ ਸਹਿਤ ਗੁਰੂ-ਚਰਨਾਂ ਵਿਚ ਹਾਜ਼ਰੀਆਂ ਭਰ ਰਹੇ ਹਨ। ਸੰਤ ਬਲਦੇਵ ਸਿੰਘ ਕਾਕੂ (ਖੜੇ) ਵੀ ਦਰਸ਼ਨ ਕਰ ਰਹੇ ਹਨ।




ਪਿਛਲੇ ਦਿਨੀਂ ਜਲੰਧਰ ਦੇ ਪ੍ਰੈੱਸ ਕਲੱਬ ਵਿਚ ਪ੍ਰਸਿੱਧ ਲੇਖਿਕਾ ਡਾ: ਹਰਸ਼ਿੰਦਰ ਕੌਰ ਦੀ ਪੁਸਤਕ "ਡਾਕਟਰ ਦੀ ਨਿਜੀ ਡਾਇਰੀ" ਦਾ ਵਿਮੋਚਨ ਕੀਤਾ ਗਿਆ। ਇਸ ਅਵਸਰ ਦੀ ਤਸਵੀਰ ਵਿਚ ਦਿਸ ਰਹੇ ਹਨ ਖੱਬੇ ਤੋਂ ਸ. ਸਜਨ ਸਿੰਘ ਚੀਮਾ ਐਸ.ਐਸ.ਪੀ. ਵਿਜੀਲੈਂਸ, ਪ੍ਰਸਿੱਧ ਪੱਤਰਕਾਰ ਜਤਿੰਦਰ ਪਨੂੰ, ਡਾ. ਹਰਸ਼ਿੰਦਰ ਕੌਰ, ਰਾਜ ਗਾਇਕ ਹੰਸ ਰਾਜ ਹੰਸ, ਪਦਮ ਸ੍ਰੀ ਸੁਰਜੀਤ ਪਾਤਰ ਜੀ ਅਤੇ ਸ੍ਰੀ ਦੀਪਕ ਬਾਲੀ ਜੀ।

Namdhari Elibrary NamdhariElibrary@gmail.com